

# ਸਤਿਗੁਰ ਕੀ ਸੇਵਾ ਊਤਮ ਹੈ



ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'
ਦੇ ਚੋਣਵੇਂ ਲੈਕਚਰ

੧ੴ ਸਤਿਗੁਰ ਪ੍ਰਸਾਦਿ ॥

# ਸਤਿਗੁਰ ਕੀ ਸੇਵਾ ਊਤਮ ਹੈ

ਭਾਈ ਪਿੰਦਰਪਾਲ ਸਿੰਘ ਜੀ 'ਕਥਾਵਾਚਕ'

ਦੇ

ਚੋਣਵੇਂ ਲੈਕਚਰ

ਸੰਪਾਦਕ-

ਭਾਈ ਪਰਮਜੀਤ ਸਿੰਘ ਖਾਲਸਾ

ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ (ਮਹਿਤਾ)

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਪ੍ਰਕਾਸ਼ਕ

ISBN : 81-7601-897-X

ਪਹਿਲੀ ਐਡੀਸ਼ਨ — ਫਰਵਰੀ 2008

ਭੇਟਾ : 80-00

ਪ੍ਰਕਾਸ਼ਕ:-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ/ਫੈਕਸ : 91-183-2542346, 2547974, 2557973

E.Mail : csjs@vsnl.com, csjsexports@vsnl.com
csjssales@hotmail.com

Web site : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਤਤਕਰਾ


| | |
|---|---|
| ਸਤਿਗੁਰ ਕੀ ਸੇਵਾ ਉਤਮ ਹੈ (638) | 9 |
| ਮਨਮੁਖਿ ਜਨਮੁ ਗਵਾਇਆ (854) | 19 |
| ਸਾਜਨ ਆਇ ਵੁਠੇ ਘਰ ਮਾਹੀ (767) | 30 |
| ਕਿਸੁ ਹਉ ਜਾਚੀ ਕਿਸੁ ਆਰਾਧੀ ( ) | 41 |
| ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ (757) | 52 |
| ਹਮ ਪਾਪੀ ਤੁਮ ਪਾਪ ਖੰਡਨ (613) | 63 |
| ਹਉ ਪਾਪੀ ਵਡ ਗੁਨਹਗਾਰੁ (1416) | 75 |
| ਈਹਾ ਊਹਾ ਤੁਹਾਰੋ ਧੋਰਾ (613) | 86 |
| ਹਰਿ ਅੰਮ੍ਰਿਤੁ ਹਰਿ ਜਲੁ ਪਾਇਆ (731) | 97 |
| ਹਰਿ ਜਪੇ ਹਰਿ ਮੰਦਰੁ ਸਾਜਿਆ (781) | 107 |
| ਗੁਰਮੁਖਿ ਬ੍ਰਹਮ ਬੀਚਾਰੁ (786) | 118 |


☆☆☆

*ਲੇਖਕ ਦੀਆਂ ਹੋਰ ਪੁਸਤਕਾਂ :*

1. ਦਰਸ਼ਨਾ ਦੀ ਜੁਗਤਿ
2. ਗੁਰਮੁਖਾ ਕੇ ਮੁਖ ਉਜਲੇ
3. ਮਾਣਸੁ ਜਨਮੁ ਅਮੋਲੁ ਹੈ
4. ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
5. ਮਹਿਮਾ ਸਾਧੂ ਸੰਗ ਕੀ
6. ਮਾਇਆ ਮੋਹੁ ਦੁਖੁ ਸਾਗਰੁ ਹੈ
7. ਗੁਰੁ ਪਰਮੇਸੁਰੁ ਪੂਜੀਐ
8. ਸਤਿਗੁਰ ਕੀ ਸੇਵਾ ਉਤਮ ਹੈ

ੴ ਸਤਿਗੁਰ ਪ੍ਰਸਾਦਿ

॥ ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

॥ਹਰਿ ਸਚੇ ਤਖ਼ਤ ਰਚਾਇਆ॥

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ॥ ਪਟਨਾ ਗੁਰੂ ਕਾ ਘਰ ਹੈ ॥ (ਹੁਕਮਨਾਮਾ ਪਾ.:੯)

ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ
ਜੱਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ,ਪਟਨਾ ਸਾਹਿਬ,
ਪਟਨਾ-੮੦੦੦੦੮, ਬਿਹਾਰ (ਭਾਰਤ).

SINGH SAHIB GIANI IQBAL SINGH
Jathedar, Takhat Sri Harimandir Ji, Patna Sahib,
Patna-800008,Bihar (India)

Dated........ .......

## ਸ਼ਲਾਘਾਯੋਗ ਉਪਰਾਲਾ

ਭਾਈ ਪਿੰਦਰਪਾਲ ਸਿੰਘ ਜੀ ਇਸ ਸਮੇਂ ਦੇ ਪ੍ਰਸਿੱਧ ਵਿਦਵਾਨ ਅਤੇ ਕਥਾ ਵਾਚਕ ਹਨ। ਅੱਜ ਹਰ ਵਿਅਕਤੀ ਉਨ੍ਹਾਂ ਦੀ ਕਥਾ ਸੁਣ ਕੇ ਗੁਰੂ ਘਰ ਨਾਲ ਜੁੜਦਾ ਹੈ। ਭਾਈ ਪਰਮਜੀਤ ਸਿੰਘ ਖਾਲਸਾ ਨੇ ਉਨ੍ਹਾਂ ਦੇ ਲੈਕਚਰਾਂ ਨੂੰ ਪੰਜਾਬੀ ਰੂਪ ਦੇ ਕੇ ਬੜਾ ਸ਼ਲਾਘਾਯੋਗ ਕਾਰਜ ਕੀਤਾ ਹੈ। ਸਾਨੂੰ ਪਤਾ ਹੈ ਕਿ ਟੇਪਾਂ ਤੋਂ ਪੰਜਾਬੀ ਉਤਾਰਾ ਕਰਨਾ ਕੋਈ ਸੌਖਾ ਕੰਮ ਨਹੀਂ। ਭਾਈ ਪਰਮਜੀਤ ਸਿੰਘ ਜੀ ਖਾਲਸਾ ਨੇ ਇਸ ਪਾਸੇ ਵੱਡਾ ਉੱਦਮ ਕੀਤਾ ਹੈ। ਇਸ ਤੋਂ ਪਹਿਲਾਂ ਭਾਈ ਚਤਰ ਸਿੰਘ ਜੀਵਨ ਸਿੰਘ ਦੀ ਫਰਮ ਨੇ ਗਿਆਨੀ ਸੰਤ ਸਿੰਘ ਮਸਕੀਨ ਦੀਆਂ ਕਈ ਕੈਸਟਾਂ ਦੇ ਪੰਜਾਬੀ ਉਤਾਰੇ ਕਰਵਾਏ ਹਨ। ਭਾਈ ਪਿੰਦਰਪਾਲ ਸਿੰਘ ਬੜੀ ਚੜ੍ਹਦੀ ਕਲਾ ਵਾਲੇ ਬੁਲਾਰੇ ਹਨ, ਉਨ੍ਹਾਂ ਦੀਆਂ ਕੈਸਟਾਂ ਨੂੰ ਪੰਜਾਬੀ ਰੂਪ ਦੇਣਾ ਵੱਡਾ ਸ਼ਲਾਘਾ ਯੋਗ ਕਾਰਜ ਹੈ। ਭਾਈ ਪਰਮਜੀਤ ਸਿੰਘ ਖਾਲਸਾ ਨੇ ਗਿਆਰ੍ਹਾਂ ਲੈਕਚਰਾਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਨ੍ਹਾਂ ਕਥਾਵਾਂ ਵਿਚ ਸਤਿਗੁਰ ਕੀ ਸੇਵਾ ਉਤਮ ਹੈ, ਮਨਮੁਖਿ ਜਨਮੁ ਗਵਾਇਆ, ਸਾਜਨ ਆਇ ਵੁਠੇ ਘਰ ਮਾਹੀ, ਕਿਸੁ ਹਉ ਜਾਚੀ ਕਿਸੁ ਆਰਾਧੀ, ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ, ਹਮ ਪਾਪੀ ਤੁਮ ਪਾਪ ਖੰਡਨ, ਹਉ ਪਾਪੀ ਵਡ ਗੁਨਹਗਾਰੁ, ਈਹਾ ਊਹਾ ਤੁਹਾਰੋ ਧੋਰਾ, ਹਰਿ ਅੰਮ੍ਰਿਤੁ ਹਰਿ ਜਲੁ ਪਾਇਆ, ਹਰਿ ਜਪੇ ਹਰਿ ਮੰਦਰੁ ਸਾਜਿਆ, ਗੁਰਮੁਖਿ ਬ੍ਰਹਮ ਬੀਚਾਰੁ ਆਦਿ ਦਰਜ ਹਨ।

ਸਿੰਘ ਸਾਹਿਬ

ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ

# ਆਮੁਖ

ਭਾਈ ਪਰਮਜੀਤ ਸਿੰਘ ਖਾਲਸਾ ਨੇ ਮੇਰੇ ਕੁਝ ਲੈਕਚਰਾਂ ਨੂੰ ਟੇਪਾਂ ਤੋਂ ਕਲਮਬੰਦ ਕੀਤਾ ਹੈ, ਇਸ ਲਈ ਮੈਂ ਉਨ੍ਹਾਂ ਦਾ ਬਹੁਤ ਅਭਾਰੀ ਹਾਂ। ਇਕ ਟੇਪ ਤੋਂ ਲੈਕਚਰ ਜਿਉਂ ਦਾ ਤਿਉਂ ਲਿਖ ਲੈਣਾ ਕੋਈ ਸੌਖੀ ਗੱਲ ਨਹੀਂ ਹੈ, ਪਰ ਮੈਂ ਉਨ੍ਹਾਂ ਦੇ ਖਰੜੇ ਨੂੰ ਪੜ੍ਹ ਕੇ ਵੇਖਿਆ ਹੈ ਕਿ ਉਹ ਇਸ ਕਾਰਜ ਵਿਚ ਪੂਰੇ ਸਫਲ ਰਹੇ ਹਨ। ਇਸ ਵਿਚ ਸਭ ਤੋਂ ਵੱਡਾ ਤੱਥ ਇਹ ਹੈ ਕਿ ਭਾਈ ਪਰਮਜੀਤ ਸਿੰਘ ਖਾਲਸਾ ਆਪ ਵੀ ਗੁਰਬਾਣੀ ਦੇ ਰੰਗ ਵਿਚ ਰੰਗੇ ਹੋਏ ਹਨ। ਇਸ ਲਈ ਮੇਰੇ ਲੈਕਚਰਾਂ ਨੂੰ ਕਲਮਬੰਦ ਕਰਨ ਵਿਚ ਉਨ੍ਹਾਂ ਨੂੰ ਬਹੁਤੀ ਕਠਿਨਾਈ ਨਹੀਂ ਆਈ ਹੋਵੇਗੀ। ਮੈਂ ਉਨ੍ਹਾਂ ਦੇ ਖਰੜੇ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਤੇ ਉਸ ਵਿਚੋਂ ਬਹੁਤ ਘੱਟ ਗ਼ਲਤੀਆਂ ਮਿਲੀਆਂ ਹਨ। ਜਿਹੜਾ ਮਨੁੱਖ ਵੀ ਤਨੋਂ ਮਨੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰ ਦੀ ਹਉਮੈ ਦੂਰ ਹੋ ਜਾਂਦੀ ਹੈ ਤੇ ਉਹ ਗੁਰਬਾਣੀ ਦੇ ਰੰਗ ਵਿਚ ਰੰਗਿਆ ਅਭੁੱਲ ਹੁੰਦਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਵਿਚ ਜਿੱਥੇ ਜਗਿਆਸੂ ਆਪਣੇ ਗੁਰੂ ਤੋਂ ਬਾਰ-ਬਾਰ ਕੁਰਬਾਨ ਜਾਂਦਾ ਹੈ, ਓਥੇ ਸਤਿਗੁਰੂ ਆਪਣੇ ਸਿੱਖ ਤੋਂ ਬਾਰ-ਬਾਰ ਬਲਿਹਾਰਨੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਇਕ ਅੰਮ੍ਰਿਤ ਬਚਨ ਹੈ ਕਿ ਆਮ ਤੌਰ ਤੇ ਅਸੀਂ ਰੂਹਾਨੀਅਤ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਮਤਿ ਵਿਚੋਂ ਚਾਰ-ਪੰਜ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਕਿਸੇ ਲਈ ਇਹ ਸ਼ਬਦ ਵਰਤਦੇ ਹਾਂ ਕਿ ਇਹ ਮਹਾਨ ਸੰਤ ਹੈ। ਕਿਸੇ ਲਈ ਸ਼ਬਦ ਵਰਤਦੇ ਹਾਂ ਕਿ ਇਹ ਅਸਲ ਵਿਚ ਰੱਬ ਦਾ ਪਿਆਰਾ ਭਗਤ ਹੈ। ਕਿਸੇ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਸ਼ਬਦ ਪੜ੍ਹਦੇ ਹਾਂ ਕਿ ਇਹ ਪੂਰਨ ਸਾਧ ਹੈ। ਕਿਸੇ ਲਈ ਪੜ੍ਹਦੇ ਹਾਂ ਕਿ ਇਹ ਤਾਂ ਗੁਰਮੁਖ ਹੈ। ਪੰਜਵਾਂ ਸ਼ਬਦ ਅਸੀਂ ਪੜ੍ਹਦੇ ਹਾਂ ਕਿ ਇਹ ਇਕ ਮਹਾਨ ਗੁਰੂ ਦਾ ਸਿੱਖ ਹੈ। ਭਾਈ ਪਰਮਜੀਤ ਸਿੰਘ ਖਾਲਸਾ ਜੀ ਜਿਨ੍ਹਾਂ ਨੇ ਏਨੀ ਲਗਨ ਅਤੇ ਪਿਆਰ ਨਾਲ ਮੇਰੇ ਲੈਕਚਰਾਂ ਨੂੰ ਕਲਮਬੰਦ ਕੀਤਾ ਹੈ, ਉਨ੍ਹਾਂ ਵਾਸਤੇ ਵੀ ਮੇਰਾ ਇਕੋ ਇਕ ਸ਼ਬਦ ਹੈ ਕਿ ਭਾਈ ਪਰਮਜੀਤ ਸਿੰਘ ਜੀ ਖਾਲਸਾ ਇਕ ਮਹਾਨ ਗੁਰੂ ਦਾ ਸਿੱਖ ਹੈ।

— ਭਾਈ ਪਿੰਦਰਪਾਲ ਸਿੰਘ
'ਕਥਾਵਾਚਕ'

# ਦੋ ਸ਼ਬਦ

ਭਾਈ ਪਿੰਦਰਪਾਲ ਸਿੰਘ ਜੀ ਇਕ ਉੱਚ ਕੋਟੀ ਦੇ ਵਿਦਵਾਨ ਅਤੇ ਕਥਾ ਵਾਚਕ ਹਨ। ਉਨ੍ਹਾਂ ਦੀ ਵਿਦਵਤਾ ਉਨ੍ਹਾਂ ਦੇ ਮੁਖ ਵਿਚ ਫੁੱਲਾਂ ਵਾਂਗ ਝੜਦੀ ਹੈ। ਜਦ ਉਹ ਬੋਲਦੇ ਹਨ ਤਾਂ ਉਨ੍ਹਾਂ ਦੀ ਬੋਲਣ ਗਤੀ ਕਦੀ ਵੀ ਧੀਮੀ ਨਹੀਂ ਹੁੰਦੀ। ਅਜਿਹੇ ਵਿਦਵਾਨ ਦੀ ਅਵਾਜ਼ ਨੂੰ ਸੁਣ ਕੇ ਕਲਮਬੰਦ ਕਰਨਾ ਕੋਈ ਮਾਮੂਲੀ ਕੰਮ ਨਹੀਂ ਸੀ। ਮੈਂ ਉਨ੍ਹਾਂ ਦੀਆਂ ਟੇਪਾਂ ਨੂੰ ਬਾਰ-ਬਾਰ ਸੁਣਿਆ ਹੈ ਅਤੇ ਤਸੱਲੀ ਹੋਣ ਉੱਪਰ ਹੀ ਕਲਮਬੰਦ ਕੀਤਾ ਹੈ। ਇਸ ਪੁਸਤਕ ਵਿਚ ਮੈਂ ਉਨ੍ਹਾਂ ਦੇ ਗਿਆਰ੍ਹਾਂ ਲੈਕਚਰ ਇਕੱਤਰ ਕੀਤੇ ਹਨ। ਉਨ੍ਹਾਂ ਦੇ ਪਹਿਲੇ ਲੈਕਚਰ ਦਾ ਨਾਮ ਹੈ 'ਸਤਿਗੁਰ ਕੀ ਸੇਵਾ ਊਤਮ ਹੈ'। ਇਸ ਸਲੋਕ ਬਾਰੇ ਵਿਦਵਾਨ ਲੇਖਕ ਨੇ ਇਹ ਸਮਝਾਇਆ ਹੈ ਕਿ ਸਤਿਗੁਰ ਦੀ ਸੇਵਾ ਕਰਨਾ ਇਕ ਉਤਮ ਫਲ ਹੈ। ਇਸ ਦੇ ਲਈ ਸਾਧਸੰਗਤਿ ਕਰਨੀ ਅਤਿ ਜ਼ਰੂਰੀ ਹੈ। ਕਿਉਂਕਿ ਭਾਵਨਾ ਵਾਲਿਆਂ ਦੀ ਸੰਗਤ ਤੋਂ ਬਿਨਾਂ ਅੰਦਰ ਦੀ ਸ਼ਰਧਾ ਭਾਵਨਾ ਬਣਦੀ ਨਹੀਂ। ਕਬੀਰ ਰਾਮ ਦਾ ਰੂਪ ਹੋ ਗਿਆ, ਪ੍ਰਮਾਤਮਾ ਦਾ ਸਰੂਪ ਹੋ ਗਿਆ, ਪਰ ਸੰਗਤ ਤੋਂ ਬਿਨਾਂ ਪਾਰ ਉਤਾਰਾ ਨਹੀਂ। ਇਸ ਪ੍ਰਕਾਰ ਹੀ ਉਨ੍ਹਾਂ ਦੇ ਹੋਰ ਲੇਖ ਜਿਨ੍ਹਾਂ ਨੂੰ ਮੈਂ ਕਲਮਬੰਦ ਕੀਤਾ ਹੈ, ਉਨ੍ਹਾਂ ਵਿਚ ਮਨਮੁਖਿ ਜਨਮੁ ਗਵਾਇਆ, ਸਾਜਨ ਆਇ ਵੁਠੇ ਘਰ ਮਾਹੀ, ਕਿਸੁ ਹਉ ਜਾਚੀ ਕਿਸੁ ਆਰਾਧੀ, ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ, ਹਮ ਪਾਪੀ ਤੁਮ ਪਾਪ ਖੰਡਨ, ਹਉ ਪਾਪੀ ਵਡ ਗੁਨਹਗਾਰੁ, ਈਹਾ ਊਹਾ ਤੁਹਾਰੋ ਧੋਰਾ, ਹਰਿ ਅੰਮ੍ਰਿਤੁ ਹਰਿ ਜਲੁ ਪਾਇਆ, ਹਰਿ ਜਪੇ ਹਰਿ ਮੰਦਰੁ ਸਾਜਿਆ, ਗੁਰਮੁਖਿ ਬ੍ਰਹਮ ਬੀਚਾਰੁ ਆਦਿ ਹਨ।

ਮੈਂ ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਪਿੰਦਰਪਾਲ ਸਿੰਘ ਆਪਣੀ ਨਿਜੀ ਰਫਤਾਰ ਉੱਪਰ ਆਪਣਾ ਲੈਕਚਰ ਬੋਲਦੇ ਹਨ, ਇਸ ਲਈ ਉਨ੍ਹਾਂ ਦੀ ਆਵਾਜ਼ ਨੂੰ ਕਲਮਬੰਦ ਕਰਨ ਲਈ ਕਈ ਪ੍ਰਕਾਰ ਦੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ। ਹੋ ਸਕਦਾ ਹੈ ਮੇਰੇ ਪਾਸੋਂ ਕਈ ਲਗਾਂ ਮਾਤਰਾਂ ਰਹਿ ਗਈਆਂ ਹੋਣ, ਅਜਿਹੀ ਮੇਰੀ ਕਮਜ਼ੋਰੀ ਨੂੰ ਪਾਠਕ ਜਨ ਆਪ ਸੁਧਾਰਨ ਦੀ ਕੋਸ਼ਿਸ਼ ਕਰਨ। ਮੇਰੇ ਇਸ ਖਰੜੇ ਨੂੰ ਵਿਦਵਾਨ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਵੀ ਪੜ੍ਹਿਆ ਹੈ। ਇਸ ਲਈ ਮੈਨੂੰ ਉਮੀਦ ਹੈ ਕਿ ਮੇਰੀਆਂ ਤਰੁੱਟੀਆਂ ਨੂੰ ਉਨ੍ਹਾਂ ਦੂਰ ਕਰ ਦਿੱਤਾ ਹੋਵੇਗਾ।

— ਭਾਈ ਪਰਮਜੀਤ ਸਿੰਘ ਖਾਲਸਾ

# ਸਤਿਗੁਰ ਕੀ ਸੇਵਾ ਊਤਮ ਹੈ

ਸੋਰਠਿ ਮਹਲਾ ੩ ਦੁਤੁਕੀ॥

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥*
*ਹਰਿ ਜੀਉ ਆਪੇ ਬਖਸਿ ਮਿਲਾਇ॥*
*ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰ ਲਏ ਰਲਾਇ॥ ਰਹਾਉ॥*
*ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥*
*ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨॥*
*ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥*
*ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩॥*
*ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥*
*ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪॥*
*ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥*
*ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫॥*
*ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥*
*ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥ ੬॥*
*ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥*
*ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥ ੭॥*
*ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥*
*ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥*

(ਅੰਗ ੬੩੮)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਗੁਰੂ ਗ੍ਰੰਥ ਸਾਹਿਬ ਸੱਚੇ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਦਾ ਪਾਵਨ

ਪਵਿੱਤਰ ਸ਼ਬਦ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦੇ ਮੁਖਾਰਬਿੰਦ ਤੋਂ ਅਸਟਪਦੀ ਰੂਪ ਵਿਚ ਉਚਾਰਨ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਰਾਗ ਸੋਰਠਿ ਹੈ ਜਿਸ ਵਿਚ ਇਹ ਅਮੋਲਕ ਬਚਨ ਦਰਜ ਹੈ। ਇਸ ਦਾ ਸੰਖੇਪ ਭਾਵ ਇਹ ਹੈ ਕਿ ਜੋ ਵੀ ਇਨਸਾਨ ਭਾਵਨਾ ਨਾਲ ਸਮਰੱਥ ਗੁਰੂ ਦੀ ਸੇਵਾ ਕਰੇ ਤੇ ਉਸ ਪਰਮ ਪਿਤਾ ਪ੍ਰਮੇਸ਼ਰ ਦੇ ਨਾਮ ਨੂੰ ਆਪਣੇ ਜੀਵਨ ਦਾ ਅਧਾਰ ਬਣਾ ਲਵੇ ਤਾਂ ਨਾਮ ਵਿਚ ਇੰਨੀ ਬਰਕਤ ਹੈ ਕਿ ਕਰੋੜਾਂ ਅਪਰਾਧ ਕਰਨ ਵਾਲੇ ਤੇ ਕਰੋੜਾਂ ਜਨਮਾਂ ਦੇ ਜਿਹੜੇ ਅਪਰਾਧੀ ਹਨ, ਉਹਨਾਂ ਦੁਆਰਾ ਕੀਤੀ ਹੋਈ ਸੇਵਾ ਪ੍ਰਭੂ ਦੇ ਦਰ 'ਤੇ ਪ੍ਰਵਾਨ ਹੁੰਦੀ ਹੈ। ਕਰੋ ਬਖ਼ਸ਼ਿਸ਼ ਅਤੇ ਉਚਾਰਨ ਕਰੋ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਸੋਰਿਠ ਮਹਲਾ ੩ ਦੁਤੁਕੀ॥

*ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*

ਇਸ ਪਾਵਨ ਪਵਿੱਤਰ ਬਚਨ ਅੰਦਰ ਸਤਿਗੁਰੂ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਇਸ ਅੰਮ੍ਰਿਤ ਬਚਨ ਦੇ ਆਰੰਭ ਵਿਚ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਇਨਸਾਨਾਂ ਦੇ ਅੰਦਰ ਕੋਈ ਗੁਣ ਨਹੀਂ, ਜਿਨ੍ਹਾਂ ਦੀ ਸੰਸਾਰਕ ਕਿਸੇ ਵੀ ਜਗ੍ਹਾ 'ਤੇ ਕੋਈ ਕੀਮਤ ਨਹੀਂ ਤੇ ਸਾਰਾ ਜੀਵਨ ਉਹਨਾਂ ਨੇ ਪਾਪ ਕੀਤੇ, ਹਜ਼ੂਰ ਫ਼ੁਰਮਾ ਰਹੇ ਹਨ ਕਿ ਉਹ ਪਾਰਬ੍ਰਹਮ ਪ੍ਰਮੇਸ਼ਰ ਆਪ ਹੀ ਕ੍ਰਿਪਾ ਕਰਦੇ ਹਨ ਤੇ ਇਹੋ ਜਿਹਿਆਂ ਨੂੰ ਬਖ਼ਸ਼ ਦਿੰਦੇ ਹਨ। ਪਰ ਉਹ ਕਿਵੇਂ ਬਖ਼ਸ਼ੇ ਜਾਂਦੇ ਹਨ? ਗੁਰੂ ਅਮਰਦਾਸ ਜੀ ਮੇਹਰ ਕਰ ਰਹੇ ਹਨ ਕਿ ਜੇ ਪੂਰੇ ਸਤਿਗੁਰੂ ਦੀ ਸੇਵਾ ਵਿਚ ਆਪ ਪ੍ਰਮੇਸ਼ਰ ਉਹਨਾਂ ਨੂੰ ਲਾ ਦਿੰਦੇ ਹਨ ਤਾਂ ਗੁਰੂ ਦੀ ਸੇਵਾ ਵਿਚ ਲੱਗੇ ਹੋਏ ਨਿਗੁਰੇ ਬੰਦੇ ਵੀ ਬਖ਼ਸ਼ੇ ਜਾਂਦੇ ਹਨ।

*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥*

ਗੁਰੂ ਅਮਰਦਾਸ ਬਖ਼ਸ਼ਿਸ਼ ਕਰਦੇ ਹਨ ਕਿ ਸਤਿਗੁਰੂ ਦੀ ਸੇਵਾ ਸਭ ਤੋਂ ਉੱਤਮ ਹੈ, ਪਰ ਇਸ ਗੱਲ ਦੀ ਵੀ ਸਮਝ ਤਾਂ ਪਈ ਕਿ ਜਿਸ ਦਿਨ ਗੁਰੂ ਦੀ ਸੇਵਾ ਕਰਦਿਆਂ ਪ੍ਰਮਾਤਮਾ ਦੇ ਨਾਮ ਵਿਚ ਜੁੜ ਗਿਆ। ਉਸਦਾ ਚਿੱਤ ਰਾਮ ਨਾਮ ਵਿਚ ਜੁੜਿਆ ਤੇ ਜਿਨ੍ਹਾਂ ਦੇ ਚਿੱਤ ਪਰੀਪੂਰਨ ਪ੍ਰਮਾਤਮਾ ਦੇ ਨਾਮ ਵਿਚ ਜੁੜ ਗਏ, ਉਹਨਾਂ ਨੂੰ ਇਸ ਗੱਲ ਦੀ ਸਮਝ ਪੈ ਗਈ ਕਿ ਸਤਿਗੁਰੂ ਦੀ ਸੇਵਾ ਤੋਂ ਉੱਪਰ ਹੋਰ ਕੋਈ ਚੀਜ਼ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ ਇਕ ਗੱਲ ਬੜੀ ਸਪੱਸ਼ਟ ਹੈ ਕਿ ਇਥੇ ਅਪਰਾਧੀ ਨੂੰ ਧੱਕੇ ਮਾਰ ਕੇ ਬਾਹਰ ਨਹੀਂ ਕੱਢਿਆ ਜਾਂਦਾ। ਇਥੇ ਔਗੁਣਾਂ ਨਾਲ ਭਰੇ ਹੋਏ ਨੂੰ ਦੁਰਕਾਰਿਆ ਨਹੀਂ ਜਾਂਦਾ। ਇਥੇ ਗੁਨਾਹ ਕਰਨ ਵਾਲੇ ਕੋਲੋਂ ਨਫ਼ਰਤ ਨਹੀਂ ਕੀਤੀ ਜਾਂਦੀ। ਜੇਕਰ ਔਗੁਣਾਂ ਨਾਲ ਭਰਿਆ, ਗੁਨਾਹਾਂ ਨਾਲ ਭਰਿਆ ਗੁਰੂ ਦੀ ਸੇਵਾ ਵਿਚ ਆ ਜਾਏ ਤਾਂ ਗੁਰੂ ਜੀ ਇਹੋ ਜਿਹੇ ਪਾਪੀਆਂ ਨੂੰ ਵੀ ਤਾਰ ਦਿੰਦੇ ਹਨ। ਹਜ਼ੂਰ ਦੀ ਅੰਮ੍ਰਿਤ ਬਾਣੀ ਵਿਚ ਦਾਤਾਰ ਜੀ ਨੇ ਇਕ ਬਖ਼ਸ਼ਿਸ਼ ਭਰਿਆ ਬਚਨ ਸਾਨੂੰ ਦਿੱਤਾ ਹੈ। ਕਹਿੰਦੇ ਹਨ ਕਿਹੜੀ ਦਾਤ ਹੈ ਜਿਹੜੀ ਸਮਰੱਥ ਗੁਰੂ ਜੀ ਦੀ ਸੇਵਾ



ਵਿਚੋਂ ਨਹੀਂ ਪ੍ਰਾਪਤ ਹੋ ਸਕਦੀ। ਸੱਚੇ ਪਾਤਿਸ਼ਾਹ ! ਕਿਹੜੀਆਂ ਕਿਹੜੀਆਂ ਬਖ਼ਸ਼ਿਸ਼ਾਂ ਹਨ ਜਿਹੜੀਆਂ ਸੇਵਾ ਵਿਚੋਂ ਮਿਲਦੀਆਂ ਹਨ ਤੇ ਧੰਨ ਗੁਰੂ ਅਰਜਨ ਸਾਹਿਬ ਨੇ ਫ਼ੁਰਮਾਇਆ ਕਿ ਕਈ ਵਾਰੀ ਆਪਣੇ ਤਾਕਤ ਦੇ ਜ਼ੋਰ ਨਾਲ ਜੀਵਨ ਵਾਲੇ ਲੋਕਾਂ ਨੂੰ ਸੰਸਾਰਕ ਤੌਰ 'ਤੇ ਵੀ ਪਿੱਛੇ ਧੱਕਿਆ ਜਾਂਦਾ ਹੈ। ਜੀਵਨ ਦੀ ਕਦਰ ਵੀ ਕੇਵਲ ਉਸ ਦੀ ਨਜ਼ਰ ਵਿਚ ਹੈ ਜਿਹੜਾ ਆਪ ਜੀਵਨ ਕਮਾਉਣ ਤੁਰਿਆ ਹੈ। ਜੁਆਰੀ ਦੀ ਨਜ਼ਰ ਵਿਚ ਭਗਤ ਦੀ ਕੀਮਤ ਨਹੀਂ, ਜੁਆਰੀ ਦੀ ਨਜ਼ਰ ਵਿਚ ਕੇਵਲ ਜੂਆ ਖੇਡਣ ਵਾਲੇ ਦੀ ਹੀ ਕੀਮਤ ਹੈ। ਵਿਕਾਰਾਂ ਵਿਚ ਫੱਸੇ ਹੋਏ ਬੰਦੇ ਦੇ ਸਾਹਮਣੇ ਕੋਈ ਨਿਰਮਲ ਹਿਰਦੇ ਵਾਲਾ ਆ ਜਾਏ ਤਾਂ ਉਹ ਰੰਗਿਆਂ ਹੋਇਆਂ ਦੀ ਨਿੰਦਿਆ ਕਰਨਗੇ ਤੇ ਵਿਕਾਰੀ ਬੰਦਿਆਂ ਨੂੰ ਸ਼ਾਬਸ਼ ਦੇਣਗੇ। ਪ੍ਰਮਾਤਮਾ ਦੀ ਕ੍ਰਿਪਾ ਨਾਲ ਜੀਵਨ ਵਾਲੇ ਦੀ ਕਦਰ ਵੀ ਉਸਦੀ ਨਜ਼ਰ ਵਿਚ ਹੈ, ਜਿਸਨੂੰ ਪ੍ਰਮਾਤਮਾ ਨੇ ਆਪਣੇ ਅੰਦਰ ਦਾ ਜੀਵਨ ਬਖ਼ਸ਼ਿਆ ਹੈ। ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਸਮਾਜ ਦਾ ਇਕ ਸੁਭਾਅ ਹੈ ਕਿ ਕਈ ਵਾਰੀ ਜੀਵਨ ਕਮਾਉਣ ਵਾਲਿਆਂ ਨੂੰ ਪਿੱਛੇ ਧੱਕਿਆ ਜਾਂਦਾ ਹੈ ਤੇ ਚਲਾਕੀ, ਚੁਸਤੀ ਤੇ ਅੰਦਰ ਦੇ ਪਾਪ ਕਰਨ ਵਾਲੇ ਬੰਦੇ ਕਈ ਵਾਰੀ ਆਗੂ ਬਣ ਖਲੋਂਦੇ ਹਨ। ਬਸ ਸੇਵਾ 'ਤੇ ਭਰੋਸਾ ਰੱਖਕੇ ਤੁਰ ਮਨਾ ! ਕਿਉਂਕਿ ਬੰਦਿਆਂ ਦੇ ਹੱਥ ਤਾਂ ਤੈਨੂੰ ਪਿੱਛੇ ਧੱਕਣ ਦਾ ਯਤਨ ਕਰਨਗੇ ਪਰ ਜਿਨ੍ਹਾਂ ਹੱਥਾਂ ਨਾਲ ਤੂੰ ਗੁਰੂ ਦੀ ਸੇਵਾ ਕਰਦਾ ਹੈਂ, ਜਿਸਨੂੰ ਕੋਈ ਨਹੀਂ ਜਾਣਦਾ, ਪਿੱਛੇ ਰਹਿਣ ਵਾਲਿਆਂ ਨੂੰ ਸਤਿਗੁਰੂ ਦੀ ਸੇਵਾ ਆਗੂ ਬਣਾ ਦਿੰਦੀ ਹੈ।

ਸਤਿਗੁਰੂ ਨੇ ਦੂਜਾ ਬਚਨ ਕੀਤਾ ਕਿ ਜਿਸ ਬੰਦੇ ਦੀ ਕਿਤੇ ਵੀ ਆਸ ਨਾ ਪੂਰੀ ਹੋਵੇ, ਆਪਣੀ ਜ਼ਿੰਦਗੀ ਵਿਚ ਉਹ ਨਿਰਾਸ਼ ਹੋ ਚੁੱਕਾ ਹੈ। ਕਿਤੇ ਵੀ ਗਿਆ ਹੈ, ਉਸਦਾ ਅੰਦਰ ਦਾ ਭਰੋਸਾ ਡੋਲ ਚੁੱਕਾ ਹੈ, ਗੁਰੂ ਦੀ ਸੇਵਾ ਨਿਰਾਸ਼ ਰਹਿਣ ਵਾਲਿਆਂ ਦੀਆਂ ਆਸਾਂ ਪੂਰੀਆਂ ਕਰ ਦਿੰਦੀ ਹੈ।

ਤੀਸਰਾ ਬਚਨ, ਜਿਸ ਇਨਸਾਨ ਦੇ ਕੋਲ ਪੇਟ ਭਰਨ ਲਈ ਰੋਟੀ ਨਹੀਂ, ਤਨ ਢੱਕਣ ਲਈ ਬਸਤਰ ਨਹੀਂ, ਰਹਿਣ ਲਈ ਮਕਾਨ ਨਹੀਂ, ਗੁਰੂ ਦੀ ਸੇਵਾ ਇੰਨੀ ਉੱਤਮ ਹੈ ਕਿ ਜਿਹੜੇ ਟਕੇ ਟਕੇ ਦੀ ਖ਼ਾਤਰ ਫਿਰ ਰਹੇ ਹਨ, ਗੁਰੂ ਦੀ ਸੇਵਾ ਰਹਿਮਤ ਕਰੇ ਤੇ ਉਹਨਾਂ ਨਿਰਧਨਾਂ ਨੂੰ ਧਨਵਾਨ ਬਣਾ ਦਿੰਦੀ ਹੈ।

ਚੌਥਾ ਬਚਨ ਕਿ ਜਿਹੜੇ ਬੰਦੇ ਰੋਗੀ ਹਨ, ਜਿਸ ਇਨਸਾਨ ਨੂੰ ਰੋਗ ਲੱਗ ਗਿਆ, ਵੈਦਾਂ ਨੇ; ਹਕੀਮਾਂ ਨੇ, ਡਾਕਟਰਾਂ ਨੇ ਇਹ ਜਵਾਬ ਦੇ ਦਿੱਤਾ ਕਿ ਤੇਰਾ ਇਲਾਜ ਕੋਈ ਨਹੀਂ, ਤੇਰੀ ਦਵਾਈ ਕੋਈ ਨਹੀਂ। ਕਿਤੇ ਵੀ ਚਲਾ ਜਾਈਂ, ਤੇਰਾ ਇਲਾਜ ਨਹੀਂ ਹੋ ਸਕੇਗਾ, ਪਰ ਗੁਰੂ ਅਰਜਨ ਸਾਹਿਬ ਕਹਿਣ ਲੱਗੇ ਕਿ ਤੂੰ ਗੁਰੂ ਦੇ ਚਰਨਾਂ ਵਿਚ ਆਈਂ। ਸੇਵਾ ਵਿਚ ਇੰਨੀ ਸਮਰੱਥਾ ਹੈ ਕਿ ਉਹ ਰੋਗੀ ਜਿਨ੍ਹਾਂ ਦਾ ਕਿਤੇ ਵੀ ਇਲਾਜ ਨਹੀਂ ਹੁੰਦਾ, ਗੁਰੂ ਦੀ ਸੇਵਾ ਉਹਨਾਂ ਨੂੰ ਅਰੋਗਤਾ ਦੇ ਦਿੰਦੀ ਹੈ।

ਪੰਜਵੀਂ ਬਖ਼ਸ਼ਿਸ਼ ਹੈ, ਜੇਕਰ ਕੋਈ ਆਗੂ ਨਹੀਂ ਬਣਨਾ ਚਾਹੁੰਦਾ, ਤੇਰੇ ਤਨ ਨੂੰ ਕੋਈ

ਰੋਗ ਨਹੀਂ ਲੱਗਾ, ਤੂੰ ਜ਼ਿੰਦਗੀ ਵਿਚ ਕਦੀ ਨਿਰਾਸ਼ ਨਹੀਂ ਹੋਇਆ, ਯਾਦ ਰੱਖ ਜੇ ਤੇਰੇ ਅੰਦਰ ਭਗਤੀ ਦਾ ਚਾਅ ਹੈ ਤਾਂ ਸੇਵਾ ਕਰੀਂ, ਪ੍ਰਮਾਤਮਾ ਦੀ ਸੇਵਾ ਤੇਰੇ ਅੰਦਰ ਭਗਤੀ ਦਾ ਰੰਗ ਲਿਆਏਗੀ। ਭਾਵੇਂ ਤੇਰਾ ਗਲਾ ਨਾ ਵੀ ਚੱਲੇ, ਜੇ ਤੇਰੇ ਅੰਦਰ ਕੀਰਤਨ ਕਰਨ ਦਾ ਚਾਅ ਹੈ ਤਾਂ ਤੂੰ ਸੇਵਾ ਕਰੀਂ। ਜਿਹੜੇ ਬੋਲ ਨਹੀਂ ਸਕਦੇ, ਉਹਨਾਂ ਨੂੰ ਗੁਰੂ ਨਾਨਕ ਕੀਰਤਨੀਏ ਬਣਾ ਦਿੰਦੇ ਹਨ। ਸਤਿਗੁਰੂ ਦੀ ਸੇਵਾ ਵਿਚੋਂ ਹਰ ਚੀਜ਼ ਮਿਲ ਸਕਦੀ ਹੈ। ਸੇਵਾ ਨਿਗੁਰਿਆਂ ਨੂੰ ਗੁਣਵਾਨ ਬਣਾ ਦਿੰਦੀ ਹੈ। ਜਦੋਂ ਕੋਈ ਇਨਸਾਨ ਸਤਿਗੁਰੂ ਦੇ ਨੇੜੇ ਜਾਂਦਾ ਹੈ, ਦੇਖੋ ਭਾਵਨਾ ਬਣਾ ਕੇ ਤੁਰੇ ਤਾਂ ਉਸਦੇ ਅੰਦਰ ਨੂੰ ਸਤਿਗੁਰੂ ਕੰਚਨ ਦੀ ਤਰ੍ਹਾਂ ਸ਼ੁੱਧ ਕਰ ਦਿੰਦੇ ਹਨ। ਜਿਹੜਾ ਬੰਦਾ ਅੰਦਰੋਂ ਗੁਨਾਹਾਂ ਨਾਲ ਭਰਿਆ ਹੋਇਆ ਹੈ, ਉਸਦੇ ਅੰਦਰ ਦੇ ਪਾਪ ਗੁਰੂ ਦੀ ਸੇਵਾ ਤੇ ਸਮਰੱਥ ਗੁਰੂ ਦਾ ਬਚਨ ਕਿਵੇਂ ਕੱਟਦੇ ਹਨ।

ਆਪ ਦੇਖਦੇ ਹੋ ਕਿ ਜਿਹੜੇ ਸੱਜਣ ਲੋਹੇ ਦਾ ਕੰਮ ਕਰਦੇ ਹਨ, ਲੋਹੇ ਦੀਆਂ ਛੋਟੀਆਂ ਛੋਟੀਆਂ ਵਸਤੂਆਂ ਬਣਾਉਂਦੇ ਹਨ ਜਾਂ ਲੋਹੇ ਨੂੰ ਤਪਾ ਕੇ, ਢਾਲ ਕੇ ਲੋਹੇ ਦੀ ਕੋਈ ਚੀਜ਼ ਬਣਾਉਂਦੇ ਹਨ, ਉਹਨਾਂ ਲੁਹਾਰ ਵੀਰਾਂ ਦੀ ਕਿਰਤ ਨੂੰ ਦੇਖਿਉ। ਲੋਹਾ ਉਹਨਾਂ ਨੇ ਲਿਆਂਦਾ ਤੇ ਭੱਠੀ ਵਿਚ ਉਹਨਾਂ ਨੇ ਲੋਹਾ ਟਿਕਾਅ ਦਿੱਤਾ ਤੇ ਉਸ ਲੋਹੇ ਦੇ ਉੱਪਰ ਕੋਲੇ ਰੱਖ ਦਿੱਤੇ ਜਾਂ ਪਹਿਲਾਂ ਉਹਨਾਂ ਨੇ ਕੋਲੇ ਤਪਾਏ ਤੇ ਤੱਪਦੀ ਹੋਈ ਭੱਠੀ ਦੇ ਵਿਚ ਲੋਹੇ ਨੂੰ ਟਿਕਾਅ ਦਿੱਤਾ। ਇਕ ਪਾਸੇ ਉਹ ਲੋਹਾ ਤੱਪਣ ਲੱਗਦਾ ਹੈ ਤੇ ਜਦੋਂ ਅੱਗ ਸ਼ਾਂਤ ਹੁੰਦੀ ਹੈ ਤਾਂ ਉਸਨੂੰ ਹਵਾ ਦੇ ਕੇ ਉਸ ਬੁੱਝਦੀ ਹੋਈ ਅੱਗ ਨੂੰ ਫਿਰ ਤੇਜ਼ ਕਰਦੇ ਹਨ। ਜੇ ਕੋਲੇ ਬੁੱਝਣ ਲੱਗਦੇ ਹਨ ਤਾਂ ਉਸ ਉੱਪਰ ਹੋਰ ਕੋਲੇ ਪਾਏ ਜਾਂਦੇ ਹਨ ਤਾਂ ਜੋ ਉਹ ਅੱਗ ਤੇਜ਼ ਹੋ ਕੇ ਇਸ ਲੋਹੇ ਨੂੰ ਸਾੜ ਸਕੇ, ਇਸਨੂੰ ਪਿਘਲਾ ਸਕੇ। ਕਈ ਵਾਰੀ ਲੁਹਾਰ ਵੀਰ ਆਪਣੇ ਹੱਥਾਂ ਵਿਚ ਸੰਨ੍ਹੀ ਫੜਦੇ ਹਨ ਤੇ ਜਿਹੜਾ ਪਾਸਾ ਲੋਹੇ ਦਾ ਸੜਨ ਤੋਂ ਬਿਨਾਂ ਰਹਿ ਗਿਆ ਹੈ, ਉਸਨੂੰ ਸੰਨ੍ਹੀ ਨਾਲ ਘੁੱਟ ਕੇ ਫੜ ਕੇ ਬੱਲਦੇ ਹੋਏ ਕੋਲਿਆਂ ਦੇ ਉੱਪਰ ਰੱਖਦੇ ਹਨ ਕਿਉਂਕਿ ਕੋਈ ਵੀ ਇਹੋ ਜਿਹਾ ਪਾਸਾ ਨਾ ਰਹੇ ਕਿ ਜਿੱਥੇ ਲੋਹੇ ਨੂੰ ਸੇਕ ਨਾ ਲੱਗਿਆ ਹੋਵੇ। ਸਤਿਗੁਰ ਕਹਿੰਦੇ ਹਨ ਕਿ ਕਈ ਵਾਰੀ ਇਹ ਤੇਜ਼ ਅੱਗ ਇੰਨਾ ਪ੍ਰਭਾਵ ਪਾਉਂਦੀ ਹੈ ਕਿ ਲੋਹਾ ਸੜ ਕੇ ਬਿਲਕੁਲ ਨਿਕੰਮਾ ਹੋ ਜਾਂਦਾ ਹੈ, ਜਿਸਨੂੰ ਮਨੂਰ ਕਿਹਾ ਜਾਂਦਾ ਹੈ। ਸੜ ਚੁੱਕੇ ਲੋਹੇ ਨੂੰ ਲੁਹਾਰ ਵੀਰ ਵੀ ਆਪਣੇ ਘਰ ਵਿਚ ਰੱਖਣ ਲਈ ਤਿਆਰ ਨਹੀਂ। ਆਪਣੇ ਘਰ ਤੋਂ ਬਾਹਰ ਕੱਢ ਦਿੰਦੇ ਹਨ।

ਹਜ਼ੂਰ ਨੇ ਕਿਹਾ, ਐ ਇਨਸਾਨ ! ਨਿਗੁਰੇ ਬੰਦੇ ਦਾ ਜੀਵਨ ਕੀ ਹੈ? ਸਤਿਗੁਰੂ ਜੀ ਨੇ ਫ਼ੁਰਮਾਇਆ ਹੈ ਕਿ ਇਨਸਾਨ ਦਾ ਸਰੀਰ ਇਕ ਲੁਹਾਰ ਦੀ ਭੱਠੀ ਬਣ ਚੁਕਾ ਹੈ ਤੇ ਸੱਚੀ-ਮੁੱਚੀ ਹੈ ਇਹ ਭੱਠੀ। ਉਸ ਭੱਠੀ ਵਿਚ ਤਾਂ ਸ਼ਾਮ ਨੂੰ ਅੱਗ ਸ਼ਾਂਤ ਹੋ ਜਾਂਦੀ ਹੈ। ਚੇਤੇ ਰੱਖੋ, ਇਸ ਭੱਠੀ ਵਿਚ ਦਿਨੇ ਵੀ ਅੱਗ ਤੱਪਦੀ ਹੈ ਤੇ ਰਾਤ ਸੁੱਤਿਆਂ ਵੀ ਇਸ ਭੱਠੀ ਵਿਚ ਵਾਸ਼ਨਾਵਾਂ ਦੀ ਅੱਗ ਤੱਪਦੀ ਰਹਿੰਦੀ ਹੈ। ਇਨਸਾਨ ਦਾ ਸਰੀਰ ਇਕ ਲੁਹਾਰ ਦੀ ਭੱਠੀ ਹੈ। ਇਸ ਵਿਚ ਮਨ ਮਨੂਆ ਬਣਿਆ ਬੈਠਾ ਹੈ। ਇਸ ਵਿਚ ਪੰਜਾਂ ਵਿਕਾਰਾਂ ਦੀ ਅੱਗ ਲੱਗੀ ਹੈ ਤੇ ਜਦੋਂ ਕਿਤੇ ਇਹ ਸ਼ਾਂਤ ਹੋਣ ਲੱਗਦੀ ਹੈ ਤਾਂ ਜਿਹੜੇ ਬੰਦੇ ਨੇ ਜ਼ਿੰਦਗੀ ਵਿਚ ਪਾਪ ਕੀਤੇ ਹਨ,



ਪਿਆਰਿਉ ! ਉਹ ਕੀਤੇ ਹੋਏ ਪਾਪ ਹੀ ਕੋਲੇ ਬਣਕੇ ਅੱਗ ਨੂੰ ਤੇਜ਼ ਕਰ ਦਿੰਦੇ ਹਨ। ਪਾਪਾਂ ਦੇ ਕੋਲੇ ਪਏ ਹਨ, ਮਨ ਸੜਦਾ ਪਿਆ ਹੈ, ਪੰਜਾਂ ਵਿਕਾਰਾਂ ਦੀ ਅੱਗ ਨੇ ਇਸ ਨੂੰ ਤਪਾਇਆ ਤੇ ਚਿੰਤਾ ਦੀ ਸੰਨ੍ਹੀ ਨੇ ਇਸ ਮਨ ਦਾ ਕੋਈ ਪਾਸਾ ਰਹਿਣ ਨਹੀਂ ਦਿੱਤਾ। ਚਿੰਤਾ ਦੀ ਸੰਨ੍ਹੀ ਨੇ ਇਸ ਮਨ ਨੂੰ ਚੰਗੀ ਤਰ੍ਹਾਂ ਸਾੜ ਦਿੱਤਾ ਤੇ ਸੱਚੀ-ਮੁੱਚੀ ਮਨ ਸੜ ਕੇ ਨਿਕੰਮਾ ਮਨੂਰ ਹੋ ਗਿਆ। ਇੰਨੀ ਜ਼ਿੰਦਗੀ ਤਬਾਹ ਹੋ ਚੁੱਕੀ ਹੈ, ਪਰਿਵਾਰ ਦੇ ਜੀਅ ਵੀ ਇਹੋ ਜਿਹੇ ਬੰਦੇ 'ਤੇ ਭਰੋਸਾ ਨਹੀਂ ਕਰਦੇ, ਬਰਾਦਰੀ ਦੇ ਲੋਕ ਵੀ ਇਹੋ ਜਿਹੇ 'ਤੇ ਯਕੀਨ ਨਹੀਂ ਕਰਦੇ। ਇਥੋਂ ਤੱਕ ਕਿ ਧਰਮ ਦੀ ਦੁਨੀਆਂ ਵਿਚ ਕਈ ਵਾਰੀ ਲੋਕ ਇਸ ਦੀ ਗੱਲ 'ਤੇ ਭਰੋਸਾ ਨਹੀਂ ਕਰਦੇ। ਨਿਕੰਮੇ ਬੰਦੇ ਨੂੰ ਨਾ ਪਰਿਵਾਰ ਰੱਖਦਾ ਹੈ, ਨਾ ਸੰਸਾਰ ਰੱਖਦਾ ਹੈ। ਖਿਮਾ ਕਰਿਉ, ਸੜ ਚੁੱਕੇ ਬੰਦੇ ਨੂੰ ਤਾਂ ਕਈ ਵਾਰੀ ਰੱਬ ਵੀ ਕਹਿੰਦਾ ਹੈ ਇਸ ਨਿਕੰਮੇ ਨੂੰ ਮੇਰੇ ਘਰ ਵਿਚ ਨਾ ਭੇਜੋ। ਪਰ ਧੰਨ ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਨੇ ਗੁਰੂ ਦੀ ਰਹਿਮਤ ਤੇ ਗੁਰੂ ਦੀ ਸੇਵਾ ਸਬੰਧੀ ਮਾਰੂ ਰਾਗ ਵਿਚ ਇਹ ਬਚਨ ਕਿਹਾ ਹੈ ਕਿ-

*ਕਾਇਆ ਆਰਣੁ*

ਸਰੀਰ ਇਕ ਭੱਠੀ ਹੈ।

*ਮਨੁ ਵਿਚਿ ਲੋਹਾ*

ਇਸ ਸਰੀਰ ਭੱਠੀ ਦੇ ਵਿਚ ਮਨ ਲੋਹਾ ਬਣਿਆ ਪਿਆ ਹੈ।

*ਪੰਚ ਅਗਨਿ ਤਿਤੁ ਲਾਗਿ ਰਹੀ॥*

(ਅੰਗ ੯੯੦)

ਪੰਜਾਂ ਵਿਕਾਰਾਂ ਦੀ ਅੱਗ ਇਸ ਮਨ ਨੂੰ ਲੱਗੀ ਹੋਈ ਹੈ। ਪਿਆਰਿਉ ! ਇਕ ਚਿੰਗਿਆੜੀ ਲੱਗ ਜਾਏ, ਉਹ ਕਈ ਸਾਲਾਂ ਦੇ ਬਣੇ ਹੋਏ ਘਰ ਨੂੰ ਸਾੜ ਦਿੰਦੀ ਹੈ ਤੇ ਜਿਸ ਮਨ ਨੂੰ ਪੰਜਾਂ ਵਿਕਾਰਾਂ ਦੀ ਅੱਗ ਲੱਗੀ ਹੋਈ ਹੋਵੇ, ਇਹ ਬਚੇਗਾ ਕਿਵੇਂ?

*ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥*

ਸੜਿਆ ਲੋਹਾ ਨਿਕੰਮਾ ਹੈ, ਇਸਨੂੰ ਕੋਈ ਨਹੀਂ ਰੱਖਦਾ ਪਰ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਇਕ ਕ੍ਰਿਪਾ ਕੀਤੀ ਹੈ। ਕਹਿੰਦੇ ਹਨ ਕਿ ਸੜ ਚੁੱਕੇ ਲੋਹੇ ਨੂੰ ਭੱਠੀ ਵਿਚ, ਘਰ ਵਿਚ ਥਾਂ ਨਹੀਂ, ਪਰ ਜਿਹੜੇ ਮਨ ਸੜ ਕੇ ਮਨੂਰ ਬਣ ਗਏ ਹਨ, ਉਹ ਕਦੀ ਸਮਰੱਥ ਗੁਰੂ ਦੀ ਸੇਵਾ ਵਿਚ ਆ ਜਾਣ, ਗੁਰੂ ਤਾਂ ਸੜ ਚੁੱਕੇ ਮਨਾਂ ਨੂੰ ਵੀ ਪਰਤ ਕੇ ਸੋਨਾ ਬਣਾ ਦਿੰਦੇ ਹਨ।

*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥*

(ਅੰਗ ੯੯੦)

ਸੜ ਚੁੱਕੇ ਮਨ ਸੋਨਾ ਬਣ ਗਏ, ਜਿਹੜੇ ਗੁਰੂ ਦੀ ਸੇਵਾ ਵਿਚ ਆ ਗਏ। ਧੰਨ ਗੁਰੂ ਨਾਨਕ ਸਾਹਿਬ ਜੀ ਦਾ ਅਮੋਲਕ ਬਚਨ ਹੈ ਕਿ ਪ੍ਰਮਾਤਮਾ ਨੇ ਇਹ ਸਾਰੀ ਕੁਦਰਤ ਸਿਰਜੀ ਹੈ। ਕਹਿੰਦੇ ਹਨ, ਉਸਨੇ ਅਜਿਹੀ ਖੇਡ ਵਰਤਾਈ ਹੈ ਕਿ ਇਸ ਸੰਸਾਰ ਵਿਚ ਇਕ ਇਨਸਾਨ ਉਹ ਹਨ ਜਿਹੜੇ ਅੰਦਰੋਂ ਅੱਤ ਦੇ ਨਿਰਮਲ ਹਨ ਤੇ ਇਕ ਬੰਦੇ ਉਹ ਹਨ ਜਿਹੜੇ ਜਨਮ ਤੋਂ ਲੈ ਕੇ ਆਪਣੀ ਜ਼ਿੰਦਗੀ ਦੇ ਕਈ ਦਹਾਕੇ ਲੰਘ ਜਾਣ 'ਤੇ ਅੰਦਰ ਦਾ ਖੋਟ ਛੱਡਣ ਨੂੰ ਤਿਆਰ ਨਹੀਂ। ਕਹਿੰਦੇ ਹਨ, ਪ੍ਰਮੇਸ਼ਰ ਜੀ ! ਖੋਟੇ ਤੇ ਖਰੇ ਤੁਸੀਂ ਬਣਾਏ ਤੇ ਤੇਰੀ ਅਸਚਰਜ ਖੇਡ ਹੈ ਕਿ ਜਿਸ ਵੇਲੇ ਖੋਟੇ ਤੇਰੇ ਘਰ ਵੱਲ ਗਏ ਤੇ ਤੂੰ ਆਪਣੇ ਖ਼ਜ਼ਾਨਿਆਂ ਵਿਚੋਂ ਖੋਟਿਆਂ ਨੂੰ ਟਣਕਾ ਕੇ ਬਾਹਰ ਕੱਢ ਦਿੱਤਾ। ਕਿਉਂਕਿ ਪਹਿਲਾਂ ਖੋਟੇ ਤੇ ਖਰੇ ਸਿੱਕੇ ਟਣਕਾਏ ਜਾਂਦੇ ਹਨ। ਜਦੋਂ ਪੁੱਛਿਆ ਤਾਂ ਉੱਤਰ ਮਿਲਿਆ ਕਿ ਇਸ ਖ਼ਜ਼ਾਨੇ ਵਿਚ ਕੇਵਲ ਖਰਿਆਂ ਨੂੰ ਥਾਂ ਮਿਲਦੀ ਹੈ, ਖੋਟਿਆਂ ਨੂੰ ਨਹੀਂ। ਖੋਟੇ ਬਾਹਰ ਕੱਢ ਦਿੱਤੇ ਗਏ। ਜਦੋਂ ਸੱਚੀ ਦਰਗਾਹ ਵਿਚ ਵੀ ਖੋਟਿਆਂ ਨੂੰ ਧੱਕੇ ਪਏ ਤਾਂ ਉਹ ਕਿਹੜੇ ਪਾਸੇ ਜਾਣ ਤੇ ਸਤਿਗੁਰੂ ਨੇ ਕਿਹਾ, ਗੁਰੂ ਦੀ ਸੇਵਾ ਲੱਗੀ ਹੈ, ਖੋਟਿਆ ! ਜੇ ਤੈਨੂੰ ਪ੍ਰਮਾਤਮਾ ਨੇ ਆਪਣੇ ਘਰ ਵਿਚ ਥਾਂ ਨਹੀਂ ਦਿੱਤੀ ਤਾਂ ਤੂੰ ਗੁਰੂ ਦੇ ਭਾਂਡਿਆਂ ਵਿਚ ਖਲੋ ਜਾ। ਚੇਤੇ ਰੱਖੀਂ, ਇਥੇ ਭਾਂਡਿਆਂ ਵਿਚ, ਇਥੇ ਜੋੜਿਆਂ ਵਿਚ, ਇਥੇ ਹੱਥੀਂ ਸੇਵਾ ਵਿਚ ਜਿਨ੍ਹਾਂ ਨੂੰ ਰੱਬ ਵੀ ਧੱਕੇ ਮਾਰਦਾ ਹੈ ਤੇ ਸੇਵਾ ਕਰ, ਸੇਵਾ ਖੋਟਿਆਂ ਨੂੰ ਖਰੇ ਬਣਾ ਕੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਪ੍ਰਵਾਨ ਕਰਵਾ ਦਿੰਦੀ ਹੈ।

ਮੈਂ ਇਤਿਹਾਸ ਦੀ ਇਕ ਛੋਟੀ ਜਿਹੀ ਘਟਨਾ ਆਪ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਆਪ ਜੀ ਨੂੰ ਗਿਆਤ ਹੋਣਾ ਹੈ ਕਿ ਤੀਜੇ ਗੁਰਦੇਵ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਥਾਪੀਆਂ ਸਨ। ਜਿਹੜੇ ਆਪ ਖ਼ੁਦ ਮੰਜੀ 'ਤੇ ਬੈਠਦੇ ਸਨ ਤੇ ਜਗਿਆਸੂ ਜਦੋਂ ਉਹਨਾਂ ਕੋਲ ਆਉਂਦੇ ਸਨ ਤਾਂ ਮੰਜੀ 'ਤੇ ਬੈਠ ਕੇ ਉਹ ਗੁਰਮਤਿ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਸਨ। ਇਹਨਾਂ 22 ਮੰਜੀਆਂ ਦੇ ਵਿਚੋਂ ਦੋ ਮੰਜੀਆਂ ਅਜਿਹੇ ਗੁਰਸਿੱਖਾਂ ਨੂੰ ਦਿੱਤੀਆਂ ਜਿਹੜੇ ਦਮਪਤੀ ਰੂਪ ਵਿਚ ਹਨ। ਪਤੀ ਤੇ ਪਤਨੀ ਦੋਨਾਂ ਨੂੰ ਮੰਜੀਆਂ ਦਿੱਤੀਆਂ ਗਈਆਂ। ਉਹਨਾਂ ਵਿਚੋਂ ਇਕ ਮੰਜੀ ਸੀ ਭਾਈ ਸਚਣ ਸੱਚ ਦੀ ਤੇ ਦੂਜੀ ਮੰਜੀ ਸੀ ਮਥੋ ਤੇ ਮੁਰਾਰੀ ਦੀ, ਇਹ ਇਤਿਹਾਸ ਹੈ। ਮਥੋ ਤੇ ਮੁਰਾਰੀ, ਮੁਰਾਰੀ ਪੁਰਸ਼ ਦਾ ਨਾਮ ਹੈ ਤੇ ਮਥੋ ਇਸਤਰੀ ਦਾ ਨਾਮ ਹੈ।

ਗੋਇੰਦਵਾਲ ਵਿਚ ਹਜ਼ੂਰ ਦੇ ਚਰਨਾਂ ਵਿਚ ਲਾਹੌਰ ਦਾ ਇਕ ਵਸਨੀਕ ਆਇਆ ਸੀ। ਆਇਆ ਕੀ, ਉਸਨੂੰ ਚੁੱਕ ਕੇ ਲਿਆਏ ਸਨ। ਉਸਦਾ ਨਾਮ ਸੀ ਪ੍ਰੇਮਾ। ਸ਼ਾਹੂਕਾਰਾਂ ਦਾ ਮੁੰਡਾ ਸੀ। ਧਨ ਦੌਲਤ ਦੀ ਕਮੀ ਨਹੀਂ ਸੀ। ਮਾਂ-ਬਾਪ ਚਲਾਣਾ ਕਰ ਗਏ। ਇਸਦੇ ਪੈਸੇ ਦੇ ਯਾਰ ਇਸਦੇ ਚਾਰ ਚੁਫੇਰੇ ਆ ਢੁੱਕੇ। ਦੇਖੋ ਕਾਦਰ ਨੇ ਸਾਡੀਆਂ ਅੱਖਾਂ ਸਾਹਮਣੇ ਅਨੇਕਾਂ ਅਜਿਹੇ ਪ੍ਰਮਾਣ ਦਿੱਤੇ ਹਨ ਕਿ ਇਨਸਾਨ ਸਮਝੇ ਕਿ ਜਿੰਨੀ ਭੀੜ ਬੰਦੇ ਦੇ ਪਿੱਛੇ ਤੁਰਦੀ ਹੈ ਸੁੱਖ ਵੇਲੇ, ਇਸਦੀ ਗਿਣਤੀ ਕਦੇ ਮੁਸੀਬਤ ਵੇਲੇ ਕਰਕੇ ਦੇਖੋ। ਇਕ ਦਿਨ ਉਹ ਇੰਨਾ ਬੇਹਬਲ



ਹੋਇਆ ਪੁਕਾਰ ਉੱਠਿਆ ਕਿ ਸਤਿਗੁਰੂ ! ਮੈਨੂੰ ਪਾਪੀ ਨੂੰ ਰੱਖ ਲਉ। ਅੱਗੇ ਕੇਵਲ ਤਨ ਦਾ ਰੋਗ ਨਜ਼ਰ ਆਉਂਦਾ ਸੀ, ਹੁਣ ਸੇਵਾ ਕਰ ਕਰਕੇ, ਬਾਣੀ ਪੜ੍ਹ ਪੜ੍ਹ ਕੇ ਕੀਤੇ ਹੋਏ ਪਾਪ ਵੀ ਸਾਹਮਣੇ ਆਉਣ ਲੱਗੇ। ਗੁਰੂ ਅਮਰਦਾਸ ਮੇਹਰ ਦੇ ਘਰ ਵਿਚ ਆਏ। ਦੇਖੋ ਹੁਣ ਨਿਗੁਰੇ ਨੂੰ ਕਿਵੇਂ ਗੁਰੂ ਬਖ਼ਸ਼ਦੇ ਹਨ। ਮੇਹਰ ਦੇ ਘਰ ਵਿਚ ਆ ਕੇ ਕਿਹਾ ਕਿ ਜਿੱਥੇ ਅਸੀਂ ਇਸ਼ਨਾਨ ਕੀਤਾ ਹੈ ਉਸ ਨੀਰ ਦੇ ਨਾਲ ਇਸਦਾ ਇਸ਼ਨਾਨ ਕਰਾਇਆ ਜਾਏ। ਕੋੜ੍ਹੀ ਦਰਬਾਰ ਦੇ ਬਾਹਰ ਬੈਠਾ ਹੈ, ਸਿੱਖ ਇਸਨੂੰ ਲੈਣ ਲਈ ਆਏ ਤੇ ਭਾਵਨਾ ਨਾਲ ਕਹਿੰਦਾ ਹੈ ਕਿ ਮੈਨੂੰ ਇਸ ਦਰ ਤੋਂ ਉਠਾਉ ਨਾ, ਮੈਨੂੰ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਟਿੱਕੇ ਰਹਿਣ ਦਿਉ ਤੇ ਗੁਰਸਿੱਖਾਂ ਨੇ ਕਿਹਾ, ਭਾਈ ਅੱਜ ਰਹਿਮਤਾਂ ਦਾ ਸਾਈਂ ਤੇਰੇ ਉੱਤੇ ਰਹਿਮਤਾਂ ਦੀ ਬਰਸਾਤ ਕਰਨ ਲੱਗਾ ਹੈ। ਗੁਰੂ ਜੀ ਨੇ ਕਿਹਾ ਹੈ ਕਿ ਜਿਸ ਨੀਰ ਵਿਚ ਅਸੀਂ ਇਸ਼ਨਾਨ ਕੀਤਾ ਹੈ, ਉਸ ਨਾਲ ਇਸ ਦਾ ਇਸ਼ਨਾਨ ਕਰਾਇਆ ਜਾਏ। ਇਸ਼ਨਾਨ ਕਰਾਇਆ ਗਿਆ ਤੇ ਗੁਰੂ ਜੀ ਦੀ ਨਦਰੇ-ਕਰਮ ਹੋਈ ਤੇ ਇਸਨੂੰ ਗੁਰੂ ਜੀ ਨੇ ਅਰੋਗਤਾ ਦੀ ਦਾਤ ਦਿੱਤੀ। ਹਜ਼ੂਰ ਦੇ ਦਰਬਾਰ ਵਿਚ ਲਿਆਂਦਾ ਗਿਆ। ਸੋਹਣੇ ਬਸਤਰ ਪਹਿਨਾਏ ਗਏ ਤੇ ਜਦੋਂ ਸੋਹਣੇ ਬਸਤਰ ਪਹਿਨ ਕੇ ਆਇਆ ਤਾਂ ਗੁਰੂ ਅਮਰਦਾਸ ਜੀ ਕਹਿਣ ਲੱਗੇ ਕਿ ਇਹ ਤਾਂ ਮੇਰਾ ਮੁਰਾਰੀ ਹੈ, ਨਾਮ ਸੀ ਪ੍ਰੇਮਾ। ਇਸਦਾ ਤਨ ਕਿੰਨਾ ਸੋਹਣਾ ਹੈ, ਇਸਦੀ ਕੰਚਨ ਵਰਗੀ ਕਾਇਆ ਬਣ ਗਈ।

ਦੇਖੋ ਗੁਰੂ ਦੀਆਂ ਮਿਹਰਾਂ ! ਨਿਗੁਰਾ ਬੰਦਾ ਜਿਸਨੂੰ ਪਰਿਵਾਰ ਦੇ ਜੀਆਂ ਨੇ ਧੱਕਾ ਮਾਰ ਦਿੱਤਾ। ਕਹਿਣ ਲੱਗੇ ਕੋਈ ਹੈ ਗੁਰੂ ਦਾ ਸਿੱਖ ਜਿਹੜਾ ਆਪਣੀ ਬੱਚੀ ਦਾ ਰਿਸ਼ਤਾ ਇਸਨੂੰ ਦੇ ਦੇਵੇ। ਭਾਈ ਸੀਆਂ ਸੰਗਤ ਵਿਚ ਬੈਠਾ ਸੀ। ਉੱਠ ਕੇ ਹੱਥ ਜੋੜ ਕੇ ਕਹਿੰਦਾ ਹੈ, ਸੱਚੇ ਪਾਤਿਸ਼ਾਹ ! ਮੇਰੀ ਬੱਚੀ ਮਥੋ ਹੈ, ਮੈਂ ਉਸਦਾ ਰਿਸ਼ਤਾ ਕਰਦਾ ਹਾਂ। ਹਜ਼ੂਰ ਦੇ ਸਾਹਮਣੇ ਬਚਨ ਕਰ ਦਿੱਤਾ। ਘਰਵਾਲੀ ਲੰਗਰ ਦੀ ਸੇਵਾ ਪਈ ਕਰਦੀ ਸੀ। ਕਿਸੇ ਜਾ ਕੇ ਕਿਹਾ, ਬੀਬੀ ! ਤੂੰ ਪ੍ਰਸ਼ਾਦਿਆਂ ਦੀ ਸੇਵਾ ਪਈ ਕਰਦੀ ਹੈਂ, ਤੈਨੂੰ ਪਤਾ ਹੈ ਜਿਹੜਾ ਕੋੜ੍ਹੀ ਕਈ ਦਿਨਾਂ ਦਾ ਸੰਗਤਾਂ ਦੇ ਬਾਹਰ ਬੈਠਾ ਸੀ, ਉਸਦੇ ਨਾਲ ਤੇਰਾ ਨਾਤਾ ਕਰ ਦਿੱਤਾ ਹੈ। ਉਹ ਹੱਥ 'ਤੇ ਉਸੇ ਤਰ੍ਹਾਂ ਆਟਾ ਲੱਗਾ ਹੋਇਆ ਹੀ ਗੁਰੂ ਦਰਬਾਰ ਵਿਚ ਆ ਗਈ। ਕਹਿਣ ਲੱਗੀ, ਸੱਚੇ ਪਾਤਿਸ਼ਾਹ ! ਇਹ ਕੀ ਕੀਤਾ? ਹਜ਼ੂਰ ਹੱਸ ਕੇ ਕਹਿਣ ਲੱਗੇ, ਬੇਟਾ ! ਕੀ ਹੋਇਆ? ਕਹਿੰਦੀ ਆਪਣੇ ਦਿਲ ਦਾ ਟੁੱਕੜਾ ਦੇਣ ਲੱਗਿਆਂ ਘੱਟੋ ਘੱਟ ਪੁੱਛੀਦਾ ਹੈ ਕਿ ਇਸਦਾ ਘਰ ਕਿਹੜਾ ਹੈ? ਇਸਦਾ ਖ਼ਾਨਦਾਨ ਕਿਹੜਾ ਹੈ? ਹਜ਼ੂਰ ਨੇ ਕਿਹਾ, ਬਸ ਇਹੀ ਚੀਜ਼ਾਂ ਪੁੱਛਣ ਆਈ ਹੈਂ। ਕਹਿਣ ਲੱਗੇ ਕਿ ਇਸਦਾ ਖ਼ਾਨਦਾਨ ਪੁੱਛਣਾ ਹੈ ਤਾਂ ਇਸਦਾ ਜਨਮ ਅੱਜ ਗੁਰੂ ਦੇ ਘਰ ਵਿਚ ਹੋ ਚੁੱਕਾ ਹੈ। ਜੇ ਇਸਦਾ ਮਾਂ-ਬਾਪ ਦੇਖਣਾ ਹੈ ਤਾਂ ਮੈਂ ਭਰੀ ਸੰਗਤ ਵਿਚ ਦੱਸਦਾ ਹਾਂ ਕਿ ਇਸਦਾ ਮਾਂ-ਬਾਪ ਮੈਂ ਹਾਂ। ਜਿਥੋਂ ਤੱਕ ਪੁੱਛਦੀ ਪਈ ਹੈਂ ਕਿ ਇਸਦੀ ਰੋਟੀ ਕਿਵੇਂ ਚੱਲੇਗੀ ਤਾਂ ਚੇਤੇ ਰੱਖੀਂ, ਇਸ ਉੱਪਰ ਇੰਨੀ ਕੁ ਬਖ਼ਸ਼ਿਸ਼ ਹੋਵੇਗੀ ਗੁਰੂ ਨਾਨਕ ਸਾਹਿਬ ਦੀ ਕਿ ਇਹ ਤਾਂ ਡਿੱਗਿਆਂ ਹੋਇਆਂ ਦੇ ਅੰਦਰ ਨੂੰ ਨਾਮ ਦੇ ਖ਼ਜ਼ਾਨੇ ਵੰਡਿਆ ਕਰੇਗਾ। ਪਿਆਰਿਉ ! ਉਸ ਵੇਲੇ ਹਜ਼ੂਰ ਨੇ 22 ਮੰਜੀਆਂ ਵਿਚੋਂ ਇਕ ਮੰਜੀ ਇਸਨੂੰ ਦੇ ਦਿੱਤੀ, ਜਿਸਦੇ ਤਨ ਤੋਂ ਵੀ ਲੋਕ

ਨਫ਼ਰਤ ਕਰਦੇ ਸਨ। ਗੁਰੂ ਦੀ ਸੇਵਾ ਤਾਂ ਨਿਗੁਰਿਆਂ ਨੂੰ ਵੀ ਬਖ਼ਸ਼ਿਸ਼ ਦੇ ਦਿੰਦੀ ਹੈ।

*ਹਰਿ ਜੀਉ ਆਪੇ ਬਖਸਿ ਮਿਲਾਇ॥*

ਪ੍ਰਮਾਤਮਾ ਜੀ ਨੇ ਆਪ ਤਰੁੱਠ ਕੇ ਨਿਗੁਰਿਆਂ ਨੂੰ ਬਖ਼ਸ਼ ਦਿੱਤਾ। ਆਪੇ ਹੀ ਅਪਰਾਧੀਆਂ ਦੇ ਪਾਪ ਖੰਡਨ ਕਰ ਦਿੱਤੇ ਤੇ ਪ੍ਰਮਾਤਮਾ ਨੇ ਇਕੱਲਾ ਇਹ ਨਹੀਂ ਕਿਹਾ ਕਿ ਤੈਨੂੰ ਬਖ਼ਸ਼ ਦਿੱਤਾ, ਕਹਿਣ ਲੱਗੇ ਬਖ਼ਸ਼ਿਸ਼ ਤੋਂ ਬਾਅਦ ਆਪਣੇ ਨਾਲ ਮਿਲਾ ਲਿਆ।

*ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰ ਲਏ ਰਲਾਇ॥ ਰਹਾਉ॥*

ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦੇ ਅੰਦਰ ਦੀ ਨਿਮਰਤਾ ਹੈ। ਕਹਿੰਦੇ ਹਨ, ਹੇ ਭਾਈ ! ਅਸੀਂ ਗੁਣਾਂ ਤੋਂ ਹੀਣੇ ਹਾਂ। ਸਾਨੂੰ ਗੁਣਾਂ ਤੋਂ ਹੀਣਿਆਂ ਨੂੰ ਸਮਰੱਥ ਸਤਿਗੁਰ ਨੇ ਆਪ ਕ੍ਰਿਪਾ ਕਰਕੇ ਬਖ਼ਸ਼ ਲਿਆ।

*ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥*

ਜਦੋਂ ਸੱਚੇ ਸ਼ਬਦ ਦੀ ਵੀਚਾਰ ਕੀਤੀ, ਗੁਰੂ ਜੀ ਦੇ ਅੰਮ੍ਰਿਤ ਬਚਨਾਂ ਨੂੰ ਆਪਣੇ ਅੰਦਰ ਘੋਖਿਆ ਤੇ ਫਿਰ ਇਸ ਗੱਲ ਦੀ ਸਮਝ ਪਈ ਕਉਣ ਕਉਣ ਅਪਰਾਧੀ ਪਤਾ ਨਹੀਂ ਕਿੰਨੇ ਕਿੰਨੇ ਬੱਜਰ ਪਾਪ ਕਰਨ ਵਾਲੇ ਪਾਪੀਆਂ ਨੂੰ ਸਮਰੱਥ ਗੁਰੂ ਨੇ ਬਖ਼ਸ਼ ਦਿੱਤਾ। ਕੁਝ ਬੰਦੇ ਲੁੱਕ ਕੇ ਪਾਪ ਕਰਦੇ ਹਨ। ਕੁਝ ਬੰਦੇ ਅਜਿਹੇ ਪਾਪ ਕਰਦੇ ਹਨ ਕਿ ਪਤਾ ਲੱਗ ਜਾਂਦਾ ਹੈ। ਪਿਆਰਿਉ ! ਜਿਹੜੇ ਲੁੱਕ ਕੇ ਪਾਪ ਕਰਦੇ ਹਨ, ਰੱਬ ਉਹਨਾਂ ਨੂੰ ਵੀ ਬਖ਼ਸ਼ ਦਿੰਦੇ ਹਨ ਤੇ ਜਿਨ੍ਹਾਂ ਦਾ ਪਤਾ ਸਾਰੇ ਜਹਾਨ ਵਿਚ ਲੱਗ ਜਾਏ, ਰੱਬ ਉਹਨਾਂ ਨੂੰ ਵੀ ਬਖ਼ਸ਼ ਦਿੰਦਾ ਹੈ।

*ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨॥*

ਇਸ ਭਵ ਸਾਗਰ ਤੋਂ ਸਤਿਗੁਰ ਜੀ ਨੇ ਆਪਣੇ ਬੇੜੇ ਵਿਚ ਚਾੜ੍ਹ ਲਿਆ ਹੈ ਤੇ ਉਹ ਬੇੜਾ ਹੈ ਸ਼ਬਦ ਦਾ, ਨਾਮ ਦਾ। ਤੇ ਜਿਹੜੇ ਅਪਰਾਧੀ ਸਨ, ਸਾਰੇ ਪਾਰ ਹੋ ਗਏ।

*ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥*

ਹਜ਼ੂਰ ਗੁਰੂ ਅਮਰਦਾਸ ਜੀ ਕਹਿ ਰਹੇ ਹਨ ਕਿ ਦੇਖੋ, ਜਿਹੜੇ ਸੜ ਚੁੱਕੇ ਲੋਹੇ ਹਨ, ਉਹ ਵੀ ਸੋਨਾ ਬਣ ਗਏ, ਜਦੋਂ ਸਤਿਗੁਰੂ ਪਾਰਸ ਮਿਲ ਗਿਆ। ਗੁਰੂ ਪਾਰਸ ਨੇ ਆਪਣੇ ਸ਼ਬਦ ਦੀ ਸਪਰਸ਼ਤਾ ਨਾਲ ਸੜ ਚੁੱਕੇ ਮਨ ਵੀ ਕੰਚਨ ਬਣਾ ਦਿੱਤੇ।

*ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩॥*

ਜਿਨ੍ਹਾਂ ਨੇ ਆਪਾ ਭਾਵ ਛੱਡ ਦਿੱਤਾ, ਮੈਂ ਮੇਰੀ ਨੂੰ ਤਿਆਗ ਦਿੱਤਾ ਤੇ ਗੁਰੂ ਦੇ ਸ਼ਬਦ ਨੂੰ ਸਹਾਰਾ ਬਣਾਇਆ ਤੇ ਜਿਨ੍ਹਾਂ ਨੇ ਸ਼ਬਦ ਨੂੰ ਸਹਾਰਾ ਬਣਾ ਕੇ ਆਪਣੀ ਹੋਂਦ ਛੱਡ ਦਿੱਤੀ, ਉਹਨਾਂ ਦੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਗਈ।

*ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥*



ਧੰਨ ਗੁਰੂ ਅਮਰਦਾਸ ਜੀ ਮੇਹਰ ਕਰਦੇ ਹਨ ਕਿ ਮੈਂ ਆਪਣੇ ਸਤਿਗੁਰੂ ਤੋਂ ਵਾਰਨੇ ਜਾਂਦਾ ਹਾਂ। ਸਦੀਆਂ ਲਈ ਮੈਂ ਆਪਣੇ ਗੁਰੂ ਤੋਂ ਆਪਣੇ ਆਪ ਨੂੰ ਕੁਰਬਾਨ ਕਰਦਾ ਹਾਂ।

*ਨਾਮੁ ਨਿਧਾਨ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪॥*

ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ ਜਿਸਨੇ ਨਾਮ ਦਾ ਖ਼ਜ਼ਾਨਾ ਮੈਨੂੰ ਦੇ ਦਿੱਤਾ ਤੇ ਇਹੋ ਜਿਹਾ ਖ਼ਜ਼ਾਨਾ ਦਿੱਤਾ ਕਿ ਦੇਖਕੇ ਕਿਹਾ, ਭਾਈ ਦੁਨੀਆਂ ਦੇ ਜਿੰਨੇ ਵੀ ਖ਼ਜ਼ਾਨੇ ਹਨ, ਉਹ ਖ਼ਰਚਿਆਂ ਤੇ ਖਾਂਦਿਆਂ ਮੁੱਕਦੇ ਹਨ ਪਰ ਇਹ ਜਿਹੜਾ ਖ਼ਜ਼ਾਨਾ ਤੇਰੀ ਝੋਲੀ ਵਿਚ ਪਾਉਣ ਲੱਗਾ ਹਾਂ, ਜਿੰਨਾ ਖ਼ਰਚੇਂਗਾ ਇਹ ਵੱਧੇਗਾ। ਇਸਨੇ ਕਦੀ ਵੀ ਘੱਟਣਾ ਨਹੀਂ। ਉਸਨੇ ਗੁਰਮਤਿ ਰਾਹੀਂ ਮੇਰੇ ਅੰਦਰ ਨੂੰ ਆਪਣੇ ਵਿਚ ਸਮਾ ਲਿਆ ਹੈ।

*ਗੁਰ ਬਿਨੁ ਸਹਜੁ ਨ ਉਪਜੈ ਭਾਈ ਪੂਛਹੁ ਗਿਆਨੀਆ ਜਾਇ॥*

ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਹਜਿ ਹੀ ਪਰਮ ਅਵਸਥਾ ਹੈ। ਗੁਰੂ ਤੋਂ ਬਿਨਾਂ ਸਹਿਜ ਅਵਸਥਾ ਨਹੀਂ ਪ੍ਰਾਪਤ ਹੋ ਸਕਦੀ। ਜਾ ਕੇ ਗਿਆਨੀਆਂ ਕੋਲੋਂ ਪੁੱਛੋ ਕਿ ਸਹਿਜ ਗੁਰੂ ਤੋਂ ਬਿਨਾਂ ਮਿਲ ਸਕਦਾ ਹੈ। ਹਜ਼ੂਰ ਨੇ ਕਿਹਾ ਉਹਨਾਂ ਗਿਆਨੀਆਂ ਕੋਲੋਂ ਪੁੱਛੋ ਜਿਹੜੇ ਸਹਿਜ ਵਿਚ ਵਰਤਦੇ ਹਨ। ਗਿਆਨੀ ਕਹਿਣਗੇ, ਗੁਰੂ ਤੋਂ ਬਿਨਾਂ ਸਹਿਜ ਨਹੀਂ।

*ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫॥*

ਭਾਈ ਸੱਚ ਦੀ ਤੂੰ ਸੇਵਾ ਕਰ ਤੇ ਸਦਾ ਲਈ ਕਰ। ਜੇ ਸੇਵਾ ਕਰਨੀ ਹੈ ਤਾਂ, ਇਹ ਵੀ ਦਾਤ ਸਮਝ। ਗੁਰਮੁਖੋ ! ਸੇਵਾ ਨੂੰ ਕਦੀ ਅਹਿਸਾਨ ਨਾ ਸਮਝਿਓ। ਇਹ ਨਾ ਕਹਿਓ ਕਿ ਮੈਂ ਕੀਤਾ, ਬਸ ਇਕੋ ਸ਼ਬਦ ਕਹਿਣਾ, ਸਤਿਗੁਰੂ ! ਤੁਸੀਂ ਤਰਸ ਕਰਕੇ ਸੇਵਾ ਦਿੱਤੀ। ਸਤਿਗੁਰ ਦੀ ਸਦਾ ਸੇਵਾ ਕਰ। ਹਉਮੈ ਨੂੰ ਛੱਡ ਦੇ।

*ਗੁਰਮਤੀ ਭਉ ਉਪਜੈ ਭਾਈ ਭਉ ਕਰਣੀ ਸਚੁ ਸਾਰੁ॥*

ਜਦੋਂ ਬੰਦਾ ਸੇਵਾ ਕਰਨੀ ਸ਼ੁਰੂ ਕਰਦਾ ਹੈ ਤਾਂ ਇਸਦੀ ਜ਼ਿੰਦਗੀ ਵਿਚ ਜੀਵਨ ਆਪਣੇ ਆਪ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਸੇਵਾ ਇਸ ਤਰ੍ਹਾਂ ਕਰ ਕਿ ਰੱਬ ਮੇਹਰ ਕਰੇ ਤੇ ਤੇਰੇ ਅੰਦਰ ਭੈਅ ਪੈਦਾ ਹੋ ਜਾਏ। ਭੈਅ ਕੇਵਲ ਉਹ ਹੀ ਗੁਰੂ ਦਾ ਮੰਨਦੇ ਹਨ ਜਿਹੜੇ ਭਾਉ ਨਾਲ ਸੇਵਾ ਕਰਦੇ ਹਨ। ਗੁਰਮੁਖੋ ! ਇਹ ਭੈਅ ਪੈਦਾ ਹੁੰਦਾ ਹੈ ਸੇਵਾ ਕਰਕੇ ਤੇ ਹੁਣ ਆਤਮਕ ਜੀਵਨ ਅੰਦਰੋਂ ਨਿਕਲਣ ਲੱਗਾ ਹੈ।

*ਪ੍ਰੇਮ ਪਦਾਰਥ ਪਾਈਐ ਭਾਈ ਸਚੁ ਨਾਮੁ ਆਧਾਰੁ॥ ੬॥*

ਸੱਚੇ ਨਾਮ ਨੂੰ ਜਦੋਂ ਜ਼ਿੰਦਗੀ ਦਾ ਅਧਾਰ ਬਣਾਇਆ, ਫਿਰ ਉਹ ਪਦਾਰਥ ਮਿਲਿਆ ਜਿਹੜਾ ਪ੍ਰੇਮ ਹੈ।

*ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥*

ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਦੀ ਸੇਵਾ ਕਰਨ ਵਾਲਿਆ ! ਮੈਂ ਅਰਦਾਸ ਕਰਦਾ ਹਾਂ ਕਿ ਮੈਨੂੰ ਤੇਰੇ ਚਰਨਾਂ ਦੀ ਧੂੜ ਮਿਲ ਜਾਏ। ਮੈਂ ਤੇਰੇ ਚਰਨਾਂ ਨਾਲ ਜੁੜਾਂ, ਜਿਹੜਾ ਗੁਰੂ ਦੇ ਚਰਨਾਂ ਨਾਲ ਜੁੜਿਆ ਹੈ।

*ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥ ੭॥*

ਕਹਿੰਦੇ ਹਨ ਕਿ ਮੈਂ ਤਾਂ ਤੇਰੇ ਚਰਨਾਂ ਵਿਚ ਆਇਆ ਹਾਂ, ਕਿਉਂਕਿ ਤੂੰ ਸੇਵਾ ਕਰਦਾ ਹੈਂ, ਤੇਰੇ ਅੰਦਰ ਗੁਰੂ ਵੱਸਦਾ ਹੈ। ਕਹਿੰਦੇ ਹਨ ਕਿ ਆਪਣੀ ਕੁਲ ਵੀ ਮੈਂ ਸਵਾਰਾਂਗਾ ਤੇ ਆਪਣੇ ਜਨਮ ਨੂੰ ਵੀ ਮੈਂ ਸਵਾਰਾਂਗਾ। ਜਿਹੜੇ ਗੁਰੂ ਦੇ ਚਰਨਾਂ ਵਿਚ ਜੁੜੇ ਹਨ, ਉਹਨਾਂ ਤੋਂ ਬਲਿਹਾਰ ਜਾ ਕੇ।

*ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥*

ਜਦੋਂ ਗੁਰੂ ਦੀ ਬਖ਼ਸ਼ਿਸ਼ ਵਰਤੀ, ਸਮਝ ਪੈ ਗਈ ਕਿ ਬਾਣੀ ਸੱਚ ਹੈ, ਸ਼ਬਦ ਹੀ ਹੈ। ਸਦੀਵ ਕਾਲ ਲਈ ਸ਼ਬਦ ਨੇ ਹੀ ਰਹਿਣਾ ਹੈ।

*ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥*

ਗੁਰੂ ਅਮਰਦਾਸ ਜੀ ਕਹਿਣ ਲੱਗੇ, ਹੇ ਭਾਈ ! ਜਦੋਂ ਮਨੁੱਖੀ ਮਨ ਦੇ ਅੰਦਰ ਨਾਮ ਵੱਸ ਜਾਏ, ਫਿਰ ਉਸ ਨੂੰ ਕੋਈ ਵਿਘਨ ਨਹੀਂ ਲੱਗਦਾ। ਉਸਨੂੰ ਕੋਈ ਰੁਕਾਵਟ ਨਹੀਂ ਲੱਗਦੀ, ਕਿਉਂਕਿ ਨਾਮ ਉਸਦੇ ਵਿਘਨ ਨੂੰ ਦੂਰ ਕਰ ਦਿੰਦਾ ਹੈ।

ਧੰਨ ਗੁਰੂ ਅਮਰਦਾਸ ਜੀ ! ਕ੍ਰਿਪਾ ਕਰੋ, ਜੋ ਆਪ ਜੀ ਦੇ ਪਵਿੱਤਰ ਬਚਨ ਵਿਚਾਰੇ ਹਨ, ਇਹਨਾਂ ਨੂੰ ਜ਼ਿੰਦਗੀ ਵਿਚ ਢਾਲਣ ਦੀ ਸੋਝੀ ਬਖ਼ਸ਼ ਦੇਣਾ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆



# ਮਨਮੁਖਿ ਜਨਮੁ ਗਵਾਇਆ

ਸਲੋਕ ਮ : ੩॥

*ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ॥*
*ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ॥*
*ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ॥*
*ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ॥ ੧॥*
*ਮ: ੩॥ ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦ॥*
*ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ॥*
*ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦੁ॥*
*ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ॥ ੨॥*
*ਪਉੜੀ॥ ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥*
*ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥*
*ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ*
*ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥*
*ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ*
*ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥*
*ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ*
*ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ॥ ੧੩॥ ੧॥ ਸੁਧੁ॥*

(ਅੰਗ ੮੫੪-੫੫)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਸੰਗੀ ਜਨੋਂ ! ਜੁਗੋ ਜੁਗ ਅਟੱਲ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਗੁਰ-ਸ਼ਬਦ ਦੀ ਵਿਚਾਰ ਸਰਵਨ ਕਰਨ ਆਏ ਹੋ। ਇਹ ਪਾਵਨ ਪਵਿੱਤਰ ਸ਼ਬਦ ਬਿਲਾਵਲ ਰਾਗ ਦੇ ਅੰਦਰ ਗੁਰੂ ਰਾਮਦਾਸ

ਸੱਚੇ ਪਾਤਿਸ਼ਾਹ ਜੀ ਦੀ ਉਚਾਰਨ ਕੀਤੀ ਹੋਈ ਵਾਰ ਦੀ ੧੩ਵੀਂ ਪਉੜੀ ਹੈ। ਅੱਜ ਦੀ ਇਸ ਵਿਚਾਰ ਦਾ ਸੰਖੇਪ ਭਾਵ ਇਹ ਹੈ। ਇਸ ਪਉੜੀ ਨਾਲ ਪਹਿਲੇ ਸਲੋਕ ਵਿਚ ਗੁਰੂ ਅਮਰਦਾਸ ਜੀ ਨੇ ਬਖ਼ਸ਼ਿਸ਼ ਕੀਤੀ ਕਿ ਮਨਮੁਖ ਬੰਦੇ ਆਪਣੇ ਆਪ ਨੂੰ ਪੜਚੋਲਦੇ ਨਹੀਂ, ਆਪਣੇ ਆਪ ਨੂੰ ਪਹਿਚਾਣਦੇ ਨਹੀਂ ਤੇ ਪਾਰਬ੍ਰਹਮ ਨੂੰ ਬਹੁਤ ਦੂਰ ਵੱਸਦਾ ਜਾਣਦੇ ਹਨ। ਹਜ਼ੂਰ ਕ੍ਰਿਪਾਲੂ ਜੀ ਨੇ ਬਚਨ ਕੀਤਾ। ਫਿਰ ਉਹਨਾਂ ਦੇ ਅੰਦਰੋਂ ਗੁਰੂ ਦੀ ਸੇਵਾ ਵਿਸਰ ਗਈ। ਜਿਨ੍ਹਾਂ ਨੇ ਆਪਣਾ ਆਪ ਪਛਾਣਿਆ ਨਹੀਂ, ਪ੍ਰਮਾਤਮਾ ਨੂੰ ਦੂਰ ਜਾਣਿਆ ਹੈ, ਗੁਰੂ ਦੀ ਸੇਵਾ ਕਦੀ ਜ਼ਿੰਦਗੀ ਵਿਚ ਕਮਾਈ ਨਹੀਂ ਤੇ ਮਹਾਰਾਜ ਕਹਿੰਦੇ ਹਨ, ਉਹਨਾਂ ਦਾ ਮਨ ਪ੍ਰਮਾਤਮਾ ਦੀ ਹਜ਼ੂਰੀ ਵਿਚ ਕਿਵੇਂ ਆ ਜਾਏਗਾ? ਮਨ ਕਠੋਰ ਹੋ ਚੁੱਕਿਆ ਹੈ, ਅੰਦਰ ਭਿੱਜਦਾ ਨਹੀਂ ਤੇ ਦੂਜਾ ਜੋ ਸਲੋਕ ਹੈ, ਇਸ ਪਉੜੀ ਨਾਲ ਉਸ ਵਿਚ ਹਜ਼ੂਰ ਨੇ ਕ੍ਰਿਪਾ ਕੀਤੀ ਹੈ ਕਿ ਪ੍ਰਮੇਸ਼ਰ ਦਾ ਨਾਮ ਹੀ ਸਥਿਰ ਰਹਿਣ ਵਾਲਾ ਹੈ। ਪ੍ਰਮਾਤਮਾ ਦਾ ਨਾਮ ਗੁਰੂ ਦੇ ਰਾਹੀਂ ਮਨੁੱਖ ਦੀ ਝੋਲੀ ਵਿਚ ਪੈਂਦਾ ਹੈ ਤੇ ਇਸ ਨਾਲ ਜਿਹੜੀ ਪਉੜੀ ਹੈ ਇਸ ਵਿਚ ਗੁਰੂ ਰਾਮਦਾਸ ਜੀ ਨੇ ਕ੍ਰਿਪਾ ਕੀਤੀ ਹੈ। ਮੰਨ ਲਉ, ਕੋਈ ਬੰਦਾ ਸਾਰੀ ਜ਼ਿੰਦਗੀ ਨਿੰਦਿਆ ਕਰਦਾ ਰਿਹਾ ਹੈ। ਆਮ ਬੰਦਿਆ ਦੀ ਨਹੀਂ, ਸਮਰੱਥ ਗੁਰੂ ਦੀ ਨਿੰਦਿਆ ਕਰਦਾ ਰਿਹਾ ਹੈ ਤੇ ਜੇ ਕਿਤੇ ਨਿੰਦਕ ਪਰਤ ਕੇ ਗੁਰੂ ਜੀ ਦੇ ਚਰਨਾਂ ਵਿਚ ਆ ਜਾਏ ਤੇ ਹੱਥ ਜੋੜ ਕੇ ਆਪਣੇ ਕੀਤੇ ਹੋਏ ਗੁਨਾਹਾਂ ਦੀ ਮਾਫ਼ੀ ਮੰਗੇ ਤਾਂ ਸਤਿਗੁਰੂ ਇਕ ਨਿਰਮਲ ਦਰਿਆ ਦੀ ਤਰ੍ਹਾਂ ਹਨ। ਨਿੰਦਕ ਪਰਤ ਕੇ ਖਿਮਾ ਮੰਗੇ ਤੇ ਜਿਵੇਂ ਮੈਲਾ ਪਾਣੀ ਨਿਰਮਲ ਪਾਣੀ ਵਿਚ ਮਿਲ ਕੇ ਨਿਰਮਲ ਹੋ ਜਾਂਦਾ ਹੈ ਤੇ ਨਿੰਦਕ ਬੰਦਿਆਂ ਨੂੰ ਵੀ ਸਤਿਗੁਰ ਕ੍ਰਿਪਾ ਕਰਕੇ ਆਪਣੇ ਨਾਲ ਮਿਲਾ ਲੈਂਦੇ ਹਨ। ਅਖ਼ੀਰ 'ਤੇ ਵਿਚਾਰ ਦਾ ਜੋ ਤੱਤ ਭਾਵ ਹੈ ਇਹ ਪ੍ਰਮਾਤਮਾ ਦੀ ਅਸਚਰਜ ਵਡਿਆਈ ਦੇਖੋ ਕਿ ਜਿਹੜਾ ਸਤਿਗੁਰੂ ਨੂੰ ਭਾਵਨਾ ਨਾਲ ਮੰਨਣ ਲੱਗ ਪਏਗਾ, ਉਹ ਸਾਰੇ ਸੰਸਾਰ ਨੂੰ ਚੰਗਾ ਲੱਗੇਗਾ। ਪ੍ਰਮਾਤਮਾ ਨੂੰ ਵੀ ਭਾਅ ਜਾਏਗਾ।

*ਸਲੋਕ ਮ: ੩ ॥ ਆਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ ॥*

ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਆਪਣੀ ਪਾਵਨ ਪਵਿੱਤਰ ਰਸਨਾ ਤੋਂ ਇਹ ਸਲੋਕ ਉਚਾਰਨ ਕੀਤਾ ਹੈ ਕਿ ਮਨਮੁਖ ਬੰਦੇ ਨੇ ਆਪਣੇ ਆਪ ਨੂੰ ਪਛਾਣਿਆ ਨਹੀਂ। ਉਸ ਹਰੀ ਨੂੰ, ਉਸ ਪ੍ਰਮਾਤਮਾ ਨੂੰ ਉਸਨੇ ਬਹੁਤ ਦੂਰ ਜਾਣਿਆ ਹੈ।

*ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ ॥*

ਜਿਸ ਬੰਦੇ ਨੇ ਆਪਣੇ ਆਪ ਨੂੰ ਨਹੀਂ ਪਛਾਣਿਆ, ਉਸਨੂੰ ਗੁਰੂ ਦੀ ਸੇਵਾ ਭੁੱਲ ਗਈ, ਉਸਨੂੰ ਪ੍ਰਮਾਤਮਾ ਦੀ ਬੰਦਗੀ ਭੁੱਲ ਗਈ ਤੇ ਉਸਦਾ ਮਨ ਪ੍ਰਮੇਸ਼ਰ ਦੀ ਹਜ਼ੂਰੀ ਵਿਚ ਕਿਵੇਂ ਰਹੇਗਾ? ਪਹਿਲੇ ਸਲੋਕ ਦਾ ਤੱਤ ਭਾਵ ਕਿ ਮਨਮੁਖ ਬਿਰਤੀ ਕਿਹੋ ਜਿਹੀ ਹੈ?

ਆਪ ਜੀ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਇਕ ਮਨਮੁਖ ਸ਼ਬਦ ਤੇ ਦੂਜਾ ਸਨਮੁਖ ਸ਼ਬਦ ਕਈ ਵਾਰ ਪੜ੍ਹਦੇ ਅਤੇ ਸੁਣਦੇ ਹੋ। ਮਨਮੁਖ ਦਾ ਸਰੀਰ ਵੀ ਗੁਰਮੁਖ ਦੀ



ਤਰ੍ਹਾਂ ਪੰਜਾਂ ਤੱਤਾਂ ਦਾ ਹੈ। ਰਹਿੰਦਾ ਉਹ ਵੀ ਇਸ ਜ਼ਮੀਨ ਦੇ ਉੱਪਰ ਹੈ। ਬਸਤਰ ਵੀ ਉਹ ਆਮ ਸਾਡੇ ਬੰਦਿਆਂ ਦੀ ਤਰ੍ਹਾਂ ਪਹਿਨਦਾ ਹੈ। ਸਰੀਰਕ ਤੌਰ 'ਤੇ ਫ਼ਰਕ ਨਹੀਂ, ਮਨਮੁਖ ਤੇ ਗੁਰਮੁਖ ਦੇ ਅੰਦਰ ਸਿਰਫ਼ ਅੰਦਰ ਦੀ ਬਿਰਤੀ ਕਰਕੇ ਬਹੁਤ ਵੱਡਾ ਫ਼ਰਕ ਹੈ। ਮਨਮੁਖੀ ਇਕ ਅੰਦਰ ਦੀ ਇਹੋ ਜਿਹੀ ਬਿਰਤੀ ਹੈ ਕਿ ਮਨੁੱਖ ਆਪਣੇ ਮੂਲ ਨੂੰ ਕਦੀ ਨਹੀਂ ਪਹਿਚਾਣਦਾ। ਸੇਵਾ ਤਾਂ ਕੀ ਕਰਨੀ ਸੀ, ਸੇਵਾ ਕਰਨ ਵਾਲਿਆਂ ਦੇ ਮਜ਼ਾਕ ਉਡਾਏ ਤੇ ਕਦੀ ਭੁੱਲ ਕੇ ਸੰਗਤ 'ਚੋਂ ਲੰਘ ਗਿਆ ਤੇ ਕਹਿਣ ਲੱਗਾ ਪਤਾ ਨਹੀਂ ਲੋਕ ਕਿਵੇਂ ਇੰਨਾ ਸਮਾਂ ਇਥੇ ਬੈਠੇ ਰਹਿੰਦੇ ਹਨ, ਮੇਰਾ ਤਾਂ ਦੋ ਮਿੰਟ ਵੀ ਇਥੇ ਮਨ ਨਹੀਂ ਟਿੱਕਦਾ।

ਆਉ, ਅਸੀਂ ਬਾਣੀ ਵਿਚੋਂ ਦੇਖੀਏ ਕਿ ਮਨਮੁਖ ਬਿਰਤੀ ਕਿਹੋ ਜਿਹੀ ਹੈ। ਆਪ ਜੀ ਦੇ ਚੁਗਿਰਦੇ ਹੋ ਸਕਦਾ ਹੈ ਕਿ ਸੰਸਾਰ ਵਿਚ ਵਿਚਰਦਿਆਂ ਅਜਿਹੀ ਬਿਰਤੀ ਵਾਲੇ ਅਨੇਕਾਂ ਲੋਕ ਮਿਲਣ। ਹਜ਼ੂਰ ਨੇ ਬਾਣੀ ਵਿਚ ਪਹਿਲਾ ਬਚਨ ਕੀਤਾ ਹੈ ਕਿ ਮਨਮੁਖ ਬੰਦਾ ਆਪਣੇ ਮੂਲ ਤੋਂ ਭੁੱਲ ਗਿਆ ਹੈ। ਇਸਨੂੰ ਇਹ ਨਹੀਂ ਪਤਾ ਕਿ ਮੈਂ ਸੰਸਾਰ ਵਿਚ ਕਰਨ ਕੀ ਆਇਆ ਹਾਂ? ਮੇਰਾ ਇਸ ਧਰਤੀ 'ਤੇ ਆਉਣ ਦਾ ਮਕਸਦ ਕੀ ਹੈ? ਮਨਮੁਖ ਕਿਵੇਂ ਆਪਣੇ ਮੂਲ ਤੋਂ ਭੁੱਲ ਗਿਆ ਹੈ ਤੇ ਉਸਦੇ ਅੰਦਰ ਲਾਲਚ ਜਾਂ ਵਾਸ਼ਨਾ ਜਾਂ ਹੰਕਾਰ ਹੈ। ਫਿਰ ਪਤਾ ਨਹੀਂ ਪ੍ਰਮਾਤਮਾ ਨੇ ਉਸਦੀ ਅਕਲ ਖੋਹ ਲਈ ਤੇ ਜਦੋਂ ਵੀ ਆਪਣੀ ਜ਼ਬਾਨ ਤੋਂ ਬੋਲਦਾ ਹੈ, ਉਸਦੇ ਮੂੰਹ ਵਿਚੋਂ ਨਿਕਲੇ ਹੋਏ ਬੋਲ ਵਿਕਾਰਾਂ ਤੋਂ ਬਿਨਾਂ ਹੋਰ ਕੋਈ ਦੂਜੀ ਗੱਲ ਨਹੀਂ। ਇਹੋ ਜਿਹੇ ਬਿਰਤੀ ਵਾਲੇ ਬੰਦੇ, ਸਾਹਿਬ ਨੇ ਕਿਹਾ, ਜੋ ਪ੍ਰਮਾਤਮਾ ਨੇ ਦਿੱਤਾ ਹੈ, ਮਨਮੁਖ ਬੰਦਾ ਕਦੀ ਵੀ ਉਸ 'ਤੇ ਸੰਤੋਖ ਨਹੀਂ ਕਰਦਾ। ਦਿਨ ਰਾਤ ਪ੍ਰਮਾਤਮਾ ਦੀਆਂ ਦਾਤਾਂ ਮਾਣਦੇ ਹੋਏ ਵੀ ਪ੍ਰਮਾਤਮਾ ਨੂੰ ਵੀ ਉਲਾਹਮੇ ਦੇ ਜਾਏਗਾ। ਸਾਹਿਬ ਨੇ ਬਚਨ ਕੀਤਾ ਕਿ ਜੇ ਇਹੋ ਜਿਹੇ ਮਨਮੁਖ ਬਿਰਤੀ ਵਾਲੇ ਬੰਦੇ ਕਿਤੇ ਮਿਲ ਜਾਣ ਤਾਂ ਗੁਰੂ ਦੇ ਸਿੱਖਾ ! ਤੂੰ ਪਾਸਾ ਵੱਟ ਜਾਈਂ, ਕਿਉਂਕਿ ਜਿਹੜੇ ਆਪ ਅੰਦਰੋਂ ਟੁੱਟੇ ਹਨ, ਉਹਨਾਂ ਦੇ ਨੇੜੇ ਬੈਠਿਆਂ ਤੈਨੂੰ ਕਿੰਨੀ-ਕੁ ਅੰਦਰ ਸ਼ਾਂਤੀ ਮਿਲ ਸਕਦੀ ਹੈ। ਸਾਹਿਬ ਦੇ ਅੰਮ੍ਰਿਤ ਬੋਲ ਹਨ ਕਿ

*ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥*

(ਅੰਗ ੩੧੬)

ਮੂਲ ਤੋਂ ਭੁੱਲ ਗਿਆ। ਹੁਣ ਮੂਲ ਤੋਂ ਭੁੱਲਣਾ ਕੀ ਹੈ? ਇਕ ਤਾਂ ਮੂਲ ਤੋਂ ਭੁੱਲਣਾ ਹੈ ਆਪਣੇ ਆਪ ਨੂੰ ਪਛਾਣਿਆ ਨਹੀਂ ਕਿ ਮੈਂ ਹੈ ਕੀ ਹਾਂ? ਦੂਜਾ ਭਾਈ ਗੁਰਦਾਸ ਜੀ ਨੇ ਮੂਲੋਂ ਭੁਲਿਆਂ ਦੇ ਅਰਥ ਬੜੇ ਸੋਹਣੇ ਕੀਤੇ ਹਨ। ਉਹ ਕਹਿੰਦੇ ਹਨ ਕਿ ਮੂਲੋਂ ਭੁਲਿਆਂ ਦਾ ਅਰਥ ਆਪਾਂ ਕਰੀਏ। ਆਪਣੇ ਕੋਲ ਵਸਤੂ ਮੌਜੂਦ ਹੈ, ਪਰ ਆਪਣੇ ਘਰ ਵਸਤੂ ਹੋਣ ਦੇ ਬਾਵਜੂਦ ਉਸਦੀ ਕਦਰ ਨਾ ਜਾਣੀ। ਆਪਣੇ ਕੋਲ ਕੀਮਤੀ ਖ਼ਜ਼ਾਨਾ ਹੈ, ਪਰ ਝੋਲੀ ਅੱਡ ਕੇ ਲੋਕਾਂ ਦੇ ਦਰਵਾਜ਼ਿਆਂ 'ਤੇ ਮੰਗਦਾ ਪਿਆ ਹੈ। ਆਪਣੇ ਕੋਲ ਅੰਦਰ ਦੀ ਕੀਮਤੀ ਪੂੰਜੀ ਹੈ, ਪਰ ਉਸਦੀ ਕਦਰ ਨਾ ਜਾਣਨ ਕਰਕੇ ਦਰ ਦਰ ਦਾ ਮੁਥਾਜ ਹੋ ਗਿਆ ਹੈ। ਮੂਲ ਤੋਂ ਭੁੱਲੇ ਹੋਏ ਦੇ ਅਰਥ ਹਨ ਕਿ ਆਪਣੇ ਕੋਲ ਕੀਮਤੀ ਦਾਤ ਹੋਣ ਦੇ ਬਾਵਜੂਦ ਉਸਦੀ ਕਦਰ ਨਾ ਜਾਣੇ।

ਭਾਈ ਸਾਹਿਬ ਨੇ ਕੁਝ ਪ੍ਰਮਾਣ ਦਿੱਤੇ ਹਨ ਇਸ ਪਾਵਨ ਪਵਿੱਤਰ ਤੁੱਕ ਦੇ ਅਰਥ ਕਰਨ ਲਈ ਕਿ ਮਨਮੁਖ ਮੂਲੋਂ ਭੁਲਿਆਂ ਦਾ ਭਾਵ ਕੀ ਹੈ? ਉਹ ਪ੍ਰਮਾਣ ਹਨ, ਕਹਿਣ ਲੱਗੇ ਕਿ ਰਤਨ ਬੜਾ ਕੀਮਤੀ ਹੈ। ਜੇਕਰ ਕਿਸੇ ਜੌਹਰੀ ਕੋਲ ਲੈ ਜਾਉ ਤਾਂ ਕੀਮਤੀ ਰਤਨ ਨੂੰ ਦੇਖਕੇ ਜੌਹਰੀ ਉਸ ਰਤਨ ਦੀ ਕੀਮਤ ਪਾਏਗਾ ਤੇ ਉਸਦੇ ਬਦਲੇ ਹਜ਼ਾਰਾਂ ਲੱਖਾਂ ਰੁਪਏ ਵੀ ਮਿਲ ਸਕਦੇ ਹਨ। ਜੇਕਰ ਕਿਸੇ ਬਾਦਸ਼ਾਹ ਦੇ ਤਾਜ ਵਿਚ ਉਸ ਰਤਨ ਨੂੰ ਜੜ੍ਹਿਆ ਜਾਏ ਤਾਂ ਉਸਦੇ ਤਾਜ ਦੀ ਖ਼ੂਬਸੂਰਤੀ ਤੇ ਉਸ ਤਾਜ ਦੀ ਕੀਮਤ ਬਹੁਤ ਜ਼ਿਆਦਾ ਹੋ ਜਾਏਗੀ। ਪਰ ਕਹਿੰਦੇ ਹਨ, ਜੇਕਰ ਉਹੀ ਰਤਨ ਜਿਹੜਾ ਤਾਜ ਵਿਚ ਕੀਮਤੀ ਹੈ, ਜਿਹੜਾ ਜੌਹਰੀ ਦੀ ਦੁਕਾਨ 'ਤੇ ਕੀਮਤੀ ਹੈ ਤੇ ਜਿਹੜਾ ਰਤਨ ਕਿਸੇ ਦੇ ਗਲੇ ਦੇ ਹਾਰ ਵਿਚ ਜੜ੍ਹਿਆ ਜਾਵੇ, ਉਸ ਹਾਰ ਦੀ ਕੀਮਤ ਵੱਧ ਜਾਂਦੀ ਹੈ ਤੇ ਉਹੀ ਰਤਨ ਕਿਸੇ ਰੱਦੀ ਕੱਪੜੇ ਵਿਚ ਲਪੇਟ ਕੇ ਬਾਂਦਰ ਦੇ ਗਲੇ ਵਿਚ ਬੰਨ੍ਹ ਦਿੱਤਾ ਜਾਵੇ ਤਾਂ ਪਿਆਰਿਉ ! ਚੇਤੇ ਰੱਖਿਉ, ਜਿਹੜੀ ਕੀਮਤ ਇਕ ਬਾਦਸ਼ਾਹ ਦੇ ਤਾਜ ਵਿਚ ਰਤਨ ਦੀ ਹੈ, ਜਿਹੜੀ ਕੀਮਤ ਇਕ ਜੌਹਰੀ ਦੀ ਦੁਕਾਨ ਵਿਚ ਰਤਨ ਦੀ ਹੈ, ਬਾਂਦਰ ਦੇ ਗਲੇ ਵਿਚ ਪਾਇਆ ਹੋਇਆ ਰਤਨ, ਉਸਦੀ ਕੋਈ ਕੀਮਤ ਨਹੀਂ। ਉਸ ਨੂੰ ਸਮਝ ਹੀ ਨਹੀਂ ਕਿ ਮੇਰਾ ਗਲਾ ਅੱਜ ਕਿੰਨਾ-ਕੁ ਕੀਮਤੀ ਹੋ ਗਿਆ ਹੈ। ਬਾਂਦਰ ਕੇਵਲ ਸਾਰਾ ਦਿਨ ਟਪੂਸੀਆਂ ਮਾਰਦਾ ਹੈ, ਉਸਨੂੰ ਆਪਣੇ ਗਲੇ ਵਿਚ ਪਾਏ ਹੋਏ ਇਸ ਕੀਮਤੀ ਪੱਥਰ ਦੀ ਸਮਝ ਹੀ ਨਹੀਂ।

ਹੇ ਇਨਸਾਨ ! ਮਨਮੁਖ ਬਿਰਤੀ ਵਾਲੇ ਨੂੰ ਇਹ ਸਮਝ ਹੀ ਨਹੀਂ ਕਿ ਮੇਰਾ ਜੀਵਨ ਕਿੰਨਾ-ਕੁ ਕੀਮਤੀ ਰਤਨ ਹੈ। ਜੇ ਇਸਦੀ ਕੀਮਤ ਦੇਖਣੀ ਹੈ ਤਾਂ ਉਸ ਬੰਦੇ ਨੂੰ ਪੁੱਛੋ ਜਿਹੜਾ ਆਖ਼ਰੀ ਸਮੇਂ ਵਿਚ ਮੌਤ ਨਾਲ ਘੋਲ ਕਰ ਰਿਹਾ ਹੋਵੇ ਤੇ ਉਸਨੂੰ ਪੁੱਛਕੇ ਦੇਖੋ ਕਿ ਇਹਨਾਂ ਸੁਆਸਾਂ ਦੀ ਇਸ ਜ਼ਿੰਦਗੀ ਵਿਚ ਕੀ ਕੀਮਤ ਹੈ। ਉਹਨਾਂ ਗੁਰਮੁਖਾਂ ਕੋਲੋਂ ਪੁੱਛੋ ਜਿਹੜੇ ਪ੍ਰਮਾਤਮਾ ਦੇ ਨਾਮ ਵਿਚ ਜੁੜੇ ਹਨ। ਉਹ ਕਹਿਣਗੇ ਕਿ ਇਕ ਇਕ ਸੁਆਸ ਵੀ ਲੱਖੀਂ ਹਜ਼ਾਰੀਂ ਕਦੀ ਹੱਥ ਨਹੀਂ ਆਉਂਦਾ। ਪਰ ਮਨਮੁਖ ਬੰਦੇ ਕੋਲ ਸਰੀਰ ਵੀ ਹੈ, ਜੀਵਨ ਵੀ ਹੈ, ਸੁਆਸ ਵੀ ਹਨ ਪਰ ਉਸ ਬਾਂਦਰ ਦੀ ਬਿਰਤੀ ਵਾਲਾ ਹੈ ਕਿ ਗਲੇ ਵਿਚ ਪਾਇਆ ਹੋਇਆ ਕੀਮਤੀ ਰਤਨ ਹੈ, ਪਰ ਰਤਨ ਦੀ ਕੋਈ ਕਦਰ ਨਹੀਂ।

ਭਾਈ ਸਾਹਿਬ ਨੇ ਦੂਜਾ ਬਚਨ ਕੀਤਾ। ਕਹਿਣ ਲੱਗੇ, ਦੇਖੋ ਭੁੱਖ ਕਿਸੇ ਨੂੰ ਲੱਗੀ ਹੋਵੇ। ਭੁੱਖ ਲੱਗੇ, ਸੁੱਕੀ ਰੋਟੀ ਮਿਲ ਜਾਏ ਤੇ ਇਨਸਾਨ ਸਬਰ ਕਰਦਾ ਹੈ। ਛਤੀਹ ਪ੍ਰਕਾਰ ਦਾ ਭੋਜਨ ਮਿਲ ਜਾਏ ਤੇ ਮਨੁੱਖ ਆਨੰਦਿਤ ਹੈ। ਉਸਦੀ ਜੀਭ 'ਤੇ ਰੱਖੇ ਹੋਏ ਖੱਟੇ ਮਿੱਠੇ ਭੋਜਨ ਦਾ ਸੁਆਦ ਉਹ ਜਾਣਦਾ ਹੈ, ਪਰ ਇਕ ਕੜਛੀ ਸਾਰਾ ਦਿਨ ਚੌਂਕੇ ਵਿਚ ਇਹਨਾਂ ਖੱਟੇ ਮਿੱਠੇ ਪਦਾਰਥਾਂ ਵਿਚ ਘੁੰਮਦੀ ਹੈ, ਪਰ ਕੜਛੀ ਨੂੰ ਉਸ ਭੋਜਨ ਦੀ ਕਦਰ ਨਹੀਂ। ਜਿਸਨੂੰ ਭੁੱਖ ਲੱਗੀ ਹੈ ਉਹ ਹੀ ਇਸ ਤੋਂ ਦੂਰ ਬੈਠਾ ਹੋਇਆ ਇਸ ਭੋਜਨ ਦੀ ਕਦਰ ਨੂੰ ਜਾਣਦਾ ਹੈ।

ਤੀਜਾ ਬਚਨ ਭਾਈ ਸਾਹਿਬ ਨੇ ਕੀਤਾ। ਭਾਈ ਸਾਹਿਬ ਕਹਿੰਦੇ ਹਨ ਕਿ ਕਮਲ ਦਾ



ਫੁੱਲ ਖਿੜਿਆ ਹੈ ਤੇ ਭਵਰੇ ਨੂੰ ਪੁੱਛਕੇ ਦੇਖੋ, ਕਿੰਨੀ ਦੂਰ ਤੋਂ ਖਿੜੇ ਹੋਏ ਫੁੱਲ ਦੇ ਨਜ਼ਦੀਕ ਆਉਂਦਾ ਹੈ। ਉਸਦੇ ਸਿਖਰ 'ਤੇ ਬੈਠ ਕੇ ਮਕਰੰਦ ਦਾ ਰੱਸ ਮਾਣਦਾ ਹੈ। ਪਰ ਫੁੱਲ ਦੀਆਂ ਜੜ੍ਹਾਂ ਦੇ ਕੋਲ ਇਕ ਡੱਡੂ ਹੈ, ਉਹ ਕੋਲ ਪਏ ਹੋਏ ਫੁੱਲ ਦੀ ਕੀਮਤ ਨਹੀਂ ਜਾਣਦਾ। ਉਹ ਜੜ੍ਹਾਂ ਵਿਚ ਬੈਠਾ ਜਾਲਾ ਖਾਈ ਜਾਏਗਾ ਜਾਂ ਚਿੱਕੜ ਖਾਈ ਜਾਏਗਾ। ਰੱਸ ਹੈ ਜੜ੍ਹਾਂ ਵਿਚ ਪਰ ਜਿਸ ਜੜ੍ਹ ਵਿਚ ਬੈਠਾ ਹੈ, ਉਸ ਫੁੱਲ ਦਾ ਰੱਸ ਕਦੀ ਵੀ ਨਹੀਂ ਮਾਣਿਆ। ਭਾਈ ਸਾਹਿਬ ਨੇ ਕਿਹਾ ਕਿ ਦੇਖੋ, ਫੁੱਲ ਕੋਲ ਹੈ ਪਰ ਉਸਦੀ ਕਦਰ ਨਹੀਂ। ਜਿਹੜਾ ਬੰਦਾ ਕੋਲ ਪ੍ਰਮਾਤਮਾ ਹੋਵੇ, ਗੁਰੂ ਹੋਵੇ ਤੇ ਉਸਨੂੰ ਭੁੱਲ ਜਾਏ, ਉਹ ਬੰਦਾ ਜਮਾਂ ਦੀ ਮਾਰ ਸਹਿੰਦਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ ਮਨਮੁਖ ਬੰਦੇ ਦੀ ਪਰਿਭਾਸ਼ਾ ਦਿੱਤੀ ਹੈ ਕਿ-

*ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅੰਹਕਾਰੁ ॥*
*ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥*

(ਅੰਗ ੩੧੬)

ਸਾਰਾ ਦਿਨ ਝਗੜੀ ਜਾਏਗਾ। ਸਾਹਿਬ ਨੇ ਬਚਨ ਕੀਤਾ ਕਿ

*ਸੁਧ ਮਤ ਕਰਤੇ ਸਭ ਹਿਰ ਲਈ ਡੋਲਨ ਸਭ ਵਿਕਾਰ ॥*

ਮਨਮੁਖ ਬੰਦੇ ਨੂੰ ਕਦੀ ਤੁਸੀਂ ਪਰਖ ਕੇ ਦੇਖੋ। ਵੈਸੇ ਤਾਂ ਜ਼ਿੰਦਗੀ ਵਿਚ ਕੋਈ ਨਾ ਕੋਈ ਬੰਦਾ ਅਜਿਹਾ ਜ਼ਰੂਰ ਮਿਲਿਆ ਹੋਵੇਗਾ। ਗੁਰੂ ਸਾਹਿਬ ਕਹਿਣ ਲੱਗੇ ਕਿ ਇਹ ਬੰਦੇ ਰੰਗ ਬੜਾ ਬਦਲਦੇ ਹਨ। ਕਹਿੰਦੇ ਹਨ, ਜੇਕਰ ਤੂੰ ਉਹਨਾਂ ਨੂੰ ਕੁਝ ਖਾਣ ਨੂੰ ਦਿੰਦਾ ਹੈਂ, ਉਹਨਾਂ ਦੀ ਜੇਬ ਗਰਮ ਕਰਦਾ ਹੈਂ ਤਾਂ ਜਿੱਥੇ ਜਾਣਗੇ, ਤੇਰੀਆਂ ਸਿਫਤਾਂ ਦੇ ਪੁੱਲ ਬੰਨ੍ਹਣਗੇ। ਇੰਨੀ ਸਿਫ਼ਤ ਕਰਨਗੇ ਕਿ ਜ਼ਮੀਨ ਤੋਂ ਚੁੱਕ ਕੇ ਅਸਮਾਨ ਤੱਕ ਲੈ ਜਾਣਗੇ। ਇਸਦੇ ਵਰਗਾ ਬੰਦਾ ਕੋਈ ਨਹੀਂ। ਪਿਆਰਿਉ ! ਜਿੰਨੀ ਦੇਰ ਤੱਕ ਖਾਣ-ਪਾਣ ਨੂੰ ਦਿਉਗੇ, ਉੱਨੀ ਦੇਰ ਤੱਕ ਤੁਹਾਡੀਆਂ ਸਿਫ਼ਤਾਂ ਕਰਨਗੇ ਤੇ ਜਿਸ ਦਿਨ ਤੁਸੀਂ ਉਹਨਾਂ ਦੀ ਕਰਤੂਤ ਜਾਣ ਕੇ ਆਪਣਾ ਹੱਥ ਪਿੱਛੇ ਖਿੱਚ ਲਉਗੇ ਤਾਂ ਉਹੀ ਬੰਦੇ ਚੁਰਸਤੇ ਵਿਚ ਖਲੋ ਕੇ ਕਹਿਣਗੇ, ਛੱਡੋ ਜੀ, ਮੈਂ ਤਾਂ ਭੁਲੇਖੇ ਵਿਚ ਪੈ ਗਿਆ। ਇਸਦੇ ਵਰਗਾ ਤਾਂ ਗੰਦਾ ਬੰਦਾ ਦੁਨੀਆਂ ਵਿਚ ਹੋਣਾ ਨਹੀਂ। ਗੁਰੂ ਜੀ ਨੇ ਕਿਹਾ ਕਿ ਆਪਣਾ ਆਪ ਨਹੀਂ ਪਛਾਣਦੇ, ਮੂਲ ਤੋਂ ਭੁੱਲੇ ਹਨ। ਸਤਿਗੁਰੂ ਨੇ ਕ੍ਰਿਪਾ ਕੀਤੀ ਤੇ ਕਹਿਣ ਲੱਗੇ,

*ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥*

(ਅੰਗ ੯੫੯)

ਜਿਹੜੀ ਦੋਸਤੀ ਮਾਇਆ 'ਤੇ ਖਲੋਤੀ ਹੈ, ਉਹ ਕਦੀ ਸੱਚੀ ਦੋਸਤੀ ਨਹੀਂ ਹੋ ਸਕਦੀ। ਦੁਨੀਆਦਾਰੀ ਵਿਚ ਵੀ ਜੇ ਰੁਪਈਆਂ ਕਰਕੇ ਕਿਸੇ ਨੂੰ ਮਿੱਤਰ ਬਣਾ ਲਿਆ ਤਾਂ ਸੱਚੀ ਮਿੱਤਰਤਾ ਨਹੀਂ। ਦੁਨੀਆਦਾਰਾਂ ਦੀ ਗੱਲ ਤਾਂ ਛੱਡੋ, ਜੇ ਰੁਪਈਆਂ ਕਰਕੇ ਰੱਬ ਨਾਲ ਦੋਸਤੀ ਪਾਉਂਦੇ ਹਾਂ ਤਾਂ ਬਾਬਾ ਜੀ ਨੇ ਕਿਹਾ ਕਿ ਲਾਲਚ ਕਰਕੇ ਰੱਬ ਦੀ ਦੋਸਤੀ ਵੀ ਤੇਰੇ ਨਾਲ ਨਹੀਂ ਪੁੱਗੇਗੀ। ਕਿਉਂਕਿ ਜਾਂ ਲਭ ਤਾਂ ਨਿਹੁੰ ਕਿਆ।

*ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥*
*ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥*
*ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥*
*ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥*

(ਅੰਗ ੯੫੯)

ਜਿਸ ਦਿਨ ਤੂੰ ਕੋਈ ਕੰਮ ਨਾ ਸਾਰਿਆ, ਯਾਦ ਰੱਖੀਂ ਇਹ ਲੋਕ ਇਕ ਛਿਨ ਵਿਚ ਤੇਰੇ ਲਈ ਆਪਣੀ ਜ਼ਬਾਨ ਤੋਂ ਗੰਦਾ ਬੋਲਣਗੇ। ਸਾਹਿਬ ਨੇ ਬਚਨ ਕੀਤੇ ਕਿ-

*ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ॥*
*ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਾਰ॥*

(ਅੰਗ ੩੧੬)

ਜਿਹੜਾ ਮੂਲ ਤੋਂ ਭੁੱਲ ਗਿਆ, ਜੋ ਪ੍ਰਮਾਤਮਾ ਨੇ ਦਿੱਤਾ, ਉਹ ਰੱਬ ਦੇ ਦਿੱਤੇ ਹੋਏ 'ਤੇ ਕਦੀ ਸੰਤੋਖ ਨਹੀਂ ਕਰਦਾ। ਵੈਸੇ ਬੰਦੇ ਦਾ ਇਕ ਸੁਭਾਅ ਹੈ ਕਿ ਜੋ ਕੁਝ ਇਸਨੂੰ ਪ੍ਰਾਪਤ ਹੈ, ਉਧਰ ਕਦੀ ਝਾਤੀ ਨਹੀਂ ਮਾਰਦਾ। ਜੋ ਲੋਕਾਂ ਕੋਲ ਹੈ ਤੇ ਆਪਣੇ ਕੋਲ ਨਹੀਂ, ਉਸਨੂੰ ਯਾਦ ਕਰ ਕਰ ਕੇ ਪ੍ਰਮਾਤਮਾ ਨੂੰ ਉਲਾਹਮੇ ਦਿੰਦਾ ਹੈ। ਇਕ ਤਾਂ ਮਨਮੁਖ ਦੀ ਇਹ ਬਿਰਤੀ ਹੈ, ਦੂਜਾ ਜੋ ਕੁਝ ਇਸਨੂੰ ਮਿਲ ਜਾਏ, ਕਈ ਵਾਰੀ ਉਸ ਮਿਲੀ ਹੋਈ ਚੀਜ਼ ਨੂੰ ਸਭ ਕੁਝ ਸਮਝ ਲੈਂਦਾ ਹੈ ਤੇ ਜਿਸ ਪ੍ਰਮਾਤਮਾ ਨੇ ਦਿੱਤਾ ਹੈ, ਉਸਦੀ ਕਦੀ ਕੀਮਤ ਨਹੀਂ ਜਾਣਦਾ।

ਗੁਰੂ ਸਾਹਿਬ ਨੇ ਬਾਣੀ ਵਿਚ ਮਨਮੁਖ ਦੀ ਪਰਿਭਾਸ਼ਾ ਜਿਥੇ ਕਈ ਕਈ ਲੰਬੇਰੇ ਸ਼ਬਦਾਂ ਵਿਚ ਦਿੱਤੀ ਹੈ, ਉਥੇ ਇਕ-ਇਕ ਤੁੱਕ ਵਿਚ ਵੀ ਦੱਸ ਦਿੱਤਾ ਹੈ ਕਿ ਮਨਮੁਖ ਬਿਰਤੀ ਕੀ ਹੈ? ਗੁਰੂ ਅੰਗਦ ਸਾਹਿਬ ਦਾ ਬਚਨ ਆਉਂਦਾ ਹੈ ਕਿ

*ਦੇਂਦੇ ਥਾਵਹੁ ਦਿਤਾ ਚੰਗਾ*

ਜਿਸ ਥਾਂ ਤੋਂ ਦਾਤ ਮਿਲੀ, ਜਿਸ ਜਗ੍ਹਾ ਤੋਂ ਦਾਤਾਂ ਝੋਲੀ ਵਿਚ ਭਰੀਆਂ, ਉਸ ਥਾਂ ਨੂੰ ਚੰਗਾ ਨਾ ਸਮਝਿਆ। ਜਿਹੜੀ ਦਾਤ ਮਿਲੀ, ਉਸਨੂੰ ਚੰਗਾ ਜਾਣ ਲਿਆ।

*ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥*

(ਅੰਗ ੧੩੮)

ਇਹ ਹੈ ਮਨਮੁਖ ਦੇ ਲੱਛਣ ਕਿ ਦਾਤ ਨੂੰ ਸਭ ਕੁਝ ਸਮਝ ਲੈਣਾ ਤੇ ਦੇਣ ਵਾਲੇ ਦਾਤੇ ਦਾ ਰੰਚਿਕ ਮਾਤਰ ਵੀ ਕਦੀ ਸ਼ੁਕਰ ਨਾ ਕਰਨਾ। ਹਜ਼ੂਰ ਨੇ ਬਾਣੀ ਵਿਚ ਕ੍ਰਿਪਾ ਕੀਤੀ ਹੈ ਕਿ ਦੂਜਾ ਮਨਮੁਖ ਦਾ ਲੱਛਣ ਇਹ ਹੈ ਕਿ ਜੋ ਪ੍ਰਾਪਤ ਹੈ, ਉਸਦਾ ਕਦੀ ਸ਼ੁਕਰ ਨਹੀਂ, ਜੋ ਨਹੀਂ ਮਿਲਿਆ ਉਸਦੇ ਲਈ ਉਲਾਹਮੇ। ਅਸੀਂ ਸੁਖਮਨੀ ਸਾਹਿਬ ਦੀ ਬਾਣੀ ਵਿਚ ਹਜ਼ੂਰ ਦੇ ਬਚਨ ਪੜ੍ਹਦੇ ਹਾਂ-



*ਦਸ ਬਸਤੂ ਲੇ ਪਾਛੈ ਪਾਵੈ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥*
*ਏਕ ਭੀ ਨਾ ਦੇਇ ਦਸ ਭੀ ਹਿਰਿ ਲੇਇ॥*
*ਤਉ ਮੂੜਾ ਕਹੁ ਕਹਾ ਕਰੇਇ॥*

(ਅੰਗ ੨੬੮)

ਇਹ ਹੈ ਮਨਮੁਖ ਬਿਰਤੀ। ਸਾਹਿਬ ਨੇ ਬਚਨ ਕੀਤਾ-

*ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥*
*ਝਗੜਾ ਕਰਦਿਆ ਅਨਦਿਨੁ ਗੁਦਰੇ ਸਬਦਿ ਨ ਕਰਹਿ ਵੀਚਾਰੁ॥*
*ਸੁਧਿ ਮਤਿ ਕਰਤੈ ਸਭਿ ਹਿਰਿ ਲਈ ਬੋਲਨਿ ਸਭੁ ਵੇਕਾਰੁ॥*
*ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਾਰੁ॥*
*ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥*

(ਅੰਗ ੩੧੬)

ਕਈ ਵਾਰੀ ਅਸੀਂ ਦੁੱਖ ਸੁੱਖ ਵੇਲੇ ਗੁਰੂ ਸੰਗਤ ਤੇ ਕੀਰਤਨ ਦਾ ਆਸਰਾ ਲੈਂਦੇ ਹਾਂ। ਜਿਹੜੇ ਬੰਦੇ ਕਦੀ ਗੁਰੂ ਕੋਲ ਨਹੀਂ ਆਏ, ਸੰਗਤ ਵਿਚ ਨਹੀਂ ਆਏ, ਨਾਮ ਕਦੀ ਨਹੀਂ ਜੱਪਿਆ, ਜੇ ਮਾਨੋ ਕਿਸੇ ਨੇ ਮਰਨੇ 'ਤੇ, ਕਿਸੇ ਨੇ ਭੋਗ 'ਤੇ, ਕਿਸੇ ਨੇ ਜਨਮ-ਦਿਨ 'ਤੇ ਸੱਦਾ ਪੱਤਰ ਦਿੱਤਾ ਹੈ ਤਾਂ ਸਮਾਜਿਕ ਤੌਰ 'ਤੇ ਆਉਣਾ ਪੈਣਾ ਹੈ। ਉਹਨਾਂ ਬੰਦਿਆਂ ਨੂੰ ਕਦੀ ਸੰਗਤ ਵਿਚ ਬੈਠਿਆਂ ਦੇਖਿਉ। ਇਹ ਸੱਚ ਹੈ। ਉਹ ਜਾਂ ਤਾਂ ਚਾਰ-ਚੁਫੇਰੇ ਝਾਕੀ ਜਾਣਗੇ ਜਾਂ ਉਹ ਟਿੱਕ ਕੇ ਨਹੀਂ ਬੈਠਣਗੇ। ਕਦੀ ਆਪਣੇ ਅੰਗ ਖੁਰਕੀ ਜਾਣਗੇ। ਕਦੀ ਆਪਣੇ ਹੱਥਾਂ ਨਾਲ ਕਿਸੇ ਚੀਜ਼ ਨੂੰ ਛੇੜੀ ਜਾਣਗੇ। ਇਥੋਂ ਤੱਕ ਕਿ ਸਾਹਮਣੇ ਕੋਈ ਪ੍ਰੇਮ ਨਾਲ ਭਿੱਜ ਕੇ ਕੀਰਤਨ ਕਰਦਾ ਹੋਵੇਗਾ ਤਾਂ ਉਹ ਕੀਰਤਨ ਵਾਲੇ ਵੱਲ ਦੇਖਕੇ ਉਬਾਸੀਆਂ ਲਈ ਜਾਣਗੇ। ਕਿਉਂ ਨਹੀਂ ਅੰਦਰ ਟਿੱਕਦਾ? ਉਹਨਾਂ ਦੀ ਮਜਬੂਰੀ ਹੈ, ਕਿਉਂਕਿ ਕਿਸੇ ਨੇ ਸੱਦਿਆ ਹੈ, ਰਿਸ਼ਤੇਦਾਰੀ ਹੈ। ਜੇ ਘੰਟਾ ਕੀਰਤਨ ਹੋਇਆ, ਕਥਾ ਹੋਈ, ਉਹਨਾਂ ਨੂੰ ਬੈਠਣਾ ਪੈਣਾ ਹੈ, ਪਰ ਵਿਚਾਰਿਆਂ ਲਈ ਮੌਤ ਦਿੱਸਦੀ ਪਈ ਹੈ, ਬੈਠਾ ਨਹੀਂ ਜਾਂਦਾ। ਕਿਉਂ? ਗੁਰੂ ਜੀ ਨੇ ਕਿਹਾ ਹੈ ਕਿ ਪ੍ਰਮਾਤਮਾ ਦੀ ਹਜ਼ੂਰੀ ਤੋਂ ਦੂਰੀ ਪੈ ਗਈ ਹੈ। ਆਪਣਾ ਆਪ ਨਹੀਂ ਪਛਾਣਿਆ। ਦੇਖੋ ਡੇਢ ਘੰਟਾ ਕੀਰਤਨ ਹੋਵੇ, ਰੱਤੀਆਂ ਹੋਈਆਂ ਰੂਹਾਂ ਪ੍ਰੇਮ ਨਾਲ ਭਿੱਜ ਕੇ ਗੁਰੂ ਗੁਰੂ ਸੁਣ ਕੇ ਜੱਪ ਕੇ ਅੱਗੇ ਚੱਲੀਆਂ ਜਾਣਗੀਆਂ ਪਰ ਜੇਕਰ ਅਜਿਹੇ ਬੰਦਿਆਂ ਨੂੰ ਡੇਢ ਘੰਟੇ ਦੇ ਕੀਰਤਨ ਤੋਂ ਬਾਅਦ ਬਾਹਰ ਮਿਲੋ ਤਾਂ ਇੰਝ ਲੱਗੇਗਾ। ਜਿਵੇਂ ਬਿਲਕੁਲ ਖ਼ੁਸ਼ਕ ਹਨ। ਇਨ੍ਹਾਂ ਉੱਪਰ ਕੋਈ ਅਸਰ ਹੀ ਨਹੀਂ ਹੋਇਆ।

ਮਹਾਂਪੁਰਖ ਇਕ ਦਿਨ ਬਚਨ ਕਰ ਰਹੇ ਸਨ ਕਿ ਜੋ ਕੁਝ ਗੁਰੂ ਕੋਲੋਂ ਲੈ ਕੇ ਜਾਣਾ ਹੈ,

ਉਹੋ ਕੁਝ ਹੀ ਘਰ ਦੇ ਮਕਾਨ ਵਿਚ ਰਹਿਣਾ ਹੈ। ਅਸੀਂ ਸੰਗਤ ਵਿਚ ਆਉਂਦੇ ਹਾਂ, ਕੀਰਤਨ-ਕਥਾ ਸੁਣਦੇ ਹਾਂ। ਜੋ ਸੁਣਿਆ ਹੈ, ਯਤਨ ਕਰੀਏ ਜਦੋਂ ਕੀਰਤਨ ਸੁਣਦੇ ਹਾਂ ਅੰਦਰੇ ਅੰਦਰ ਸ਼ਬਦ ਰਾਹੀਂ ਅਰਦਾਸਾਂ ਵੀ ਕਰੀਏ ਤੇ ਨਾਮ ਜੱਪਦੇ ਰਹੀਏ। ਅਸੀਂ ਕਹਾਂਗੇ ਕਿ ਕੀਰਤਨ ਸੁਣਦਿਆਂ ਨਾਮ ਜੱਪਣ ਦੀ ਕੀ ਲੋੜ ਹੈ? ਕੀਰਤਨ ਵਿਚ ਤਾਂ ਖ਼ੁਦ ਬਾਣੀ ਨਾਮ ਹੈ। ਇਸਦੇ ਵਿਚ ਕੋਈ ਸ਼ੱਕ ਨਹੀਂ। ਅੰਦਰ ਟਿੱਕ ਜਾਏ ਤਾਂ ਕੀਰਤਨ ਹੀ ਸਭ ਕੁਝ ਹੈ, ਪਰ ਜੇ ਤੇਰਾ ਅੰਦਰ ਨਹੀਂ ਟਿੱਕਿਆ, ਕੰਨਾਂ ਨਾਲ ਕੀਰਤਨ ਸੁਣਦਾ ਹੈਂ ਤਾਂ ਆਪਣੇ ਅੰਦਰ ਤੂੰ ਸ਼ਬਦ ਨੂੰ ਕਮਾਈ ਜਾ, ਨਾਮ ਜੱਪੀ ਜਾ। ਅਸੀਂ ਕਹਾਂਗੇ ਕਿ ਕੀਰਤਨ ਵਿਚ ਨਾਮ ਕਿਵੇਂ? ਜਦੋਂ ਕੀਰਤਨ ਸੁਣਦੇ ਹਾਂ ਤਾਂ ਤੇਰਾ ਅੰਦਰ ਦੁਕਾਨ ਵਿਚ ਬੈਠ ਸਕਦਾ ਹੈ, ਜੇ ਕੀਰਤਨ ਸੁਣਦੇ ਹਾਂ ਤਾਂ ਨਿਆਣਿਆਂ ਦੇ ਸਕੂਲ ਵਿਚ ਜਾ ਸਕਦਾ ਹੈ, ਜੇ ਕੀਰਤਨ ਸੁਣਦਿਆਂ ਆਪਣੇ ਮਿੱਤਰਾਂ ਵੈਰੀਆਂ ਨੂੰ ਚੇਤੇ ਕਰ ਸਕਦਾ ਹੈਂ ਤਾਂ ਕਿੰਨਾ ਚੰਗਾ ਹੈ ਕਿ ਮਨ ਨੂੰ ਭਜਾਉਣ ਦੀ ਥਾਂ ਕੀਰਤਨ ਸੁਣਦਿਆਂ ਵਾਹਿਗੁਰੂ ਸ਼ਬਦ ਵਿਚ ਜੋੜ ਦੇ। ਜਿਉਂ ਜਿਉਂ ਅੰਦਰ ਜੋੜਾਂਗੇ, ਤਿਉਂ ਤਿਉਂ ਸੱਚ ਮੁੱਚ ਉਹ ਰੱਸ ਬਣੇਗਾ। ਉਸ ਕੀਰਤਨ ਵਿਚੋਂ ਵੀ ਰੱਸ ਆਉਣ ਲੱਗ ਪਵੇਗਾ। ਮਨਮੁਖ ਬਿਰਤੀ ਵਾਲੇ ਬੰਦੇ ਟਿੱਕ ਕੇ ਕੀਰਤਨ ਨਹੀਂ ਸੁਣ ਸਕਣਗੇ। ਬਾਹਰ ਨਿਕਲਣਗੇ ਬਿਲਕੁਲ ਖ਼ੁਸ਼ਕ।

ਗਿਆਨੀ ਗਿਆਨ ਸਿੰਘ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਜੀ ਦੇ ਵੇਲੇ ਦੀ ਇਕ ਬੜੀ ਭਾਵਪੂਰਕ ਸਾਖੀ ਲਿਖੀ ਹੈ। ਉਹ ਲਿਖਦੇ ਹਨ ਕਿ ਹਜ਼ੂਰ ਦੇ ਚਰਨਾਂ ਵਿਚ ਇਕ ਵਾਰੀ ਗੁਰਸਿੱਖਾਂ ਨੇ ਬੇਨਤੀ ਕੀਤੀ - ਸੱਚੇ ਪਾਤਿਸ਼ਾਹ ! ਸੰਗਤ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਰੀਰ ਆਉਂਦੇ ਹਨ, ਬੈਠਦੇ ਵੀ ਇਕ ਜਗ੍ਹਾ 'ਤੇ ਹਨ, ਪਰ ਵਾਪਿਸ ਜਾਂਦਿਆਂ ਸਾਰਿਆਂ ਦੇ ਅੰਦਰ ਇਕੋ ਜਿਹੇ ਕਿਉਂ ਨਹੀਂ? ਮੈਂ ਅਰਜ਼ ਕਰਾਂ, ਜੋ ਕੁਝ ਲੈ ਕੇ ਗੁਰੂ ਕੋਲੋਂ ਜਾਵਾਂਗੇ, ਉਹੀ ਘਰ ਜਾਣਾ ਹੈ। ਜੇ ਕੀਰਤਨ ਸੁਣਦਿਆਂ, ਬਾਣੀ ਸੁਣਦਿਆਂ, ਨਾਮ ਜੱਪਦਿਆਂ ਇਥੋਂ ਤੁਰਾਂਗੇ ਤਾਂ ਘਰ ਤੱਕ ਕਿਸੇ ਨਾਲ ਬੋਲਣ ਦੀ ਥਾਂ ਗੁਰੂ ਗੁਰੂ ਜੱਪਦੇ ਜਾਵਾਂਗੇ। ਚੇਤੇ ਰੱਖਿਉ, ਘਰ ਦੇ ਵਿਹੜੇ ਵਿਚ ਵੀ ਗੁਰੂ ਚਲਾ ਜਾਏਗਾ। ਜੇ ਸੰਗਤ ਤੋਂ ਬਾਹਰ ਨਿਕਲ ਕੇ ਕੇਵਲ ਦੁਨੀਆਂ ਦੀਆਂ ਗੱਲਾਂ ਕਰਨ ਲੱਗ ਪਵਾਂਗੇ ਤਾਂ ਘਰ ਕੇਵਲ ਗੱਲਾਂ ਹੀ ਜਾਣਗੀਆਂ। ਆਪਾਂ ਗੁਰੂ ਘਰੋਂ ਕੁਝ ਲੈਣ ਆਏ ਹਾਂ, ਜੇ ਲੈਣ ਆਏ ਤਾਂ ਤਾਂ ਫਿਰ ਗੁਰੂ ਕੋਲੋਂ ਨਾਮ ਲੈ ਕੇ ਤੁਰੀਏ। ਨਾਮ ਲੈ ਕੇ ਤੁਰੋਗੇ, ਜੱਪਦੇ ਜਾਉਗੇ, ਫਿਰ ਗੁਰੂ ਰਾਮਦਾਸ ਘਰ ਤੱਕ ਜਾਣਗੇ। ਜੇ ਇਸ ਦਰਬਾਰ ਵਿਚ ਸੰਗਤ ਵਿਚ ਆ ਕੇ ਕੇਵਲ ਬਾਹਰ ਦੀਆਂ ਗੱਲਾਂ ਲੈ ਗਏ ਤਾਂ ਘਰ ਨਾਮ ਦਾ ਰੱਸ ਨਹੀਂ ਜਾਏਗਾ।

ਸੱਚੇ ਪਾਤਿਸ਼ਾਹ ਜੀ ਨੇ ਉਹਨਾਂ ਨੂੰ ਇਹ ਗੱਲ ਸਮਝਾਉਣ ਲਈ ਬਹੁਤ ਸੋਹਣੀ ਇਕ ਉਦਾਹਰਨ ਦਿੱਤੀ ਸੀ। ਸਾਹਿਬ ਨੇ ਪਾਣੀ ਤਿੰਨ ਬਰਤਨਾਂ ਵਿਚ ਪੁਆਇਆ। ਕਹਿਣ ਲੱਗੇ ਆਉ ਮੈਂ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦਿੰਦਾ ਹਾਂ। ਗੁਰੂ ਸਾਹਿਬ ਅਸਲੀ ਕ੍ਰਿਪਾ ਕਰਦੇ ਸਨ। ਜਦੋਂ ਕਿਸੇ ਸਿੱਖ ਦੇ ਮਨ ਵਿਚ ਕੋਈ ਸਵਾਲ ਉਪਜਦਾ ਸੀ ਤਾਂ ਕਈ ਵਾਰੀ ਉਸੇ ਸਮੇਂ ਉੱਤਰ



ਦੇਣ ਦੀ ਥਾਂ, ਸਤਿਗੁਰੂ ਕੁਝ ਦ੍ਰਿਸ਼ਟਮਾਨ ਉਦਾਹਰਨ ਦਿੰਦੇ ਸਨ।

ਸੱਚੇ ਪਾਤਿਸ਼ਾਹ ਨੇ ਤਿੰਨ ਬਰਤਨ ਪਾਣੀ ਦੇ ਮੰਗਵਾਏ। ਇਕ ਦੇ ਵਿਚ ਹਜ਼ੂਰ ਨੇ ਪਤਾਸੇ ਰੱਖ ਦਿੱਤੇ, ਦੂਜੇ ਵਿਚ ਦਾਤਾਰ ਜੀ ਨੇ ਮਿੱਟੀ ਦਾ ਢੇਲਾ ਰੱਖ ਦਿੱਤਾ ਤੇ ਤੀਜੇ ਬਰਤਨ ਵਿਚ ਇਕ ਪੱਥਰ ਰੱਖ ਦਿੱਤਾ। ਕੁਝ ਪਹਿਰ ਬਤੀਤ ਹੋਏ, ਸਤਿਗੁਰੂ ਨੇ ਕਿਹਾ, ਆਉ ਗੁਰੂ ਦੇ ਸਿੱਖੋ ! ਤੁਹਾਡੇ ਸਵਾਲ ਦਾ ਉੱਤਰ ਦੇਣ ਲੱਗਾ ਹਾਂ। ਆਉਂਦੇ ਸਾਰੇ ਹਨ, ਬਾਣੀ ਸਾਰੇ ਸੁਣਦੇ ਹਨ ਪਰ ਤਬਦੀਲੀ ਸਾਰਿਆਂ ਵਿਚ ਕਿਉਂ ਨਹੀਂ? ਸਤਿਗੁਰੂ ਜੀ ਨੇ ਕ੍ਰਿਪਾ ਕੀਤੀ। ਪਹਿਲਾਂ ਉਹਨਾਂ ਦਿਖਾਇਆ ਪੱਥਰ ਵਾਲਾ ਭਾਂਡਾ। ਉਹ ਪਾਣੀ ਵਿਚ ਬਿਲਕੁਲ ਭਿੱਜ ਗਿਆ। ਇਸ ਨੂੰ ਹੱਥ ਲਾਵਾਂਗੇ ਤਾਂ ਪਤਾ ਨਹੀਂ ਇਹ ਪਿਘਲ ਨਾ ਜਾਏ। ਸਾਹਿਬ ਨੇ ਕਿਹਾ ਪਾਣੀ ਵਿਚ ਪੱਥਰ ਪਿਆ ਕਿਹੋ ਜਿਹਾ ਪ੍ਰਤੀਤ ਹੁੰਦਾ ਹੈ? ਹਜ਼ੂਰ ਭਿੱਜਾ ਹੈ। ਸੱਚੇ ਪਾਤਿਸ਼ਾਹ ਨੇ ਕਿਹਾ ਬਾਹਰ ਕੱਢੋ। ਜਦੋਂ ਹੱਥ ਪਾ ਕੇ ਪਾਣੀ ਵਿਚੋਂ ਪੱਥਰ ਬਾਹਰ ਕੱਢਿਆ ਤਾਂ ਕਹਿਣ ਲੱਗੇ, ਇਸਨੂੰ ਦੱਬੋ। ਦੱਬਿਆ ਤਾਂ ਪਿਘਲਣਾ ਕਿੱਥੇ ਸੀ, ਪਾਣੀ ਵਿਚ ਕਈ ਪਹਿਰ ਰਹਿਣ ਦੇ ਬਾਵਜੂਦ ਪੱਥਰ ਫਿਰ ਕਠੋਰ ਦਾ ਕਠੋਰ ਹੈ। ਸੱਚੇ ਪਾਤਿਸ਼ਾਹ ਨੇ ਕਿਹਾ, ਦੂਜੇ ਬਰਤਨ ਵਿਚ ਹੱਥ ਮਾਰੋ। ਕਹਿਣ ਲੱਗੇ ਮਹਾਰਾਜ ਮਿੱਟੀ ਦਾ ਢੇਲਾ ਤਾਂ ਰਿਹਾ ਨਹੀਂ, ਉਸਦਾ ਵਜੂਦ ਖ਼ਤਮ ਹੋ ਗਿਆ। ਕਹਿਣ ਲੱਗੇ ਹੱਥ ਤਾਂ ਮਾਰੋ। ਉਹ ਢੇਲਾ ਤਾਂ ਨਹੀਂ ਸੀ ਪਰ ਮਿੱਟੀ ਖੁਰ ਕੇ ਭਾਂਡੇ ਦੀ ਤਹਿ ਵਿਚ ਜੰਮ ਚੁੱਕੀ ਸੀ। ਜਦੋਂ ਹੱਥਾਂ ਨਾਲ ਬਾਹਰ ਕੱਢੀ ਤਾਂ ਕਹਿਣ ਲੱਗੇ, ਪਿਘਲੀ ਤਾਂ ਜ਼ਰੂਰ ਹੈ ਪਰ ਆਪਣੀ ਹੋਂਦ ਨਹੀਂ ਛੱਡੀ। ਤੀਸਰਾ ਸੀ ਪਤਾਸੇ ਵਾਲਾ ਬਰਤਨ। ਕਹਿਣ ਲੱਗੇ ਹੱਥ ਮਾਰੋ ਥੱਲਿਉਂ ਪਤਾਸਾ ਨਿਕਲ ਆਵੇ। ਹੱਥ ਮਾਰੇ ਸਿੱਖਾਂ ਨੇ ਪਰ ਪਤਾਸਾ ਹੋਵੇ ਤਾਂ ਨਿਕਲੇ। ਉਸ ਵਿਚ ਕੇਵਲ ਪਾਣੀ ਹੀ ਪਾਣੀ ਹੈ, ਪਤਾਸਾ ਤਾਂ ਨਜ਼ਰ ਨਹੀਂ ਆਉਂਦਾ ਪਿਆ।

ਸੱਚੇ ਪਾਤਿਸ਼ਾਹ ਨੇ ਕਿਹਾ ਕਿ ਤਿੰਨ ਤਰ੍ਹਾਂ ਦੇ ਲੋਕ ਸੰਗਤ ਵਿਚ ਆਉਂਦੇ ਹਨ। ਪਹਿਲੇ ਉਹ ਹਨ ਜਿਹੜੇ ਬਾਹਰੋਂ ਆ ਕੇ ਬੈਠ ਗਏ। ਦੋ ਤਿੰਨ ਘੰਟੇ ਰਹੇ ਤੇ ਚਿਹਰੇ ਤੋਂ ਇੰਝ ਲੱਗਣ ਲੱਗਾ ਕਿ ਅੰਦਰ ਕਿਤੇ ਸੱਟ ਵੱਜ ਗਈ ਹੈ। ਪਰ ਜਦੋਂ ਬਾਹਰ ਨਿਕਲੇ, ਉਹੀ ਅੰਦਰ ਦੀ ਕਠੋਰਤਾ, ਉਹੀ ਅੰਦਰ ਦਾ ਰੁੱਖਾਪਨ। ਪੱਥਰ ਆਇਆ ਤੇ ਪੱਥਰ ਹੀ ਰਿਹਾ। ਦੂਜੇ ਹਨ ਮਿੱਟੀ ਦੀ ਤਰ੍ਹਾਂ, ਆਏ ਢੇਲੇ ਸਨ। ਗੁਰੂ ਕੋਲ ਆਏ, ਅੱਖਾਂ ਭਿੱਜ ਗਈਆਂ। ਜਿੰਨੀ ਦੇਰ ਤੱਕ ਪ੍ਰਮਾਤਮਾ ਕੋਲ ਬੈਠੇ ਰਹੇ, ਆਪਣੀਆਂ ਵਾਸ਼ਨਾਵਾਂ ਦਾ ਵਜੂਦ ਖ਼ਤਮ ਕਰਨ ਦਾ ਯਤਨ ਕੀਤਾ ਪਰ ਹੈਰਾਨੀ ਦੀ ਗੱਲ ਢੇਲਾ ਤਾਂ ਖੁਰ ਗਿਆ ਪਰ ਮਿੱਟੀ ਨਹੀਂ ਖੁਰੀ। ਆਏ ਜ਼ਰੂਰ ਪਰ ਅੰਦਰ ਦੀ ਮੈਲ ਨਾ ਗਈ। ਤੀਜੇ ਰੰਗ ਰਤੜੇ, ਪ੍ਰਮਾਤਮਾ ਵਿਚ ਭਿੱਜੇ ਆਏ ਤੇ ਪਤਾਸੇ ਦੀ ਤਰ੍ਹਾਂ ਆਏ। ਸਰੀਰ ਕੇਵਲ ਪੰਜਾਂ ਤੱਤਾਂ ਦਾ ਭੁਲੇਖਾ ਪਾਉਂਦਾ ਸੀ, ਪਰ ਅੰਦਰ ਦੀ ਹੋਂਦ ਖ਼ਤਮ ਕਰਕੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਸਦੀਵ ਕਾਲ ਲਈ ਟਿੱਕ ਗਏ। ਅੱਜ ਬਖ਼ਸ਼ਿਸ਼ ਕੀਤੀ ਕਿ ਮਨਮੁਖ ਬੰਦਾ ਆਪਣੇ ਆਪ ਨੂੰ ਕਦੀ ਨਹੀਂ ਪਛਾਣਦਾ, ਪ੍ਰਮਾਤਮਾ ਨੂੰ ਬਹੁਤ ਦੂਰ ਜਾਣਦਾ ਹੈ।

*ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂੜਿ॥*

ਮਨਮੁਖ ਬੰਦੇ ਨੇ ਕੀਮਤੀ ਜਨਮ ਨੂੰ ਗਵਾ ਦਿੱਤਾ ਝੂਠ ਵਿਚ ਖਚਤ ਹੋ ਕੇ, ਲਾਲਚ ਵਿਚ ਪ੍ਰਵਿਰਤ ਹੋ ਕੇ ਤੇ ਸਾਰੀ ਜ਼ਿੰਦਗੀ ਕੂੜ ਬੋਲ ਬੋਲ ਕੇ।

*ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ॥ ੧॥*

ਜਿਨ੍ਹਾਂ ਉੱਪਰ ਅਕਾਲ ਪੁਰਖ ਵਾਹਿਗੁਰੂ ਜੀ ਨੇ ਬਖ਼ਸ਼ਿਸ਼ ਕਰ ਦਿੱਤੀ, ਗੁਰੂ ਦੇ ਸੱਚੇ ਸ਼ਬਦ ਦੀ ਬਰਕਤ ਨਾਲ ਤਰੁੱਠ ਕੇ ਉਹਨਾਂ ਵਿਛੜਿਆਂ ਹੋਇਆਂ ਨੂੰ ਆਪਣੇ ਨਾਲ ਮਿਲਾ ਦਿੱਤਾ।

*ਮ: ੩॥ ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ॥*

ਉਸ ਹਰੀ ਪ੍ਰਭੂ ਦਾ ਜਿਹੜਾ ਮੰਗਲਮਈ ਗੀਤ ਹੈ, ਉਹ ਹੀ ਸੱਚਾ ਸੋਹਿਲਾ ਹੈ, ਉਹ ਹੀ ਸਥਿਰ ਰਹਿਣ ਵਾਲਾ ਹੈ। ਜਿਹੜੇ ਗੁਰਮੁਖ ਦੇ ਸਨਮੁਖ ਹੋ ਗਏ, ਉਹਨਾਂ ਨੂੰ ਪਰੀਪੂਰਨ ਪ੍ਰਮਾਤਮਾ ਜੀ ਦਾ ਨਾਮ ਮਿਲਿਆ ਹੈ।

*ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ॥*

ਉਹਨਾਂ ਗੁਰਮੁਖਾਂ ਨੇ ਫਿਰ ਦਿਨ ਰਾਤ ਜੱਪਣਾ ਸ਼ੁਰੂ ਕਰ ਦਿੱਤਾ ਤੇ ਨਾਮ ਦੀ ਅਜਿਹੀ ਭੁੱਖ ਹੈ ਜਿਹੜੀ ਅੰਤਲੇ ਦੱਮ ਤੱਕ ਵੀ ਪੂਰੀ ਨਹੀਂ ਹੁੰਦੀ। ਸਾਹਿਬ ਕਹਿਣ ਲੱਗੇ ਕਿ ਗੁਰਮੁਖ ਆਪਣੇ ਪਰੀਪੂਰਨ ਪ੍ਰਮਾਤਮਾ ਨੂੰ ਰੰਗ ਵਿਚ ਰੱਤੇ ਹੋਏ ਜੱਪਦੇ ਹਨ।

*ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦ॥*

ਵੱਡਿਆਂ ਭਾਗਾਂ ਵਾਲੇ ਨੂੰ ਉਸ ਪਰੀਪੂਰਨ ਪ੍ਰਮਾਤਮਾ, ਜਿਸਦੇ ਕੋਲ ਪਰਮਾਨੰਦ ਹੈ, ਦੀ ਪ੍ਰਾਪਤੀ ਹੋਈ ਹੈ।

*ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ॥ ੨॥*

ਧੰਨ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਦਾਸਾਂ ਨੇ ਉਸ ਪਰੀਪੂਰਨ ਪ੍ਰਮਾਤਮਾ ਨੂੰ ਜੱਪਿਆ, ਬਖ਼ਸ਼ਿਸ਼ ਹੋ ਗਈ। ਨਾ ਉਹਨਾਂ ਦਾ ਕਦੀ ਮਨ ਟੁੱਟਿਆ ਤੇ ਨਾ ਕਦੀ ਉਹਨਾਂ ਦਾ ਤਨ ਟੁੱਟਿਆ। ਮਨ ਕਰਕੇ ਤੇ ਤਨ ਕਰਕੇ ਜੁੜ ਗਏ।

*ਪਉੜੀ॥ ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥*

ਕੋਈ ਬੰਦਾ ਜਿਹੜਾ ਈਰਖਾ ਵੱਸ ਗੁਰੂ ਦੀ ਨਿੰਦਿਆ ਕਰਨ ਲੱਗ ਪਵੇ, ਕਹਿੰਦੇ ਹਨ, ਜੇ ਕਿਤੇ ਉਸ ਦੇ ਮਨ ਵਿਚ ਤਰਸ ਆ ਜਾਏ ਤੇ ਕਿਤੇ ਗੁਰੂ ਗੁਰੂ ਕਹਿਣ ਲੱਗ ਪਏ ਤਾਂ ਕਿਤੇ ਅੰਦਰ ਦਾ ਭਾਗ ਜਾਗ ਜਾਏ। ਨਿੰਦਿਆ ਗੁਰੂ ਦੀ ਕਰਦਾ ਸੀ, ਪਰਤ ਕੇ ਗੁਰੂ ਦੇ ਚਰਨਾਂ ਵਿਚ ਡਿੱਗ ਪਿਆ।

*ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥*

ਜਦੋਂ ਨਿੰਦਕ ਨੇ ਆ ਕੇ ਚਰਨ ਫੜੇ, ਸੱਚੇ ਪਾਤਿਸ਼ਾਹ ! ਮੈਂ ਭੁੱਲ ਗਿਆ ਸੀ। ਬਸ ਭੁੱਲਾ



ਹੀ ਨਹੀਂ ਕਿਹਾ ਜਾਂਦਾ। ਜਿਸ ਦਿਨ ਸੱਚੀ ਮੁੱਚੀ ਭੁੱਲਾ ਕਹਿ ਦੇਵਾਂਗੇ ਤਾਂ ਚੇਤੇ ਰੱਖੋ, ਉਸ ਦਿਨ ਸਾਰੇ ਜਨਮਾਂ ਦੇ ਕੀਤੇ ਹੋਏ ਪਾਪ ਸੜ ਜਾਣਗੇ। ਪਿਛਲੇ ਸਾਰੇ ਕੀਤੇ ਪਾਪ ਖ਼ਤਮ ਕਰ ਦਿੱਤੇ ਤੇ ਸਤਿਸੰਗਤ ਵਿਚ ਗੁਰੂ ਜੀ ਨੇ ਕਿਹਾ ਕਿ ਸੰਗਤ ਵਿਚ ਬੈਠ ਜਾ ਤੇ ਕਹਿਣ ਲੱਗੇ ਆਉ ਮੈਂ ਤੁਹਾਨੂੰ ਦੱਸਾਂ ਕਿ ਸੰਗਤ ਵਿਚ ਆ ਕੇ ਪਵਿੱਤਰ ਕਿਸ ਤਰ੍ਹਾਂ ਹੋਈਦਾ ਹੈ?

*ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ*
*ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥*

ਜਦੋਂ ਪਾਣੀ ਦੀਆਂ ਬੂੰਦਾਂ ਡਿੱਗੀਆਂ, ਮੈਲੀਆਂ ਨਹੀਂ ਸਨ, ਨਿਰਮਲ ਸਨ। ਜਿੱਥੇ ਡਿੱਗੀਆਂ, ਜੇ ਨਾਲੇ ਵਿਚ ਡਿੱਗੀਆਂ ਤਾਂ ਪਵਿੱਤਰ ਬਣ ਗਈਆਂ, ਮਿੱਟੀ 'ਤੇ ਡਿੱਗੀਆਂ ਤਾਂ ਗੰਦਲਾ ਪਾਣੀ ਹੋ ਗਿਆ, ਜਿਸ ਥਾਂ 'ਤੇ ਡਿੱਗੀਆਂ ਉਹਨਾਂ ਦੀ ਨਿਰਮਲਤਾਈ ਵਿਚ ਮੈਲ ਆ ਗਈ ਤੇ ਉਹ ਫਿਰ ਨਾਲੀਆਂ ਰਾਹੀਂ, ਗਲੀਆਂ ਰਾਹੀਂ ਛੱਪੜਾਂ ਵਿਚੋਂ ਜਿਥੋਂ-ਜਿਥੋਂ ਬੂੰਦ ਲੰਘੀ, ਤਿਉਂ ਤਿਉਂ ਮੈਲੀ ਹੋ ਗਈ। ਅਖ਼ੀਰ 'ਤੇ ਸਫ਼ਰ ਕਰਦੀ ਕਰਦੀ ਭਾਵੇਂ ਮੈਲੀ ਸੀ ਪਰ ਇਕ ਕਸ਼ਿਸ਼ ਰੱਬ ਨੇ ਇਸਦੇ ਵਿਚ ਰੱਖੀ ਆਪਣੇ ਪਿਆਰੇ ਨੂੰ ਮਿਲਣ ਲਈ ਤਾਂ ਵੀ ਤੁਰਦੀ ਰਹੀ। ਕਹਿਣ ਲੱਗੇ ਸਿੱਖੋ ! ਕੋਈ ਵੀ ਨਿੰਦਕ ਹੈ, ਯਾਦ ਰੱਖੋ, ਜਿਸ ਦਿਨ ਆਇਆ ਸੀ ਅੰਦਰ ਪਵਿੱਤਰਤਾ ਲੈ ਕੇ ਆਇਆ ਸੀ। ਇਥੇ ਜਿਹੋ ਜਹੀ ਸੁਸਾਇਟੀ ਮਿਲੀ ਉਹੋ ਜਿਹਾ ਅੰਦਰ ਹੋ ਗਿਆ। ਪਰ ਜਿਵੇਂ ਗੰਦਾ ਨਿਰਮਲ ਬਣਾ ਦੇਂਦੀ ਹੈ ਮੈਲੇ ਪਾਣੀ ਨੂੰ, ਗੁਰੂ ਨੇ ਨਿਰਮਲ ਕਰ ਦਿੱਤਾ ਡਿੱਗੇ ਹੋਏ ਨਿੰਦਕਾਂ ਨੂੰ।

*ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ*
*ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥*

ਗੁਰੂ ਰਾਮਦਾਸ ਜੀ ਮੇਹਰ ਕਰਦੇ ਹਨ ਕਿ ਗੁਰਸਿੱਖੋ ! ਇਹੋ ਜਿਹੀ ਵਡਿਆਈ ਗੁਰੂ ਕੋਲ ਹੈ, ਆਮ ਬੰਦੇ ਕੋਲ ਨਹੀਂ। ਗੁਰੂ ਕਦੀ ਨਹੀਂ ਵੈਰ ਕਮਾਉਂਦੇ। ਜਦੋਂ ਗੁਰੂ ਜੀ ਨੂੰ ਕੋਈ ਮਿਲਦਾ ਹੈ, ਅੰਦਰ ਦੀ ਤ੍ਰਿਸ਼ਨਾ ਮਿੱਟਦੀ ਹੈ। ਕਹਿੰਦੇ ਹਨ, ਜਿੰਨਾ ਮਰਜ਼ੀ ਨਿੰਦਕ ਹੋਵੇ, ਇਕ ਵਾਰੀ ਗੁਰੂ ਸਾਹਮਣੇ ਖਲੋ ਜਾਏ, ਸਤਿਗੁਰੂ ਇਕ ਛਿਨ ਵਿਚ ਅੰਦਰ ਸ਼ਾਂਤ ਕਰ ਦਿੰਦੇ ਹਨ।

*ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ*
*ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ॥ ੧੩॥ ੧॥*

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਮੇਰੇ ਸਤਿਗੁਰੂ ਦਾ ਅਸਚਰਜ ਦੇਖੋ। ਜਿਹੜਾ ਸਤਿਗੁਰੂ ਨੂੰ ਅੰਦਰੋਂ ਮੰਨਦਾ ਹੈ, ਉਸਨੂੰ ਸਾਰੇ ਪਿਆਰ ਕਰਦੇ ਹਨ। ਉਹ ਸਾਰਿਆਂ ਨੂੰ ਚੰਗਾ ਲੱਗਦਾ ਹੈ। ਸਤਿਗੁਰੂ ਰਹਿਮਤ ਕਰਨ। ਭੁੱਲਾਂ ਚੁੱਕਾਂ ਲਈ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਸਾਜਨ ਆਇ ਵੁਠੇ ਘਰ ਮਾਹੀ

ਰਾਗੁ ਸੂਹੀ ਛੰਤ ਮਹਲਾ ੩ ਘਰੁ ੨
੧ੴ ਸਤਿਗੁਰ ਪ੍ਰਸਾਦਿ ॥

*ਸੁਖ ਸੋਹਿਲੜਾ ਹਰਿ ਧਿਆਵਹੁ ॥ ਗੁਰਮੁਖਿ ਹਰਿ ਫਲੁ ਪਾਵਹੁ ॥*
*ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥*
*ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥*
*ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ ॥*
*ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥ ੧ ॥*
*ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ ਗੁਰਮਤਿ ਸਹਜੇ ਨਾਮੁ ਧਿਆਏ ॥*
*ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥*
*ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥*
*ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥*
*ਸੁਣਿ ਮਨ ਭੀਨੇ ਸਹਜਿ ਸੁਭਾਏ ॥ ੨ ॥*
*ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ਗੁਰ ਤੇ ਉਪਜੈ ਸਬਦੁ ਵੀਚਾਰਾ ॥*
*ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥*
*ਸਹਜੇ ਗੁਣ ਗਾਵੈ ਦਿਨੁ ਗਤੀ ਕਿਲਵਿਖ ਸਭਿ ਗਵਾਏ ॥*
*ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥*
*ਜੁਗ ਮਹਿ ਰਾਮ ਨਾਮੁ ਨਿਸਤਾਰਾ ॥ ੩ ॥*
*ਸਾਜਨ ਆਇ ਵੁਠੇ ਘਰ ਮਾਹੀ ॥ ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥*
*ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥*
*ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥*
*ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥*
*ਸਾਜਨ ਆਇ ਵੁਠੇ ਘਰ ਮਾਹੀ ॥ ੪ ॥ ੧ ॥*

(ਅੰਗ ੭੬੭)



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਗੁਰੂ ਰਾਮਦਾਸ ਜੀ ਦੇ ਪਾਵਨ ਪਵਿੱਤਰ ਦਰਬਾਰ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਨੇ ਅੰਮ੍ਰਿਤ ਵੇਲੇ ਜੋ ਪਾਵਨ ਪਵਿੱਤਰ ਹੁਕਮ ਦੀ ਦਾਤ ਸਮੁੱਚੀ ਮਾਨਵਤਾ ਨੂੰ ਬਖ਼ਸ਼ਿਸ਼ ਕੀਤੀ ਹੈ, ਅੱਜ ਦਾ ਇਹ ਅੰਮ੍ਰਿਤ ਬਚਨ ਰਾਗ ਸੂਹੀ ਦੇ ਅੰਦਰ ਤੀਸਰੇ ਗੁਰਦੇਵ ਗੁਰੂ ਅਮਰਦਾਸ ਪਾਤਿਸ਼ਾਹ ਜੀ ਦੀ ਮੁਬਾਰਕ ਰਸਨਾ ਤੋਂ ਉਚਾਰਨ ਕੀਤਾ ਹੋਇਆ ਹੈ। ਇਹ ਪਾਵਨ ਪਵਿੱਤਰ ਹੁਕਮ ਸਤਿਗੁਰ ਜੀ ਨੇ ਛੰਤ ਰੂਪ ਵਿਚ ਉਚਾਰਨ ਕੀਤਾ ਹੈ ਅਤੇ ਇਸ ਛੰਤ ਦੇ ਅੰਦਰ ਹਜ਼ੂਰ ਨੇ ਚਾਰ ਪਦਿਆਂ ਦੇ ਰੂਪ ਵਿਚ ਇਹ ਬਖ਼ਸ਼ਿਸ਼ ਕੀਤੀ ਹੈ। ਪਹਿਲੀ ਗੱਲ ਸਮਝਾਈ-

*ਸੁਖ ਸੋਹਿਲੜਾ ਹਰਿ ਧਿਆਵਹੁ ॥*

ਤੇ ਅਖ਼ੀਰਲੀ ਗੱਲ ਸਮਝਾਈ-

*ਸਾਜਨ ਆਇ ਵੁਠੇ ਘਰ ਮਾਹੀ ॥ ੪ ॥ ੧ ॥*

ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਨੇ ਉਸ ਪਰੀਪੂਰਨ ਪ੍ਰਮਾਤਮਾ ਦੀ ਖ਼ੁਸ਼ੀ ਦੇ ਗੀਤ ਤੋਂ ਸ਼ੁਰੂ ਕਰਕੇ ਤੇ ਵਾਹਿਗੁਰੂ ਸੱਜਣ ਦਾ ਹਿਰਦੇ-ਘਰ ਵਿਚ ਆਉਣ ਤੱਕ ਇਸ ਪਾਵਨ ਪਵਿੱਤਰ ਸ਼ਬਦ ਵਿਚ ਆਪਣੀ ਅੰਮ੍ਰਿਤ ਰਸਨਾ ਤੋਂ ਸ਼ਬਦ ਦੀ ਬਖ਼ਸ਼ਿਸ਼ ਕੀਤੀ ਹੈ। ਇਸ ਪਾਵਨ ਸ਼ਬਦ ਦੀ ਵਿਚਾਰ ਤੋਂ ਪਹਿਲਾਂ ਕ੍ਰਿਪਾ ਕਰੋ ਤੇ ਉਚਾਰਨ ਕਰੋ, ਸਤਿਨਾਮ ਸ੍ਰੀ ਵਾਹਿਗੁਰੂ ਜੀ।

*ਰਾਗੁ ਸੂਹੀ ਛੰਤ ਮਹਲਾ ੩ ਘਰੁ ੨ ॥ ੧ੴ ਸਤਿਗੁਰ ਪ੍ਰਸਾਦਿ ॥*
*ਸੁਖ ਸੋਹਿਲੜਾ ਹਰਿ ਧਿਆਵਹੁ ॥*

ਗੁਰੂ ਅਮਰਦਾਸ ਪਾਤਿਸ਼ਾਹ ਜੀ ਨੇ ਆਰੰਭਕ ਬਚਨ ਜੋ ਉਚਾਰਨ ਕੀਤੇ ਹਨ, ਉਸ ਵਿਚ ਫ਼ੁਰਮਾਇਆ ਹੈ ਕਿ ਉਹ ਸੁੱਖ ਦੇਣ ਵਾਲੇ ਖ਼ੁਸ਼ੀ ਦੇ ਗੀਤ ਨੂੰ ਗਾ। ਦੁਨੀਆਂ ਵਿਚ ਹਰੇਕ ਬੰਦਾ ਕਿਸੇ ਨਾ ਕਿਸੇ ਦੀ ਸਿਫ਼ਤ ਦੇ ਗੀਤ ਗਾਉਂਦਾ ਹੈ। ਕੋਈ ਆਪਣੇ ਚੌਧਰਪੁਣੇ ਦੇ ਗੀਤ ਗਾਉਂਦਾ ਹੈ, ਕੋਈ ਆਪਣੇ ਪਰਿਵਾਰ ਦੇ ਗੀਤ ਗਾਉਂਦਾ ਹੈ, ਕੋਈ ਬੰਦਾ ਸੰਸਾਰ ਦੀ ਉੱਚੀ ਪੱਦਵੀ 'ਤੇ ਬੈਠਿਆਂ ਦੇ ਸੋਹਿਲੇ ਗਾਉਂਦਾ ਹੈ, ਪਰ ਜਿਸਦੇ ਸਿਰ 'ਤੇ ਪ੍ਰਮਾਤਮਾ ਆਪਣਾ ਮੇਹਰ ਭਰਿਆ ਹੱਥ ਰੱਖ ਦੇਵੇ, ਹੁੰਦਾ ਉਹ ਵੀ ਸੋਹਿਲਾ ਹੈ ਪਰ ਉਹ ਬੰਦਿਆਂ ਦੇ ਸੋਹਿਲੇ ਦੀ ਥਾਂ ਪਰੀਪੂਰਨ ਪ੍ਰਮਾਤਮਾ ਦਾ ਸੋਹਿਲਾ ਗਾਉਂਦਾ ਹੈ। ਬਾਬਾ ਫ਼ਰੀਦ ਜੀ ਦਾ ਸਲੋਕ ਹੈ ਕਿ-

*ਫਰੀਦਾ ਦੁਨੀ ਵਜਾਈ ਵਜਦੀ*

ਦੁਨੀਆਂ ਇਕ ਵਾਜਾ ਹੈ। ਜਿਵੇਂ ਸਾਜ਼ ਨਾਲ ਕੀਰਤਨ ਕੀਤਾ ਗਿਆ ਤੇ ਕੀਰਤਨੀਏ

ਆਪਣੀ ਮਰਜ਼ੀ ਨਾਲ ਸਾਜ਼ ਦੀਆਂ ਸੁਰਾਂ ਨੂੰ ਦਬਾਉਂਦੇ ਹਨ। ਜਿਹੜੀ ਸੁਰ ਨੂੰ ਦਬਾਉਣਗੇ, ਹਾਰਮੋਨੀਅਮ ਦੀ ਹਵਾ ਨਾਲ ਉਸ ਸੁਰ ਵਿਚੋਂ ਉਹ ਆਵਾਜ਼ ਨਿਕਲੇਗੀ। ਜਿਉਂ-ਜਿਉਂ ਉਹਨਾਂ ਦੀਆਂ ਉਂਗਲਾਂ ਵਾਜੇ 'ਤੇ ਦੌੜਦੀਆਂ ਹਨ ਤੇ ਜਿਸ ਸੁਰ ਨੂੰ ਦੱਬਣਗੇ, ਉਸਦੀ ਆਵਾਜ਼ ਨਿਕਲਦੀ ਹੈ। ਕਹਿਣ ਲੱਗੇ ਕੁਝ ਲੋਕ ਅਜਿਹੇ ਹਨ ਜਿਨ੍ਹਾਂ ਨੇ ਬੰਦਿਆਂ ਨੂੰ ਵਾਜੇ ਬਣਾਇਆ ਹੈ, ਆਪਣੇ ਆਪ ਵੱਜਦੇ ਨਹੀਂ ਉਹ, ਜਿਸ ਸੁਰ 'ਤੇ ਹੱਥ ਰੱਖ ਦੇਣ ਤੇ ਉਹ ਬੰਦੇ ਦੇ ਵਜਾਏ ਹੋਏ ਵਾਜੇ ਵੱਜਦੇ ਹਨ। ਜਿਸ ਉੱਪਰ ਪ੍ਰਮਾਤਮਾ ਦਾ ਹੱਥ ਹੋਵੇ ਤੇ ਬੰਦੇ ਦਾ ਵਜਾਇਆ ਹੋਇਆ ਨਹੀਂ ਵੱਜਦਾ, ਉਹ ਸੋਹਿਲੇ ਗਾਉਂਦਾ ਹੈ ਤੇ ਪ੍ਰਮਾਤਮਾ ਦਾ ਵਜਾਇਆ ਹੋਇਆ ਵੱਜਦਾ ਹੈ। ਗੁਰੂ ਜੀ ਦੇ ਅਮੋਲਕ ਬਚਨ ਹਨ-

*ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥*
*ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ॥*

(ਅੰਗ ੧੩੮੩)

ਜਿਸਦੀ ਸੰਭਾਲ ਪ੍ਰਮਾਤਮਾ ਕਰਦਾ ਹੈ, ਉਹ ਬੰਦਾ ਕਿਸੇ ਦਾ ਵਾਜਾ ਬਣਕੇ ਕਦੀ ਨਹੀਂ ਵੱਜਦਾ। ਸੋਹਿਲੇ ਗਾਉਣ ਵਾਲਿਆਂ ਦੇ ਘਰ ਵਿਚ ਪ੍ਰਮਾਤਮਾ ਆਉਂਦਾ ਹੈ ਤੇ ਜਿਨ੍ਹਾਂ ਦੇ ਘਰ ਵਿਚ ਆ ਜਾਏ ਉਹ ਫਿਰ ਪ੍ਰਮਾਤਮਾ ਦੇ ਸੋਹਿਲੇ ਗਾਉਂਦੇ ਹਨ। ਧੰਨ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ

*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥*

ਤੁਮ ਦਾ ਅਰਥ ਹੈ ਹੇ ਗੁਰੂ ਦੇ ਸਿੱਖੋ ! ਜੇ ਤੁਸੀਂ ਸੋਹਿਲੇ ਗਾਉਣੇ ਹਨ, ਖ਼ੁਸ਼ੀ ਦੇ ਗੀਤ ਗਾਉਣੇ ਹਨ ਤਾਂ ਫਿਰ ਪ੍ਰਮਾਤਮਾ ਦੇ ਗੀਤ ਕਿਉਂ ਨਹੀਂ ਗਾਉਂਦੇ। ਧੰਨ ਗੁਰੂ ਨਾਨਕ ਸਾਹਿਬ ਜੀ ਕ੍ਰਿਪਾ ਕਰਦੇ ਦੱਸੋ ਕਿ ਜਿਹੜੇ ਨਿਰਭਉ ਦਾ ਸੋਹਿਲਾ ਗਾਉਂਦੇ ਹਨ ਉਹਨਾਂ ਨੂੰ ਮਿਲਦਾ ਕੀ ਹੈ? ਬੰਦਿਆਂ ਦੇ ਸੋਹਿਲੇ ਗਾਉਂਦੇ ਹਨ ਤਾਂ ਕਿਸੇ ਨੂੰ ਧਨ ਮਿਲਦਾ ਹੈ। ਜਿਹੜਾ ਪ੍ਰਮਾਤਮਾ ਦਾ ਸੋਹਿਲਾ ਗਾਉਂਦਾ ਹੈ, ਉਸਨੂੰ ਕੀ ਮਿਲਿਆ? ਸਾਹਿਬ ਨੇ ਫ਼ੁਰਮਾਇਆ-

*ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥*
*ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥*

(ਕੀਰਤਨ ਸੋਹਿਲਾ)

ਕਹਿੰਦੇ ਹਨ, ਮੈਂ ਕੁਰਬਾਨ ਜਾਵਾਂ, ਕਿਸ ਤੋਂ? ਸੋਹਿਲੇ ਤੋਂ। ਪ੍ਰਮਾਤਮਾ ਦੇ ਗੀਤ ਗਾਉਣ ਵਾਲੇ ਨੂੰ ਸਦੀਵ ਕਾਲ ਲਈ ਸੁੱਖ ਮਿਲਦਾ ਹੈ। ਉਹ ਕਿਵੇਂ ਗਾਈਏ, ਇਹ ਤਾਂ ਕਹਿ ਦਿੱਤਾ ਤੁਸੀਂ ਗਾਉ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਅਸਲ ਵਿਚ ਇਹ ਸੋਹਿਲਾ ਹੈ, ਸ਼ਬਦ ਨਾਲ ਸੋਹਿਲਾ ਲੱਗਦਾ ਹੈ। ਪ੍ਰਮਾਤਮਾ ਦਾ ਸ਼ਬਦ ਗਾਉਣਾ, ਗੁਰੂ ਦੀ ਬਾਣੀ ਗਾਉਣੀ, ਇਹ ਹੀ ਤਾਂ ਉਸਦਾ ਸੋਹਿਲਾ ਹੈ। ਜਿਉਂ-ਜਿਉਂ ਕੋਈ ਪ੍ਰਮਾਤਮਾ ਦੇ ਗੀਤ



ਗਾਉਂਦਾ ਹੈ, ਪ੍ਰਮਾਤਮਾ ਨੂੰ ਪੁਕਾਰਦਾ ਹੈ,

*ਏਹੁ ਸੋਹਿਲਾ ਸਬਦੁ ਸੁਹਾਵਾ॥*
*ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥*
*ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥*

(ਅੰਗ ੯੧੯)

ਉਹਨਾਂ ਦੇ ਅੰਦਰ ਵੱਸਿਆ ਹੈ, ਜਿਨ੍ਹਾਂ ਦੇ ਧੁਰ ਦਰਗਾਹ ਤੋਂ ਪ੍ਰਮਾਤਮਾ ਨੇ ਲੇਖ ਲਿਖ ਦਿੱਤੇ। ਫਿਰ ਇਹ ਗਾਈਏ ਕਿੱਥੇ?

*ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥*

(ਅੰਗ ੯੨੨)

ਹਜ਼ੂਰ ਨੇ ਕਿਹਾ ਸ਼ਬਦ ਦਾ ਸੋਹਿਲਾ ਹੈ ਤੇ ਇਸ ਖ਼ੁਸ਼ੀ ਦੇ ਗੀਤ ਨੂੰ ਸਤਿਸੰਗਤ ਰੂਪੀ ਸੱਚੇ ਘਰ ਵਿਚ ਗਾਈਂ। ਜਦੋਂ ਪ੍ਰਮਾਤਮਾ ਨੂੰ ਕੋਈ ਆਪਣੇ ਅੰਤਰ ਆਤਮੇ ਤੋਂ ਗਾਉਂਦਾ ਹੈ ਤੇ ਗਾਉਣ ਵਾਲਾ ਇਕ ਦਿਨ ਉਸਦੇ ਵਿਚ ਅਭੇਦ ਹੋ ਜਾਂਦਾ ਹੈ। ਜਿਉਂ-ਜਿਉਂ ਉਸਦੀ ਸਿਫ਼ਤ ਦੇ ਕੋਈ ਗੀਤ ਗਾਉਂਦਾ ਹੈ, ਤਿਉਂ-ਤਿਉਂ ਦੁਨੀਆਂ ਦੀ ਝੂਠੀ ਪ੍ਰੀਤ ਤੋਂ ਉਸ ਦੀਆਂ ਤੰਰਗਾਂ ਟੁੱਟ ਜਾਂਦੀਆਂ ਹਨ। ਧੰਨ ਗੁਰੂ ਤੇਗ਼ ਬਹਾਦਰ ਜੀ ਅੰਮ੍ਰਿਤ ਬਚਨ ਕਰਦੇ ਹਨ ਕਿ ਦੇਖ, ਦੋ ਕੰਮ ਕਰੀਂ, ਇਕ ਤਾਂ ਆਪਣੇ ਕੰਨਾਂ ਨਾਲ ਪ੍ਰਮੇਸ਼ਰ ਦੇ ਸੋਹਿਲੇ ਸੁਣ ਤੇ ਦੂਜਾ ਆਪਣੀ ਜ਼ੁਬਾਨ ਨਾਲ ਪ੍ਰਮੇਸ਼ਰ ਦੇ ਸੋਹਿਲੇ ਗਾ। ਅਸੀਂ ਬਚਨ ਪੜ੍ਹਦੇ ਹਾਂ-

*ਰੇ ਮਨ ਰਾਮ ਸਿਉ ਕਰਿ ਪ੍ਰੀਤਿ॥*

ਹੇ ਮੇਰੇ ਮਨਾ ! ਪ੍ਰਮਾਤਮਾ ਨਾਲ ਪ੍ਰੀਤ ਕਰ। ਸੱਚੇ ਪਾਤਿਸ਼ਾਹ ! ਉਸ ਨਾਲ ਪ੍ਰੀਤ ਕਰਨ ਦਾ ਵਸੀਲਾ ਕਿਹੜਾ ਹੈ? ਉਸਦਾ ਵਸੀਲਾ ਹੈ-

*ਰੇ ਮਨ ਰਾਮ ਸਿਉ ਕਰਿ ਪ੍ਰੀਤਿ॥*
*ਸ੍ਰਵਨ ਗੋਬਿੰਦ ਗੁਨੁ ਸੁਨਹੁ ਅਰੁ ਗਾਉ ਰਸਨਾ ਗੀਤਿ॥*

(ਅੰਗ ੬੩੧)

ਆਪਣੀ ਰਸਨਾਂ ਤੋਂ ਉਸਦੇ ਗੀਤ ਗਾ ਤੇ ਕੰਨਾਂ ਨਾਲ ਪ੍ਰਮਾਤਮਾ ਦੇ ਗੀਤ ਸੁਣ। ਗੁਰੂ ਤੇਗ਼ ਬਹਾਦਰ ਜੀ ਨੇ ਦੂਜਾ ਬਚਨ ਕੀਤਾ। ਦੇਖੋ ਇਸ ਭਵ ਸਾਗਰ ਤੋਂ ਪਾਰ ਕਰਨ ਲਈ ਧਰਮ ਦੀ ਦੁਨੀਆਂ ਵਿਚ ਲੋਕ ਅਨੇਕਾਂ ਤਰ੍ਹਾਂ ਦੇ ਕਰਮ ਕਰਦੇ ਹਨ। ਕੋਈ ਬੰਦਾ ਤੀਰਥ ਇਸ਼ਨਾਨ ਕਰ ਰਿਹਾ ਹੈ, ਕੋਈ ਦੁਨੀਆਂ ਦੇ ਮੋਹ ਦੀਆਂ ਤੰਦਾਂ ਤੋਂ ਉੱਪਰ ਉੱਠਣ ਲਈ ਇਸ ਧਰਤੀ ਦਾ ਭਰਮਨ ਕਰ ਰਿਹਾ ਹੈ, ਪਰ ਧੰਨ ਗੁਰੂ ਤੇਗ਼ ਬਹਾਦਰ ਜੀ ਕਹਿੰਦੇ ਹਨ ਕਿ ਜੇ ਕਿਸੇ ਨੇ ਇਸ ਭਵ-ਸਾਗਰ ਤੋਂ ਤਰਨਾ ਹੈ ਤਾਂ ਉਹ ਇਸ ਇਕ ਨੁਕਤੇ ਨੂੰ ਚੰਗੀ ਤਰ੍ਹਾਂ ਸਮਝ ਲਵੇ। ਸਾਹਿਬ ਨੇ ਫ਼ੁਰਮਾਇਆ-

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*
*ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥੧॥ ਰਹਾਉ॥*

(ਅੰਗ ੫੩੬)

ਇਸ ਦੁਨੀਆਂ ਵਿਚ ਜਿੰਨੀ ਵੀ ਅਸੀਂ ਪ੍ਰੀਤ ਦੇਖਦੇ ਹਾਂ, ਇਹ ਪ੍ਰੀਤ ਤਕਰੀਬਨ ਝੂਠ ਦੀਆਂ ਨੀਂਹਾਂ ਉੱਪਰ ਖਲੋਤੀ ਹੈ। ਪਿਆਰਿਉ ! ਜਿਸ ਦੀਆਂ ਨੀਂਹਾਂ ਹੀ ਕੱਚੀਆਂ ਹੋਣ, ਉਹ ਇਮਾਰਤ ਕਿੰਨੀ ਕੁ ਉੱਚੀ ਉੱਠ ਸਕੇਗੀ। ਜਿਸ ਦੀਆਂ ਨੀਂਹਾਂ ਵਿਚ ਝੂਠ ਦੀ ਪ੍ਰੀਤ ਹੋਵੇ, ਉਹ ਪ੍ਰੀਤ ਕਦੀ ਸਿਰ-ਧੜ ਦੀ ਬਾਜ਼ੀ ਲਾ ਕੇ ਸਿਰੇ ਨਹੀਂ ਨਿਭੀ।

*ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥*
*ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥*

(ਅੰਗ ੫੩੬)

ਸਾਰੇ ਕਹਿੰਦੇ ਹਨ ਮੇਰਾ ਹੈ, ਪਰ ਜਿੰਨੇ ਮੇਰਾ ਕਹਿੰਦੇ ਹਨ, ਇਹਨਾਂ ਵਿਚੋਂ ਬਹੁਤਾਤ ਉਹਨਾਂ ਲੋਕਾਂ ਦੀ ਹੈ ਜਿਹੜੇ ਸਾਡੇ ਸੁੱਖ ਕਰਕੇ, ਸਾਡੇ ਧਨ ਕਰਕੇ, ਸਾਡੀ ਦੁਨੀਆਂ ਵਿਚ ਵੱਧਦੀ ਹੋਈ ਸ਼ੋਹਰਤ ਕਰਕੇ ਕਹਿੰਦੇ ਹਨ ਕਿ ਇਹ ਮੇਰਾ ਆਪਣਾ ਹੈ। ਤੁਸੀਂ ਜੀਵਨ ਵਿਚ ਤਜਰਬਾ ਕਰਕੇ ਦੇਖੋ, ਜਿਸ ਦਿਨ ਇਨਸਾਨ ਨੂੰ ਕਿਤੇ ਘਾਟਾ ਪੈ ਜਾਏ, ਇਨਸਾਨ ਦੇ ਕੀਤੇ ਹੋਏ ਕੰਮ ਵਿਚ ਕਿਤੇ ਵਿਘਨ ਪੈ ਜਾਏ, ਮਨੁੱਖ ਦਾ ਦੀਵਾਲਾ ਨਿਕਲ ਜਾਏ, ਜਿਹੜੇ ਅਤਿ ਦੇ ਨਜ਼ਦੀਕੀ ਖ਼ੂਨ ਦੇ ਰਿਸ਼ਤੇ ਹਨ, ਉਹਨਾਂ ਨੂੰ ਜੇਕਰ ਕਹੋ ਕਿ ਫਲਾਨਾ ਬੰਦਾ ਤੁਹਾਡਾ ਰਿਸ਼ਤੇਦਾਰ ਹੈ ਤਾਂ ਉਹ ਨੇੜੇ ਦੇ ਵੀ ਕਹਿਣਗੇ ਕਿ ਹਾਂ, ਬਹੁਤ ਦੂਰ ਤੋਂ ਰਿਸ਼ਤੇਦਾਰੀ ਪੈਂਦੀ ਹੈ, ਸਾਡਾ ਕਦੀ ਉਹਨਾਂ ਵਲ ਆਉਣਾ ਜਾਣਾ ਨਹੀਂ। ਪਰ ਜਿਸ ਦਿਨ ਪ੍ਰਮਾਤਮਾ ਧਨ ਦੇ ਦੇਵੇ, ਪਦਵੀ ਬਖ਼ਸ਼ ਦੇਵੇ, ਦੁਨੀਆਂ ਦੇ ਸੁੱਖ ਆਪ ਜੀ ਦੇ ਘਰ ਆ ਜਾਣ ਤੇ ਯਾਦ ਰੱਖਿਉ, ਉਸ ਦਿਨ ਕਈ ਪੀੜ੍ਹੀਆਂ ਦੀ ਦੂਰੀ ਵਾਲੇ ਲੋਕ ਵੀ ਕਹਿਣਗੇ, ਕੋਈ ਗੱਲ ਨਹੀਂ, ਇਹ ਬੰਦਾ ਤਾਂ ਆਪਣੇ ਘਰ ਦਾ ਹੈ, ਸਾਡਾ ਤਾਂ ਰਿਸ਼ਤਾ ਹੀ ਬੜਾ ਨੇੜੇ ਦਾ ਹੈ। ਸੁੱਖ ਹੈ, ਹਰ ਰਿਸ਼ਤਾ ਨੇੜੇ ਹੈ। ਦੁੱਖ ਆ ਗਿਆ, ਹਰ ਨੇੜੇ ਦਾ ਰਿਸ਼ਤਾ ਵੀ ਦੂਰੀ ਬਣਾ ਦਿੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਕਹਿੰਦੇ ਹਨ ਕਿ

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*

ਸਾਰੇ ਕਹਿੰਦੇ ਹਨ, ਮੇਰਾ ਮੇਰਾ ਮੇਰਾ ਮੇਰਾ।

*ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥ ੧॥*
*ਮਨ ਮੂਰਖ ਅਜਹੂ ਨਹ ਸਮਝਤ*

ਹੇ ਮੂਰਖ ਮਨਾ ! ਤੈਨੂੰ ਅਜੇ ਤੱਕ ਸਮਝ ਨਹੀਂ ਪਈ?

*ਸਿਖ ਦੈ ਹਾਰਿਓ ਨੀਤ॥*



ਜੇ ਭਵ-ਸਾਗਰ ਪਾਰ ਕਰਨਾ ਹੈ ਤਾਂ ਬਸ ਇਸ ਸੋਹਿਲੇ ਨੂੰ ਪੱਲੇ ਬੰਨ੍ਹ ਲੈ-

*ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥*

(ਅੰਗ ੫੩੬)

ਉਸ ਪ੍ਰਮਾਤਮਾ ਦੇ ਗੀਤ ਗਾ।

ਅੱਜ ਦੁਨੀਆਂ ਵਿਚ ਤੁਸੀਂ ਦੇਖਦੇ ਹੋ ਕਿ ਗੀਤਾਂ ਦੀ ਕਮੀ ਨਹੀਂ ਤੇ ਗਾਉਣ ਵਾਲਿਆਂ ਦੀ ਵੀ ਕਮੀ ਨਹੀਂ, ਪਰ ਧੁਰ ਅੰਦਰ ਤੋਂ ਗਾਉਣ ਵਾਲਾ, ਆਪਣੀ ਆਤਮਾ ਤੋਂ ਭਿੱਜ ਕੇ ਗਾਉਣ ਵਾਲਾ ਕੋਈ ਟਾਵਾਂ ਟਾਵਾਂ ਮਿਲੇਗਾ, ਜਿਹੜਾ ਅੰਤਰ-ਆਤਮੇ ਤੋਂ ਪ੍ਰਮਾਤਮਾ ਨੂੰ ਗਾਵੇਗਾ। ਕਈ ਵਾਰੀ ਜਦੋਂ ਅਸੀਂ ਗਾਉਂਦੇ ਹਾਂ, ਗਲਾ ਸਾਡਾ ਗਾਉਂਦਾ ਹੈ, ਪਰ ਮਨ ਸਾਡਾ ਨਹੀਂ ਗਾਉਂਦਾ। ਗਲੇ ਸਾਡੇ ਵਿਚੋਂ ਸ਼ਬਦਾਂ ਦੀ ਧੁੰਨ ਨਿਕਲਦੀ ਹੈ ਪਰ ਮਨ ਵਿਚੋਂ ਨਾਮ ਦੀ ਧੁੰਨ ਨਹੀਂ ਨਿਕਲਦੀ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਰਾਮਦਾਸ ਜੀ ਨੇ ਗਾਉਣ ਵਾਲਿਆਂ ਨੂੰ ਇਕ ਤਾਕੀਦ ਕੀਤੀ ਤੇ ਜੋਗੀ ਨੂੰ ਕਹਿਣ ਲੱਗੇ, ਐ ਜੋਗੀ ! ਤੂੰ ਆਪਣੇ ਹੱਥ ਵਿਚ ਇਕਤਾਰਾ ਫੜ ਲਿਆ ਤੇ ਉੱਚਾ ਉੱਚਾ ਗਾਉਣ ਲੱਗ ਪਿਆ ਹੈਂ, ਪਰ ਤੇਰੀ ਜ਼ਬਾਨ ਗਾਉਂਦੀ ਹੈ, ਮਨ ਤੇਰਾ ਅਜੇ ਗਾਉਂਦਾ ਨਹੀਂ ਪਿਆ। ਅਸਲ ਵਿਚ ਸਹੀ ਅਰਥਾਂ ਵਿਚ ਜਿਸ ਦਿਨ ਸਾਡੇ ਪ੍ਰਾਣ ਗਾਉਣਗੇ, ਉਸ ਦਿਨ ਗਾਇਆ ਹੋਇਆ ਥਾਏਂ ਪਏਗਾ। ਸਤਿਗੁਰੂ ਨੇ ਕਿਹਾ, ਐ ਇਨਸਾਨ ! ਤੂੰ ਜ਼ਬਾਨ ਤੋਂ ਗਾ ਰਿਹਾ ਹੈਂ, ਹੱਥ ਤੋਂ ਸਾਜ਼ ਵਜਾ ਰਿਹਾ ਹੈਂ, ਤੇਰੀ ਆਤਮਾ ਨਹੀਂ ਗਾਉਂਦੀ ਤਾਂ ਤੇਰੀ ਹਾਲਤ ਉਸ ਬੈਲ ਵਰਗੀ ਹੈ, ਜਿਹੜਾ ਜ਼ਿਮੀਂਦਾਰ ਨੇ ਆਪਣੇ ਖੂਹ 'ਤੇ ਬਲਦ ਲਿਆਂਦਾ ਹੈ। ਜੇ ਗਾਇਕ ਆਪਣੇ ਧੁਰ ਅੰਦਰ ਤੋਂ ਗਾਏ ਤਾਂ ਸੁਣਨ ਵਾਲਾ ਸ੍ਰੋਤਾ ਵੀ ਆਪਣੇ ਧੁਰ ਅੰਦਰ ਤੋਂ ਸੁਣੇ। ਅੱਜ ਕੱਲ ਜੋ ਦੁਨੀਆਂ ਦੇ ਗੀਤ ਹਨ, ਉਹ ਸਾਡੇ ਅੰਦਰ ਵਾਸ਼ਨਾਵਾਂ ਦਾ ਅਸਰ ਛੱਡਦੇ ਹਨ ਤੇ ਜਿਹੜੇ ਪ੍ਰਮਾਤਮਾ ਦੇ ਸ਼ਬਦ ਗਾਏ ਜਾਂਦੇ ਹਨ, ਅੰਦਰੋਂ ਜੁੜਕੇ ਕੋਈ ਗਾਏ ਤਾਂ ਸਾਡੇ ਮਨ ਉੱਤੇ ਰੂਹਾਨੀਅਤ ਦਾ ਅਸਰ ਛੱਡਦੇ ਹਨ।

ਇਕ ਮਹਾਂਪੁਰਸ਼ਾਂ ਨੇ ਬੜੀ ਸੋਹਣੀ ਇਕ ਉਦਾਹਰਨ ਦਿੱਤੀ ਸੀ, ਇਹ ਦੁਨੀਆਂ ਦੇ ਗੀਤ ਸੁਣਨ ਵਾਲਿਆਂ ਦੇ ਲਈ। ਕਹਿਣ ਲੱਗੇ, ਇਕ ਵਾਰੀ ਕੋਈ ਵੇਸਵਾ ਨੱਚ ਰਹੀ ਸੀ। ਉਸਨੇ ਪੈਰਾਂ ਵਿਚ ਘੁੰਗਰੂ ਬੰਨ੍ਹੇ ਤੇ ਨਾਲ ਉਸਦੇ ਜਿਹੜੇ ਸਾਥੀ ਸਨ, ਉਹ ਮਰਦੰਗ ਵਜਾਉਂਦੇ ਪਏ ਸਨ। ਮਰਦੰਗ ਦੀ ਆਵਾਜ਼ ਨਾਲ ਉਹ ਔਰਤ ਪੈਰਾਂ ਵਿਚ ਪਾਏ ਹੋਏ ਘੁੰਗਰੂਆਂ ਨੂੰ ਜ਼ਮੀਨ 'ਤੇ ਪਰਤ ਪਰਤ ਮਾਰੇ ਤੇ ਜਦੋਂ ਘੁੰਗਰੂਆਂ ਦੀ ਆਵਾਜ਼ ਆਵੇ, ਮਿਰਦੰਗ ਦੀ ਆਵਾਜ਼ ਸੁਣਾਈ ਦੇਵੇ ਤਾਂ ਫਿਰ ਆਪਣੀ ਬਾਂਹ ਉਲਾਰ ਉਲਾਰ ਕੇ ਉਹ ਬੋਲੀਆਂ ਪਾਵੇ ਤੇ ਭੀੜ ਬੜੀ ਇਕੱਠੀ ਸੀ। ਇਕ ਰੱਬ ਦਾ ਰੱਤਿਆ ਹੋਇਆ ਫ਼ਕੀਰ ਆਇਆ। ਉਸਨੇ ਦੇਖਿਆ ਕਿ ਇਹ ਲੋਕ ਕਿਉਂ ਇਕੱਠੇ ਹਨ? ਉਸਨੇ ਅੱਗੇ ਵੱਧਕੇ ਦੇਖਿਆ ਤੇ ਨੱਚਣ ਵਾਲੀ ਨੱਚ ਰਹੀ ਸੀ। ਇਕ ਮਿੰਟ ਉਸਨੇ ਦੇਖਿਆ, ਦੇਖਣ ਤੋਂ ਬਾਅਦ ਫ਼ਕੀਰ ਪਿੱਛੇ ਹੱਟ ਗਿਆ। ਕਿਸੇ ਨੌਜਵਾਨ ਨੇ ਉਸ ਫ਼ਕੀਰ ਨੂੰ ਮਜ਼ਾਕ ਕੀਤਾ। ਕਹਿਣ ਲੱਗਾ ਬਾਬਾ !

ਅਜੇ ਤਾਂ ਰੱਸ ਆਉਣਾ ਹੈ ਇਸਦੇ ਨੱਚਣ ਦਾ, ਤੂੰ ਹੁਣੇ ਤੁਰ ਚਲਿਆ ਹੈਂ। ਫ਼ਕੀਰ ਨੇ ਕਿਹਾ ਕਿ ਨਹੀਂ, ਮੈਂ ਤਾਂ ਇਕ ਮਿੰਟ ਵੀ ਬਰਦਾਸ਼ਤ ਨਹੀਂ ਕਰ ਸਕਿਆ। ਹੁਣ ਤੁਸੀਂ ਸੁਣੋ, ਤੁਹਾਡਾ ਕੰਮ ਹੈ, ਮੈਂ ਨਹੀਂ ਸੁਣ ਸਕਦਾ। ਉਸ ਨੌਜਵਾਨ ਨੇ ਕਿਹਾ, ਬਾਬਾ ! ਦੇਖ ਮਿਰਦੰਗ ਵੱਜਦਾ ਹੈ ਤਾਂ ਕਿੰਨੀ ਸੋਹਣੀ ਆਵਾਜ਼ ਸੁਣਾਈ ਦਿੰਦੀ ਹੈ, ਜਦੋਂ ਬਾਂਹ ਉਲਾਰ ਕੇ ਭੰਗੜੇ ਪਾਉਂਦੀ ਹੈ ਤਾਂ ਲੰਘਦੇ ਬੰਦੇ ਰੁੱਕ ਜਾਂਦੇ ਹਨ। ਤੂੰ ਕਿਉਂ ਤੁਰ ਚੱਲਿਆਂ ਹੈਂ? ਉਸ ਫ਼ਕੀਰ ਨੇ ਕਿਹਾ, ਮੇਰੇ ਕੋਲੋਂ ਲਾਹਨਤਾਂ ਨਹੀਂ ਸੁਣੀਆਂ ਜਾਂਦੀਆਂ। ਕਹਿਣ ਲੱਗੇ, ਲਾਹਨਤਾਂ? ਫ਼ਕੀਰ ਨੇ ਕਿਹਾ ਦੇਖ ਜਿਹੜਾ ਮਿਰਦੰਗ ਵੱਜਦਾ ਹੈ, ਇਸਦੇ ਵਿਚੋਂ ਆਵਾਜ਼ ਕਿਹੜੀ ਆ ਰਹੀ ਹੈ? ਕਹਿਣ ਲੱਗਾ ਮੈਨੂੰ ਸਮਝ ਨਹੀਂ ਪਈ। ਫ਼ਕੀਰ ਕਹਿੰਦਾ ਹੈ, ਧਿਆਨ ਨਾਲ ਸੁਣ। ਮਿਰਦੰਗ ਵਿਚੋਂ ਆਵਾਜ਼ ਨਿਕਲਦੀ ਪਈ ਹੈ ਧਿੱਕਾਰ ਧਿੱਕਾਰ ਤੇ ਕਹਿਣ ਲੱਗੇ ਪੈਰਾਂ ਵਿਚ ਵੱਜਦੇ ਘੁੰਗਰੂਆਂ ਦੀ ਧੁਨੀ ਸੁਣ ਤੇ ਘੁੰਗਰੂ ਕਹਿੰਦੇ ਪਏ ਹਨ ਕਿਨ ਕੋ, ਕਿਨ ਕੋ ਤੇ ਜਦੋਂ ਬਾਂਹ ਉਲਾਰ ਕੇ ਬੋਲੀ ਪਾਉਂਦੀ ਹੈ ਤਾਂ ਇਹ ਹੱਥ ਕਰਕੇ ਕਹਿੰਦੀ ਹੈ ਕਿ ਜਿਹੜੇ ਦੇਖਣ ਆਏ ਇਨ ਕੋ ਇਨ ਕੋ। ਧਿੱਕਾਰ ਹੈ ਇਹਨਾਂ ਨੂੰ। ਕਹਿਣ ਲੱਗਾ ਮੇਰੇ ਕੋਲੋਂ ਤਾਂ ਇਹ ਲਾਹਨਤ ਲਈ ਨਹੀਂ ਜਾਂਦੀ, ਮੈਂ ਚੱਲਿਆਂ ਹਾਂ।

ਇਕ ਉਹ ਗੀਤ ਹਨ ਜਿਹੜੇ ਲਾਹਨਤ ਬਣ ਜਾਂਦੇ ਹਨ ਤੇ ਚੇਤੇ ਰੱਖਿਉ, ਇਕ ਉਹ ਪ੍ਰਮਾਤਮਾ ਦੇ ਗੀਤ ਹਨ ਜਿਹੜੇ ਲਾਹਨਤਾ ਲਾਹ ਕੇ ਅੰਦਰ ਨੂੰ ਉਜਲਿਆਂ ਕਰ ਦਿੰਦੇ ਹਨ। ਉਸ ਅਦੀਬ ਦਾ ਕਬਿੱਤ ਹੈ ਜਿਹੜਾ ਮੈਂ ਆਪ ਨੂੰ ਸੁਣਾਉਣ ਲੱਗਾ ਹਾਂ। ਉਹ ਹੈ-

*ਸੁਭ ਕਾਜ ਕੋ ਛੋਡ ਅਕਾਜ ਕਰੈ ਕਛੁ ਲਾਜ ਨਾ ਆਵਤ ਹੈ ਇਨ ਕੋ।*

ਚੰਗੇ ਕੰਮਾਂ ਨੂੰ ਛੱਡਕੇ ਲੋਕ ਭੈੜੇ ਕੰਮ ਕਰਦੇ ਪਏ ਹਨ।

*ਮਿਰਦੰਗ ਤਿਨੇ ਧ੍ਰਿਗ ਧ੍ਰਿਗ ਕਹੇ ਸੁਲਤਾਨ ਕਹੇ ਕਿਨ ਕੋ।*
*ਬਾਂਹ ਉਲਾਰ ਕੇ ਨਾਰ ਕਹੇ ਇਨ ਕੋ ਇਨ ਕੋ।*

ਪਿਆਰਿਉ ! ਇਕ ਉਹ ਗੀਤ ਹਨ ਤੇ ਇਕ ਇਹ ਗੀਤ ਹੈ। ਗੁਰੂ ਜੀ ਨੇ ਗੁਰਬਾਣੀ ਵਿਚ ਕਿਹਾ-

*ਰਸਨਾ ਗੁਣ ਗੋਪਾਲ ਨਿਧਿ ਗਾਇਣ॥*

ਇਥੇ ਧਿੱਕਾਰਾਂ ਨਹੀਂ ਪੈਣਗੀਆਂ ਜੇ ਰਸਨਾ ਨਾਲ ਉਸਦੇ ਗੁਣਾਂ ਨੂੰ ਗਾਏਂਗਾ। ਤਾਂ ਕੀ ਮਿਲੇਗਾ? ਅੰਦਰ ਦੀ ਸ਼ਾਂਤੀ ਮਿਲੇਗੀ। ਸਹਿਜ, ਅੰਦਰ ਦਾ ਟਿਕਾਅ ਮਿਲੇਗਾ।

*ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥*

(ਅੰਗ ੭੧੩)

ਤੇਰੇ ਦੁੱਖ ਚਲੇ ਜਾਣਗੇ। ਸਾਹਿਬ ਕਹਿੰਦੇ ਹਨ ਕਿ ਜਿਹੜੇ ਲੋਕ ਪ੍ਰਮਾਤਮਾ ਦੇ ਗੀਤ ਗਾਉਂਦੇ ਹਨ, ਪ੍ਰਮਾਤਮਾ ਉਹਨਾਂ 'ਤੇ ਦਇਆ ਕਰਦਾ ਹੈ। ਫਿਰ ਉਸ ਗੀਤ ਨੂੰ ਸੁਣਨ ਲਈ



ਸ੍ਰੋਤਾ ਵੀ ਅੰਦਰੋਂ ਚਾਹੀਦਾ ਹੈ। ਹੁਣ ਗਾਉਣ ਵਾਲਾ ਅੰਦਰੋਂ ਗਾਈ ਜਾਏ ਤੇ ਸੁਣਨ ਵਾਲਾ ਧਿਆਨ ਨਾਲ ਸੁਣੇ ਨਾ।

ਗੁਰੂ ਨਾਨਕ ਪ੍ਰਕਾਸ਼ ਵਿਚ ਪੰਜ ਤਰ੍ਹਾਂ ਦੇ ਸ੍ਰੋਤੇ ਦੱਸੇ ਹਨ। ਹਜ਼ੂਰ ਨੇ ਕਿਹਾ, ਪੰਜ ਤਰ੍ਹਾਂ ਦੇ ਸ੍ਰੋਤੇ ਹਨ ਜਿਹੜੇ ਅਕਸਰ ਗੁਰੂ ਦਰਬਾਰ ਵਿਚ ਕੀਰਤਨ ਸੁਣਨ ਆਉਂਦੇ ਹਨ। ਪਹਿਲੀ ਤਰ੍ਹਾਂ ਦਾ ਸ੍ਰੋਤਾ ਸਿਰਫ਼ ਸੁਣਨ ਆਉਂਦਾ ਹੈ ਕਿ ਕਿਹੜਾ ਰਾਗ ਗਾਇਆ ਜਾ ਰਿਹਾ ਹੈ। ਦੂਜੇ ਤਰ੍ਹਾਂ ਦੇ ਸ੍ਰੋਤੇ ਹਨ, ਉਹ ਜਦੋਂ ਸੁਰਾਂ ਵੱਜਦੀਆਂ ਹਨ, ਉਹ ਕੇਵਲ ਦੇਖਣ ਆਉਂਦੇ ਹਨ ਇਹ ਕਿੰਨੀ ਕੁ ਉੱਚੀ ਸੁਰ ਲਾ ਕੇ ਗਾਉਂਦਾ ਹੈ। ਕੁਝ ਰਾਗ ਸੁਣਨ ਆਉਂਦੇ ਹਨ, ਕੁਝ ਉੱਚੀਆਂ ਸੁਰਾਂ ਸੁਣਨ ਆਉਂਦੇ ਹਨ ਤੇ ਤੀਸਰੀ ਤਰ੍ਹਾਂ ਦੇ ਸ੍ਰੋਤੇ ਉਹ ਹਨ ਕਿ ਜਦੋਂ ਵਾਜਾ ਵੱਜਦਾ ਹੈ, ਹੋਰ ਕੁਝ ਨਹੀਂ ਸਮਝ ਪੈਂਦੀ ਪਰ ਵਾਜੇ ਵਿਚੋਂ ਨਿਕਲਦੀ ਹੋਈ ਅਵਾਜ਼ ਨੂੰ ਸੁਣ ਕੇ ਇਕ ਗੱਲ ਕਹਿੰਦੇ ਹਨ ਕਿ ਕਮਾਲ ਕਰ ਦਿੱਤੀ। ਜੋ ਇਹ ਹਾਰਮੋਨੀਅਮ ਵਜਾ ਸਕਦਾ ਹੈ, ਹੋਰ ਕਿਸੇ ਨੂੰ ਵਜਾਉਣਾ ਨਹੀਂ ਆਉਂਦਾ। ਚੋਥੀ ਤਰ੍ਹਾਂ ਦੇ ਸ੍ਰੋਤੇ ਹਨ ਜਿਹੜੇ ਆ ਕੇ ਦੇਖਦੇ ਹਨ ਕਿ ਇਹ ਬੰਦਾ ਜਿਹੜਾ ਤਬਲਾ ਵਜਾ ਰਿਹਾ ਹੈ, ਇਹ ਤਾਲ ਸਹੀ ਵਜਾਉਂਦਾ ਹੈ ਕਿ ਨਹੀਂ। ਜਿਹੜਾ ਗਾ ਰਿਹਾ ਹੈ ਇਹ ਵੀ ਤਾਲ ਵਿਚ ਹੈ ਕਿ ਨਹੀਂ। ਪੰਜਵੀਂ ਤਰ੍ਹਾਂ ਦੇ ਸ੍ਰੋਤੇ ਹਨ ਜਿਹੜੇ ਸਹੀ ਅਰਥਾਂ ਵਿਚ ਗੁਰੂ ਨਾਨਕ ਸਾਹਿਬ ਦੀ ਕ੍ਰਿਪਾ ਦੇ ਪਾਤਰ ਬਣਨ ਆਏ ਹਨ। ਉਹ ਆਉਂਦੇ ਹਨ, ਨੇਤਰ ਬੰਦ ਕਰਕੇ ਬੈਠ ਜਾਂਦੇ ਹਨ, ਟਿੱਕ ਕੇ ਕੀਰਤਨ ਸੁਣਦੇ ਹਨ। ਇਕ ਘੰਟੇ ਤੋਂ ਬਾਅਦ ਵੀ ਪੁੱਛੋ ਤਾਂ ਇਕ ਇਕ ਸ਼ਬਦ ਉਨ੍ਹਾਂ ਦੇ ਸੀਨੇ ਵਿਚ ਧੱਸ ਜਾਂਦਾ ਹੈ ਤੇ ਜਿਹੜੇ ਸੁਰਾਂ, ਰਾਗਾਂ ਤੇ ਤਾਲ ਸੁਣਨ ਆਉਂਦੇ ਹਨ, ਖਿਮਾ ਕਰਿਉ, ਇਕ ਘੰਟੇ ਦੇ ਕੀਰਤਨ ਤੋਂ ਬਾਅਦ ਮੇਰਾ ਖ਼ਿਆਲ ਹੈ, ਉਹਨਾਂ ਨੂੰ ਦੋ ਤੁੱਕਾਂ ਬਾਣੀ ਦੀਆਂ ਚੇਤੇ ਨਹੀਂ ਹੁੰਦੀਆਂ। ਜੇ ਗਾਉਣ ਵਾਲੇ ਅੰਦਰੋਂ ਚਾਹੀਦੇ ਹਨ ਤਾਂ ਸੁਣਨ ਵਾਲੇ ਵੀ ਅੰਤਰ ਆਤਮੇ ਤੋਂ ਚਾਹੀਦੇ ਹਨ।

*ਸੁਖ ਸੋਹਿਲੜਾ ਹਰਿ ਧਿਆਵਹੁ॥*

ਹਜ਼ੂਰ ਕਹਿ ਰਹੇ ਹਨ ਭਾਈ ! ਹੇ ਰੱਬ ਦੇ ਪਿਆਰਿਉ ! ਤੁਸੀਂ ਗੁਰੂ ਦਾ ਹੁਕਮ ਸੁਣਨ ਆਏ ਹੋ, ਅੰਦਰ ਨੂੰ ਸੁੱਖ ਦੇਣ ਵਾਲਾ ਪ੍ਰਮਾਤਮਾ ਦਾ, ਵਾਹਿਗੁਰੂ ਜੀ ਦਾ ਗੀਤ ਗਾਉ। ਕੀ ਗਾਉ? ਉਸ ਹਰੀ ਨੂੰ ਧਿਆਉਣ ਲਈ ਉਸ ਹਰੀ ਦੇ ਮੰਗਲਮਈ ਗੀਤ ਗਾਉ।

*ਗੁਰਮੁਖਿ ਹਰਿ ਫਲੁ ਪਾਵਹੁ॥*

ਜਦੋਂ ਤੁਸੀਂ ਇਹ ਸੋਹਿਲਾ ਗਾਉਗੇ ਤਾਂ ਗੁਰੂ ਜੀ ਦੇ ਸਨਮੁਖ ਹੋ ਕੇ ਗੁਰੂ ਜੀ ਦੇ ਰਾਹੀਂ ਤੁਹਾਨੂੰ ਹਰੀ ਪ੍ਰਮਾਤਮਾ ਦਾ ਨਾਮ ਰੂਪੀ ਫਲ ਮਿਲੇਗਾ।

*ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ॥*

ਗੁਰੂ ਜੀ ਦੇ ਸਨਮੁਖ ਰਹਿ ਕੇ ਹਰੀ ਪ੍ਰਮਾਤਮਾ ਦਾ ਨਾਮ ਰੂਪੀ ਫਲ ਪਾਵੋ। ਉਸ ਪਰੀਪੂਰਨ ਪ੍ਰਮਾਤਮਾ ਨੂੰ ਸਦੀਵ ਕਾਲ ਲਈ ਆਪਣੇ ਹਿਰਦੇ ਵਿਚ ਧਿਆਉਣਾ ਕਰੋ।

*ਜਨਮ ਜਨਮ ਕੇ ਦੂਖ ਨਿਵਾਰੇ॥*

ਜਿਹੜੇ ਉਸ ਪ੍ਰਮਾਤਮਾ ਦੇ ਗੀਤ ਗਾਉਣਗੇ, ਉਹਨਾਂ ਦੇ ਜਨਮਾਂ ਜਨਮਾਂਤਰਾਂ ਦੇ ਦੁੱਖ ਕੱਟੇ ਜਾਣਗੇ।

*ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ॥*

ਧੰਨ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ, ਅਸੀਂ ਆਪਣੇ ਗੁਰੂ ਤੋਂ ਬਲਿਹਾਰ ਜਾਂਦੇ ਹਾਂ, ਕੁਰਬਾਨ ਜਾਂਦੇ ਹਾਂ, ਜਿਸ ਗੁਰੂ ਨੇ ਕ੍ਰਿਪਾ ਕਰਕੇ ਜ਼ਿੰਦਗੀ ਦੇ ਸਾਰੇ ਕਾਰਜ ਸਵਾਰ ਦਿੱਤੇ। ਪਿਆਰਿਉ ! ਸਭ ਤੋਂ ਵੱਡਾ ਕਾਰਜ ਇਹ ਸੀ ਕਿ ਰੱਬ ਦਾ ਮਿਲਾਪ ਹੋ ਜਾਣਾ। ਸਭ ਤੋਂ ਵੱਡਾ ਕਾਰਜ ਇਹ ਹੈ ਕਿ ਪ੍ਰਮਾਤਮਾ ਵਿਚ ਅਭੇਦ ਹੋ ਜਾਣਾ। ਉਸ ਗੁਰੂ ਤੋਂ ਕੁਰਬਾਨ ਜਾਈਏ, ਜਿਸਨੇ ਕੀ ਕਾਰਜ ਸਵਾਰਿਆ ਹੈ-

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥*

(ਅੰਗ ੯੫੭)

ਆਨੰਦ ਵਾਲਾ ਜਿਹੜਾ ਕੰਮ ਸੀ, ਖ਼ੁਸ਼ੀ ਵਾਲਾ ਜਿਹੜਾ ਕੰਮ ਸੀ, ਉਹ ਮੇਰੇ ਗੁਰੂ ਨੇ ਆਪ ਸਵਾਰ ਦਿੱਤਾ ਹੈ।

*ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਪਹੁ ਸੁਖ ਫਲ ਹਰਿ ਜਨ ਪਾਵਹੁ॥*

ਉਹ ਹਰੀ ਪ੍ਰਮਾਤਮਾ ਆਪਣੀ ਮੇਹਰ ਕਰਨ ਤੇ ਉਸ ਹਰੀ ਦੇ ਨਾਮ ਨੂੰ ਜਪਿਆ ਜਾਏ ਤੇ ਜਦੋਂ ਕੋਈ ਪ੍ਰਭੂ ਦੇ ਨਾਮ ਨੂੰ ਜੱਪਦਾ ਹੈ ਤਾਂ ਉਸਦੀ ਕ੍ਰਿਪਾ ਵਿਚੋਂ ਸੁੱਖ ਦਾ ਫਲ ਮਿਲਦਾ ਹੈ।

*ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ॥ ੧॥*

ਧੰਨ ਗੁਰੂ ਅਮਰਦਾਸ ਜੀ ਮੇਹਰ ਕਰਦੇ ਹਨ ਕਿ ਹੇ ਮੇਰੇ ਭਰਾਵੋ ! ਹੇ ਪ੍ਰਭੂ ਦੇ ਪਿਆਰੇ ਸੇਵਕ ਜਨੋਂ ! ਮੇਰੀ ਅੱਜ ਇਹ ਗੱਲ ਸੁਣ ਜਾਉ, ਤੁਹਾਨੂੰ ਮੈਂ ਬੋਲ ਕੇ ਕਹਿ ਰਿਹਾ ਹਾਂ। ਕੀ? ਪ੍ਰਮਾਤਮਾ ਦੇ ਖ਼ੁਸ਼ੀ ਦਾ ਗੀਤ ਗਾਉ। ਉਸਦੀ ਕੀਰਤੀ ਨੂੰ ਰਸਨਾ ਤੋਂ ਕਰੋ।

*ਸੁਣਿ ਹਰਿ ਗੁਣ ਭੀਨੇ ਸਹਿਜ ਸੁਭਾਏ॥*

ਇਹ ਅਗਲਾ ਪਦਾ ਸ਼ੁਰੂ ਹੁੰਦਾ ਹੈ। ਕਹਿੰਦੇ ਹਨ, ਫਿਰ ਜਿਸਨੇ ਉਸਦੇ ਗੀਤ ਗਾਏ ਤੇ ਗਾਉਣ ਤੋਂ ਬਾਅਦ ਅੰਤਰ-ਆਤਮੇ ਸੁਣੇ, ਉਸ ਪ੍ਰਮਾਤਮਾ ਦੇ ਵਿਚ ਭਿੱਜ ਗਏ।

*ਗੁਰਮਤਿ ਸਹਜੇ ਨਾਮੁ ਧਿਆਏ॥*



ਜਿਨ੍ਹਾਂ ਨੇ ਉਸ ਪ੍ਰਮਾਤਮਾ ਦੇ ਕੀਰਤਨ ਨੂੰ ਗਾਇਆ, ਸਾਹਿਬ ਕਹਿਣ ਲੱਗੇ, ਉਹ ਸੁੱਤੇ ਸਿਧ ਗੁਰੂ ਦੇ ਬਚਨਾਂ ਨੂੰ ਆਪਣੀ ਜ਼ਿੰਦਗੀ ਵਿਚ ਕਮਾਉਣ ਲੱਗੇ ਹਨ।

*ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ॥*

ਜਿਨ੍ਹਾਂ ਨੂੰ ਪ੍ਰਮਾਤਮਾ ਨੇ ਧੁਰ ਦਰਗਾਹ ਤੋਂ ਲਿਖ ਦਿੱਤਾ, ਉਹਨਾਂ ਨੂੰ ਗੁਰੂ ਮਿਲ ਗਿਆ। ਸਾਹਿਬ ਕਹਿੰਦੇ ਹਨ, ਜਿਨ੍ਹਾਂ ਨੂੰ ਗੁਰੂ ਮਿਲ ਗਿਆ ਤੇ ਜਨਮ ਤੇ ਮਰਨ ਦਾ ਬੜਾ ਵੱਡਾ ਡਰ ਹੈ। ਜਨਮ ਦਾ ਦੁੱਖ ਬੰਦੇ ਨੂੰ ਭੁੱਲ ਜਾਂਦਾ ਹੈ ਪਰ ਮਰਨ ਦਾ ਦੁੱਖ ਵਿਆਪਦਾ ਹੈ। ਜਨਮ ਵੀ ਦੁੱਖ ਹੈ ਤੇ ਮਰਨ ਵੀ ਦੁੱਖ ਹੈ ਜੇ ਪ੍ਰਮਾਤਮਾ ਦੀ ਯਾਦ ਨਹੀਂ।

*ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ॥*

ਧੁਰ ਅੰਦਰ ਜਿਹੜੀ ਮੈਲ ਪਈ ਹੈ, ਬੜੇ ਜਨਮਾਂ ਦੀ ਪਈ ਹੈ, ਇਹ ਸਾਡੇ ਤੋਂ ਬਿਨਾਂ ਸਾਨੂੰ ਜਨਮ ਦੇਣ ਵਾਲੀ ਨੂੰ ਵੀ ਨਹੀਂ ਪਤਾ। ਜਿਨ੍ਹਾਂ ਨੂੰ ਗੁਰੂ ਮਿਲ ਗਿਆ, ਉਹਨਾਂ ਦੇ ਅੰਦਰੋਂ ਦਵੈਸ਼ ਦੀ ਮੈਲ ਨਿਕਲ ਗਈ। ਦੁਰਮਤਿ ਦਾ ਭਾਂਡਾ ਟੁੱਟ ਗਿਆ।

*ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ॥*

ਜਿਸ ਉੱਪਰ ਮੇਰੇ ਵਾਹਿਗੁਰੂ ਜੀ ਨੇ ਆਪਣੀ ਕ੍ਰਿਪਾ ਕਰ ਦਿੱਤੀ, ਉਹ ਦਿਨ ਰਾਤ ਪ੍ਰਮਾਤਮਾ ਨੂੰ ਗਾਉਣ ਲੱਗ ਪਏ। ਹਰ ਸਮੇਂ ਉਹ ਵਾਹਿਗੁਰੂ ਵਾਹਿਗੁਰੂ ਜੱਪਦੇ ਹਨ।

*ਸੁਣਿ ਮਨ ਭੀਨੇ ਸਹਜਿ ਸੁਭਾਏ॥ ੨॥*

ਸੁੱਤੇ ਸਿਧ ਜਿਸਨੇ ਪ੍ਰਮਾਤਮਾ ਦੇ ਨਾਮ ਨੂੰ ਸੁਣਿਆ, ਉਹ ਅੰਤਰ ਆਤਮੇ ਭਿੱਜ ਗਿਆ ਹੈ।

*ਜੁਗ ਮਹਿ ਰਾਮ ਨਾਮੁ ਨਿਸਤਾਰਾ॥*

ਤੀਸਰਾ ਪਦਾ ਸ਼ੁਰੂ ਹੋ ਗਿਆ। ਇਸ ਜੁਗ ਵਿਚ ਜੇ ਕੋਈ ਪਾਰ ਕਰਨ ਵਾਲਾ ਹੈ ਤਾਂ ਉਹ ਪ੍ਰਮਾਤਮਾ ਦਾ ਨਾਮ ਹੈ।

*ਗੁਰ ਤੇ ਉਪਜੈ ਸਬਦੁ ਵੀਚਾਰਾ॥*

ਗੁਰੂ ਜੀ ਤੋਂ ਅੰਦਰੋਂ ਸ਼ਬਦ ਦੀ ਵਿਚਾਰ ਉਪਜਦੀ ਹੈ। ਜਿਹੜੇ ਗੁਰੂ ਨੂੰ ਮਿਲੇ, ਗੁਰੂ ਨੇ ਉਹਨਾਂ ਦੇ ਅੰਦਰ ਇਕ ਵਿਚਾਰ ਪੈਦਾ ਕੀਤੀ, ਉਹ ਵਿਚਾਰ ਜਿਸਨੇ ਬੰਦੇ ਦੇ ਅੰਦਰ ਦੇ ਸਾਰੇ ਨਿਰਣੇ ਕਰ ਦਿੱਤੇ। ਗੁਰੂ ਨੂੰ ਮਿਲਿਆ ਤੇ ਅੰਤਰ ਆਤਮੇ ਭਿੱਜ ਗਿਆ ਹੈ।

*ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ॥*

ਜਿਨ੍ਹਾਂ ਨੂੰ ਸਤਿਗੁਰੂ ਮਿਲੇ ਉਹ ਸ਼ਬਦ ਦੀ ਵਿਚਾਰ ਵਿਚ ਜੁੜੇ। ਉਹ ਪ੍ਰਮੇਸ਼ਰ ਦੇ ਨਾਮ ਨੂੰ ਸਹਾਰਾ ਬਣਾ ਕੇ ਚੱਲੇ। ਹਜ਼ੂਰ ਕ੍ਰਿਪਾਲੂ ਕਹਿੰਦੇ ਹਨ, ਪਰ ਇਹ ਸਾਰਿਆਂ ਨੂੰ ਥੋੜੀ ਮਿਲਦਾ ਹੈ। ਜਿਸ ਉੱਪਰ ਤੁਸੀਂ ਕ੍ਰਿਪਾ ਕਰ ਦਿੱਤੀ, ਉਸਨੂੰ ਇਹ ਨਾਮ ਦੀ ਵਿਚਾਰ ਮਿਲੀ ਹੈ।

*ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ॥*

ਸਹਿਜ ਵਿਚ ਟਿਕੇ, ਨਾਮ ਵਿਚ ਦਿਨ ਰਾਤ ਜੁੜੇ ਰਹਿੰਦੇ ਹਨ।

*ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ॥*

ਜੋ ਕੁਝ ਦਿੱਸਦਾ ਪਿਆ ਹੈ, ਸਾਰੇ ਤੇਰੇ ਹਨ ਪਰ ਦਾਤਾ ਤੂੰ ਮੇਰਾ ਹੈਂ ਤੇ ਮੈਂ ਤੇਰਾ ਹਾਂ। ਹਨ ਸਾਰੇ ਤੇਰੇ, ਤੂੰ ਸਾਰਿਆਂ ਦਾ ਹੈ।

*ਜੁਗ ਮਹਿ ਰਾਮ ਨਾਮੁ ਨਿਸਤਾਰਾ॥ ੩॥*

ਇਸ ਦੁਨੀਆਂ ਵਿਚ ਜੇਕਰ ਕਿਸੇ ਨੇ ਤਰਨਾ ਹੈ, ਤਾਂ ਰਾਮ ਨਾਮ ਤੋਂ ਬਿਨਾਂ ਕੋਈ ਨਹੀਂ ਤਰ ਸਕਦਾ।

*ਸਾਜਨ ਆਇ ਵੁਠੇ ਘਰ ਮਾਹੀ॥*

ਜਿਸ ਨੂੰ ਧਿਆਉਂਦਾ ਸੀ, ਉਹ ਮੇਰਾ ਮਾਹੀ ਘਰ ਵਿਚ ਆ ਗਿਆ ਹੈ।

*ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ॥*

ਜਿਨ੍ਹਾਂ ਦੇ ਘਰ ਵਿਚ ਉਹ ਸੱਜਣ ਆਇਆ, ਉਹਨਾਂ ਨੇ ਹਰੀ ਨੂੰ ਗਾਇਆ। ਗਾ ਗਾ ਕੇ ਉਹ ਅੰਦਰੋਂ ਰੱਜ ਗਏ।

*ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ॥*

ਹਰੀ ਦੇ ਗੁਣਾਂ ਨੂੰ ਗਾ ਕੇ ਉਹ ਜਿੰਦ ਸਦਾ ਲਈ ਰੱਜ ਗਈ, ਉਸਨੂੰ ਫਿਰ ਕੋਈ ਭੁੱਖ ਨਹੀਂ ਰਹਿੰਦੀ। ਜਿਸਦੇ ਘਰ ਵਿਚ ਪ੍ਰਮਾਤਮਾ ਜੀ ਆ ਗਏ ਫਿਰ ਉਸਨੂੰ ਕਾਹਦੀ ਭੁੱਖ।

*ਦਹਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ॥*

ਕਿਤੇ ਵੀ ਚਲਾ ਜਾਏ ਰੱਬ ਦਾ ਪਿਆਰਾ, ਉਸਨੂੰ ਨਮਸਕਾਰਾਂ ਹੁੰਦੀਆਂ ਹਨ। ਰੱਬ ਦਾ ਸਾਰੀ ਥਾਂ 'ਤੇ ਰਾਜ ਹੈ, ਜਿਥੇ ਚਲਾ ਜਾਏ ਉਸਦਾ ਪਿਆਰਾ, ਉਸਦੀ ਵੀ ਜੈ ਜੈਕਾਰ ਹੈ।

*ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ॥*

ਗੁਰੂ ਅਮਰਦਾਸ ਜੀ ਕਹਿ ਰਹੇ ਹਨ ਕਿ ਪ੍ਰਭੂ ਜੀ ! ਤੁਸੀਂ ਜੋੜ ਲੈਂਦੇ ਹੋ, ਤੁਸੀਂ ਵਿਛੋੜ ਲੈਂਦੇ ਹੋ। ਇਹ ਤੁਹਾਡੇ ਹੱਥ ਵਿਚ ਤਾਕਤ ਹੈ। ਤੁਹਾਡੇ ਤੋਂ ਬਿਨਾਂ ਕੋਈ ਜੋੜ ਵਿਛੋੜ ਨਹੀਂ ਸਕਦਾ।

*ਸਾਜਨ ਆਇ ਵੁਠੇ ਘਰ ਮਾਹੀ॥ ੪॥ ੧॥*

ਪ੍ਰਮਾਤਮਾ ਜੀ ਘਰ ਵਿਚ ਆ ਕੇ ਵੱਸ ਗਏ। ਸਾਧ-ਸੰਗਤਿ ! ਆਉ ਕਰੋ ਕ੍ਰਿਪਾ, ਬਖ਼ਸ਼ੋ ਆਸੀਸ ਅਤੇ ਗੁਰੂ ਬਖ਼ਸ਼ੀ ਫਤਹਿ ਪ੍ਰਵਾਨ ਕਰੋ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥



# ਕਿਸੁ ਹਉ ਜਾਚੀ ਕਿਸੁ ਆਰਾਧੀ

ਸੋਰਠਿ ਮਹਲਾ ੫ ਘਰੁ ੧ ਤਿਤੁਕੇ

ੴ ਸਤਿਗੁਰ ਪ੍ਰਸਾਦਿ॥

*ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ॥*
*ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ॥*
*ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ॥ ੧॥*
*ਹਰਿ ਜੀਉ ਤੇਰੀ ਦਾਤੀ ਰਾਜਾ॥*
*ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ॥ ਰਹਾਉ॥*
*ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ ਤਿਸ ਕੀ ਭੂਖ ਗਵਾਈ॥*
*ਐਸਾ ਧਨੁ ਦੀਆ ਸੁਖ ਦਾਤੈ ਨਿਖੁਟਿ ਨ ਕਬਹੀ ਜਾਈ॥*
*ਅਨਦੁ ਭਇਆ ਸੁਖ ਸਹਜਿ ਸਮਾਣੇ ਸਤਿਗੁਰਿ ਮੇਲਿ ਮਿਲਾਈ॥ ੨॥*
*ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ॥*
*ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ॥*
*ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ॥ ੩॥*
*ਕੀਮਤਿ ਕਉਣੁ ਕਰੈ ਪ੍ਰਭ ਤੇਰੀ ਤੂ ਸਰਬ ਜੀਆ ਦਇਆਲਾ॥*
*ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ॥*
*ਰਾਖਿ ਲੇਹੁ ਨਾਨਕੁ ਜਨੁ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ॥ ੪॥ ੧॥*

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਚਵਰ ਛੱਤਰ ਤਖ਼ਤ ਦੇ ਮਾਲਕ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਦਾ ਅੰਮ੍ਰਿਤ ਬਚਨ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਸੋਰਠਿ ਵਿਚ ਦਰਜ ਹੈ। ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਅੱਜ

ਸਾਰੇ ਬੇਨਤੀ ਕਰੀਏ ਸੱਚੇ ਪਾਤਿਸ਼ਾਹ ! ਆਪ ਜੀ ਦੇ ਸ਼ਬਦ ਵਿਚ ਡੁੱਬੇ ਹੋਏ ਸਿਧਾਂਤ ਨੂੰ ਅਤੇ ਗੁਰਸਿੱਖੀ ਕਮਾਉਣ ਦੀ ਸਾਨੂੰ ਸੋਝੀ ਬਖ਼ਸ਼ ਦਿਉ। ਬਖ਼ਸ਼ੋ ਆਸੀਸ ਅਤੇ ਉਚਾਰਨ ਕਰੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

*ਸੋਰਠਿ ਮਹਲਾ ੫ ਘਰੁ ੧ ਤਿਤੁਕੇ ੴ ਸਤਿਗੁਰ ਪ੍ਰਸਾਦਿ॥*

*ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ॥*

ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਮਹਾਰਾਜ ਅੱਜ ਦੇ ਇਸ ਪਾਵਨ ਪਵਿੱਤਰ ਬਚਨ ਦੇ ਅੰਦਰ ਮਨੁੱਖੀ ਮਨ ਨੂੰ ਇੰਨਾ ਵੱਡਾ ਧਰਵਾਸ ਦਿੰਦੇ ਪਏ ਹਨ ਤੇ ਆਪਣੇ ਮਨ ਨੂੰ ਸੰਬੋਧਨ ਕਰਕੇ ਇਹ ਬਚਨ ਕਹਿ ਰਹੇ ਹਨ ਕਿ ਮੈਂ ਇਸ ਦੁਨੀਆਂ ਵਿਚ ਕਿਸ ਬੰਦੇ ਤੋਂ ਜਾ ਕੇ ਮੰਗਾਂ ਤੇ ਕਿਸ ਬੰਦੇ ਦੀ ਮੈਂ ਅਰਾਧਨਾ ਕਰਾਂ? ਕਿਉਂਕਿ ਜੋ ਕੁਝ ਵੀ ਬਣਾਇਆ ਹੈ ਇਹ ਪਰਮ ਪਿਤਾ ਪ੍ਰਮੇਸ਼ਰ ਨੇ ਬਣਾਇਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਜੋ ਕੁਝ ਹੋਵੇਗਾ ਉਹ ਪਰਮ ਪਿਤਾ ਪ੍ਰਮੇਸ਼ਰ ਨੇ ਪੈਦਾ ਕਰਨਾ ਹੈ। ਆਰੰਭਿਕ ਬਚਨ ਹਨ-

*ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ॥*

ਕਿਸ ਦੀ ਅਰਾਧਨਾ ਕਰਾਂ, ਕਿਸ ਕੋਲੋਂ ਜਾ ਕੇ ਮੈਂ ਮੰਗਾਂ ਕਿਉਂਕਿ ਜਿਨ੍ਹਾਂ ਕੋਲ ਮੈਂ ਮੰਗਣ ਜਾਵਾਂਗਾ ਉਹ ਵੀ ਤਾਂ ਪਰਮ ਪਿਤਾ ਪ੍ਰਮੇਸ਼ਰ ਨੇ ਆਪ ਬਣਾਏ ਹਨ। ਅਗਾਂਹ ਵੀ ਜਿਹੜੇ ਅਜਿਹੇ ਇਨਸਾਨ ਹੋਣਗੇ, ਉਹਨਾਂ ਨੂੰ ਪ੍ਰਮਾਤਮਾ ਆਪ ਪੈਦਾ ਕਰੇਗਾ।

*ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ॥*

ਜੇਕਰ ਕੋਈ ਇਨਸਾਨ ਇਸ ਭੁਲੇਖੇ ਵਿਚ ਜੀਵੇ ਕਿ ਮੇਰੇ ਕੋਲ ਧਨ ਬਹੁਤ ਹੈ ਤੇ ਮੇਰੀ ਦੌਲਤ ਕਰਕੇ ਮੇਰੇ ਕੋਲੋਂ ਵੱਡਾ ਕੋਈ ਨਹੀਂ। ਮੇਰੇ ਕੋਲ ਸੰਸਾਰਕ ਪੱਦਵੀ ਬਹੁਤ ਉੱਚੀ ਹੈ ਤੇ ਉੱਚੀ ਪੱਦਵੀ ਹੋਣ ਕਰਕੇ ਮੇਰੇ ਤੋਂ ਉੱਚਾ ਕੋਈ ਨਹੀਂ। ਮੇਰੇ ਪਿੱਛੇ ਅਨੇਕਾਂ ਲੋਕ ਹਨ, ਬਾਹੂ-ਬਲੀ ਮੇਰਾ ਸਾਥ ਦਿੰਦੇ ਹਨ, ਤਾਕਤ ਕਰਕੇ ਮੇਰੇ ਤੋਂ ਵੱਡਾ ਕੋਈ ਨਹੀਂ। ਧੰਨ ਗੁਰੂ ਅਰਜਨ ਸਾਹਿਬ ਮੇਹਰ ਕਰਦੇ ਹਨ ਕਿ ਜਿੰਨੇ ਵੀ ਵੱਡੇ ਵੱਡੇ ਲੋਕ ਦਿੱਸਦੇ ਹਨ ਜੇ ਉਹ ਆਪਣੀ ਹਉਮੈ ਵਿਚ ਜੀਅ ਕੇ ਕਹਿੰਦੇ ਹਨ ਕਿ ਅਸੀਂ ਸਭ ਤੋਂ ਵੱਡੇ ਹਾਂ, ਇਕ ਦਿਨ ਤਾਂ ਉਹਨਾਂ ਨੇ ਵੀ ਖ਼ਾਕ ਦੇ ਵਿਚ ਰੁੱਲ ਜਾਣਾ ਹੈ। ਇਕ ਦਿਨ ਉਹਨਾਂ ਨੂੰ ਵੀ ਮੌਤ ਆਏਗੀ। ਜਿਨ੍ਹਾਂ ਲੋਕਾਂ ਨੇ ਕੱਲ ਆਪ ਮਿੱਟੀ ਵਿਚ ਰੁੱਲ ਜਾਣਾ ਹੈ ਤੇ ਉਹ ਬੰਦੇ ਨਾ ਤਾਂ ਦਾਤੇ ਬਣ ਸਕਦੇ ਹਨ ਤੇ ਨਾ ਉਹ ਆਪਣੇ ਧਨ ਦਾ ਮਾਨ ਕਰਕੇ ਦੁਨੀਆਂ ਨੂੰ ਕੁਝ ਦੇ ਸਕਦੇ ਹਨ।

ਮਨੁੱਖ ਦਾ ਇਕ ਸੁਭਾਅ ਹੈ ਕਿ ਜਦੋਂ ਇਸਨੂੰ ਲੋੜ ਪੈਂਦੀ ਹੈ ਤਾਂ ਕਈ ਵਾਰੀ ਦੂਜੇ ਦੇ ਹੱਥ ਵੱਲ ਦੇਖਦਾ ਹੈ। ਜੇ ਲੋੜ ਨਾ ਵੀ ਹੋਵੇ, ਕੁਝ ਇਨਸਾਨ ਅਜਿਹੇ ਹਨ, ਜੇ ਉਹਨਾਂ ਦੇ ਅੰਦਰ ਸਬਰ ਨਹੀਂ, ਸੰਤੋਖ ਨਹੀਂ, ਉਹ ਆਪਣੀ ਰੋਟੀ ਵੱਲ, ਆਪਣੇ ਘਰ ਵੱਲ, ਆਪਣੇ ਮਿਣੇ ਹੋਏ ਧਨ ਪਦਾਰਥ ਵੱਲ ਝਾਤੀ ਨਹੀਂ ਮਾਰਨਗੇ, ਉਹ ਹਮੇਸ਼ਾ ਦੂਜਿਆਂ ਦੇ



ਘਰ ਤੇ ਦੂਜਿਆਂ ਦੇ ਧਨ-ਦੌਲਤ ਉੱਪਰ ਆਪਣੀ ਨਜ਼ਰ ਟਿਕਾਅ ਕੇ ਰੱਖਣਗੇ। ਜਦੋਂ ਬੰਦੇ ਦਾ ਮਨ ਤ੍ਰਿਸ਼ਨਾ ਦੇ ਅਧੀਨ ਹੈ ਫਿਰ ਉਸ ਦੇ ਅੰਦਰ ਟਿਕਾਅ ਨਹੀਂ ਤੇ ਜਿਸ ਦਾ ਅੰਦਰ ਨਹੀਂ ਟਿੱਕਿਆ, ਉਸਦਾ ਸੁਭਾਅ ਹੈ ਕਿ ਉਹ ਹਰੇਕ ਦੀ ਮੁਥਾਜੀ ਕਰਨ ਲੱਗ ਪੈਂਦਾ ਹੈ। ਕਿਉਂਕਿ ਬਾਣੀ ਵਿਚ ਹਜ਼ੂਰ ਨੇ ਇਕ ਬਚਨ ਕਿਹਾ ਹੈ ਕਿ ਮਾਇਆ ਜਿਹੜੀ ਹੈ ਇਹ ਖ਼ੁਦ ਡੋਲਦੀ ਹੈ ਤੇ ਜਿਹੜਾ ਡੋਲਣ ਵਾਲੇ ਦਾ ਸਹਾਰਾ ਲਏਗਾ, ਕੀ ਆਪਾਂ ਆਸ ਕਰਦੇ ਹਾਂ ਕਿ ਉਹ ਅਡੋਲ ਹੋ ਸਕੇਗਾ? ਇਕ ਉਦਾਹਰਨ ਹੈ ਬੜੀ ਸਪੱਸ਼ਟ ਜਿਹੀ। ਇਕ ਇਨਸਾਨ ਰੁੱਖ ਦੇ ਟਾਹਣ 'ਤੇ ਬੈਠਾ ਹੈ। ਹੁਣ ਜਦੋਂ ਤੇਜ਼ ਹਵਾ ਚਲੱਣੀ ਹੈ ਤਾਂ ਰੁੱਖ ਦਾ ਸੁਭਾਅ ਹੈ ਕਿ ਉਸਨੇ ਹਵਾ ਦੇ ਪ੍ਰਭਾਵ ਨੂੰ ਕਬੂਲ ਕੇ ਹਿੱਲਣਾ ਜ਼ਰੂਰ ਹੈ। ਜਦੋਂ ਤੇਜ਼ ਹਵਾ ਚੱਲੇਗੀ, ਰੁੱਖ ਦੀਆਂ ਸ਼ਾਖ਼ਾਵਾਂ ਤੇ ਉਸਦੇ ਟਾਹਣ ਖ਼ੁੱਦ ਹੀ ਹਿੱਲਣ ਲੱਗ ਪੈਂਦੇ ਹਨ ਤੇ ਜਿਹੜਾ ਬੰਦਾ ਰੁੱਖ ਦੇ ਟਾਹਣ ਦਾ ਸਹਾਰਾ ਲੈ ਕੇ ਬੈਠਾ ਹੈ, ਜਿੰਨਾਂ ਮਰਜ਼ੀ ਬਚਾਅ ਕਰੀ ਜਾਏ, ਰੁੱਖ ਦੇ ਨਾਲ ਉਸਦਾ ਤਨ ਵੀ ਜ਼ਰੂਰ ਹਿੱਲੇਗਾ। ਕਿਉਂਕਿ ਰੁੱਖ ਖ਼ੁੱਦ ਡੋਲਦਾ ਹੈ ਤੇ ਜਿਹੜਾ ਡੋਲਣ ਵਾਲੇ ਦੇ ਟਾਹਣ 'ਤੇ ਬੈਠਾ ਹੈ, ਉਹ ਕਿਵੇਂ ਕਹਿ ਸਕਦਾ ਹੈ ਕਿ ਮੈਂ ਨਹੀਂ ਡੋਲਣਾ? ਉਸਦਾ ਦਾਅਵਾ ਝੂਠਾ ਸਾਬਤ ਹੋਵੇਗਾ।

ਦੂਜੇ ਪਾਸੇ ਇਕ ਅਡੋਲ ਪਰਬਤ ਹੈ। ਇਕ ਇਨਸਾਨ ਪਹਾੜ ਦੀ ਸਿਖਰ 'ਤੇ ਪਹੁੰਚ ਗਿਆ ਹੈ। ਜਿੰਨੇ ਮਰਜ਼ੀ ਤੂਫ਼ਾਨ ਆਉਣ, ਜਿੰਨੀਆਂ ਮਰਜ਼ੀ ਹਨੇਰੀਆਂ ਆਉਣ, ਰੁੱਖ ਤਾਂ ਹਿੱਲਣਗੇ ਪਰ ਇੰਨੇ ਵੱਡੇ ਤੂਫ਼ਾਨ ਆਉਣ ਦੇ ਬਾਵਜੂਦ ਪਹਾੜ ਆਪਣੀ ਥਾਂ ਤੋਂ ਕਦੀ ਨਹੀਂ ਹਿੱਲਦਾ। ਰੁੱਖ ਦੇ ਸਹਾਰੇ ਲੈਣ ਵਾਲੇ ਹਿੱਲਦੇ ਦੇਖੇ ਹਨ ਪਰ ਪਹਾੜਾਂ ਦੀ ਟੇਕ ਲੈਣ ਵਾਲੇ ਕਦੀ ਨਹੀਂ ਹਿੱਲਦੇ, ਉਹ ਅਡੋਲ ਰਹਿੰਦੇ ਹਨ। ਕਿਉਂ ਬੰਦੇ ਦੇ ਅੰਦਰ ਮੰਗ ਪੈਦਾ ਹੁੰਦੀ ਹੈ? ਕਿਉਂ ਦੂਜੇ ਦੇ ਹੱਥ ਵੱਲ ਦੇਖਦਾ ਹੈ? ਇਹ ਸੰਸਾਰ ਦੀ ਤ੍ਰਿਸ਼ਨਾ, ਸੰਸਾਰ ਦੀ ਮਾਇਆ ਇਕ ਬ੍ਰਿਛ ਦੀ ਤਰ੍ਹਾਂ ਹੈ। ਇਹ ਖ਼ੁਦ ਡੋਲਦੀ ਹੈ ਤੇ ਇਸਦਾ ਸਹਾਰਾ ਲੈਣ ਵਾਲਾ ਵੀ ਡੋਲਦਾ ਹੈ। ਪ੍ਰਮਾਤਮਾ ਇਕ ਅਡੋਲ ਪਹਾੜੀ ਦੀ ਤਰ੍ਹਾਂ ਹੈ ਤੇ ਜਿਹੜਾ ਪ੍ਰਮਾਤਮਾ ਪਹਾੜ ਦਾ ਸਹਾਰਾ ਲੈਂਦਾ ਹੈ, ਸੱਚ ਜਾਣੋ ਉਹ ਅਡੋਲ ਰਹਿੰਦਾ ਹੈ। ਗੁਰੂ ਜੀ ਨੇ ਬਾਣੀ ਵਿਚ ਇਹ ਬਚਨ ਕਿਹਾ ਹੈ-

*ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ॥*

ਹੇ ਪ੍ਰਭੂ ! ਤੂੰ ਮੇਰੇ ਲਈ ਇਕ ਅਡੋਲ ਪਹਾੜ ਦੀ ਤਰ੍ਹਾਂ ਹੈ। ਮੈਂ ਗ਼ਰੀਬ ਨੇ ਤੇਰਾ ਸਹਾਰਾ ਲਿਆ ਹੈ।

*ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ॥*

(ਅੰਗ ੬੬੯)

ਪ੍ਰਮਾਤਮਾ ਅਡੋਲ ਹੈ, ਉਸਦੇ ਨਾਮ ਵਿਚ ਜੁੜਿਆ ਹੋਇਆ ਵੀ ਅਡੋਲ ਹੁੰਦਾ ਹੈ। ਮਨੁੱਖੀ ਮਨ ਦਾ ਸੁਭਾਅ ਹੈ ਕਿ ਕਈ ਵਾਰੀ ਪ੍ਰਮਾਤਮਾ ਨੂੰ ਛੱਡ ਕੇ ਬੰਦੇ ਦੀ ਆਸ 'ਤੇ ਜੀਉਣਾ

ਸ਼ੁਰੂ ਕਰ ਦਿੰਦਾ ਹੈ। ਬੰਦੇ ਦੇ ਹੱਥ ਵੱਲ ਦੇਖਦਾ ਹੈ ਤੇ ਯਾਦ ਰੱਖਿਉ, ਹੋ ਸਕਦਾ ਹੈ ਪ੍ਰਮਾਤਮਾ ਦੀ ਦਿੱਤੀ ਹੋਈ ਦਾਤ ਵਿਚ ਕਿਸੇ ਨੂੰ ਰੱਬ ਨੇ ਅਰਬਾਂ ਪਤੀ ਬਣਾ ਦਿੱਤਾ ਤੇ ਕੋਈ ਵਿਚਾਰਾ ਕੇਵਲ ਦਿਹਾੜੀ ਕਰਕੇ ਆਪਣਾ ਰੋਜ਼ਾਨਾ ਜੋ ਕਮਾਉਂਦਾ ਹੈ, ਉਸ ਨਾਲ ਆਪਣਾ ਪੇਟ ਭਰਦਾ ਹੈ। ਪ੍ਰਮਾਤਮਾ ਨੇ ਅਰਬਾਂ ਖਰਬਾਂ ਦੀ ਦੌਲਤ ਕਿਸੇ ਨੂੰ ਦਿੱਤੀ ਹੈ, ਉਸ ਸੰਬੰਧੀ ਕਦੀ ਇਹ ਵਿਚਾਰ ਨਾ ਮਨ ਵਿਚ ਬਣਾ ਲਈਏ ਕਿ ਇਹ ਬੰਦਾ ਅੱਜ ਸਾਰਿਆਂ ਨੂੰ ਦੇ ਸਕਦਾ ਹੈ। ਨਹੀਂ, ਇਹੋ ਜਿਹੇ ਅਨੇਕਾਂ ਇਨਸਾਨ ਹਨ ਜਿਹੜੇ ਪ੍ਰਮਾਤਮਾ ਦੇ ਦਰ ਦੇ ਭਿਖਾਰੀ ਹਨ ਤੇ ਝੋਲੀਆਂ ਅੱਡ ਕੇ ਉਹ ਪ੍ਰਮਾਤਮਾ ਦੇ ਦਰ ਤੋਂ ਮੰਗਦੇ ਹਨ। ਜੇ ਅਰਬਾਂਪਤੀ ਵੀ ਰੱਬ ਦੇ ਦਰ ਤੋਂ ਝੋਲੀਆਂ ਅੱਡ ਕੇ ਮੰਗਦੇ ਹਨ ਤਾਂ ਮਨਾ ! ਇਹਨਾਂ ਬੰਦਿਆਂ ਦੇ ਅੱਗੇ ਝੋਲੀ ਅੱਡਣ ਦੀ ਥਾਂ ਉਸ ਪ੍ਰਮਾਤਮਾ ਦਾ ਸਹਾਰਾ ਲੈ, ਜਿਹੜਾ ਇਹਨਾਂ ਦੀ ਝੋਲੀ ਵਿਚ ਵੀ ਦਾਤ ਪਾਉਂਦਾ ਹੈ।

ਸਾਹਿਬ ਗੁਰੂ ਤੇਗ਼ ਬਹਾਦਰ ਜੀ ਦੇ ਅੰਮ੍ਰਿਤ ਬੋਲ ਹਨ। ਸਲੋਕ ਅਸੀਂ ਪੜ੍ਹਦੇ ਹਾਂ। ਅਸੀਂ ਕਿਸੇ ਕੰਮ ਲਈ ਕਿਸੇ ਅੱਗੇ ਹੱਥ ਅੱਡਦੇ ਹਾਂ ਪਰ ਗੁਰੂ ਜੀ ਨੇ ਫ਼ੁਰਮਾਇਆ ਹੈ-

*ਜਗਤੁ ਭਿਖਾਰੀ ਫਿਰਤੁ ਹੈ*

ਸਾਰੀ ਦੁਨੀਆਂ ਇਕ ਭਿਖਾਰੀਆਂ ਦਾ ਟੋਲਾ ਹੈ।

*ਸਭ ਕੋ ਦਾਤਾ ਰਾਮੁ ॥*

ਦੇਣ ਵਾਲਾ ਇਕ ਦਾਤਾ ਕੇਵਲ ਪਾਰਬ੍ਰਹਮ ਹੈ।

*ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥*

(ਅੰਗ ੧੪੨੮)

ਮੇਰੇ ਮਨਾ ! ਉਸ ਦਾਤੇ ਦਾ ਸਿਮਰਨ ਕਰ, ਜਿਸ ਦਾ ਸਿਮਰਨ ਕਰਨ ਦੇ ਨਾਲ ਤੇਰੇ ਸਾਰੇ ਕਾਰਜ ਰਾਸ ਹੋਣਗੇ। ਮੇਰੇ ਗੁਰੂ ਸਾਹਿਬ ਜੀ ਨੇ ਅੰਮ੍ਰਿਤ ਬਾਣੀ ਵਿਚ ਇਨਸਾਨ ਦੀ ਅੰਦਰ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਦਿੱਤੀਆਂ ਹਨ ਤਾਂਕਿ ਹਰ ਬੰਦਾ ਗੁਰੂ ਪ੍ਰਮਾਤਮਾ ਦੇ ਸਹਾਰੇ ਜੀਵੇ। ਦ੍ਰਿਸ਼ਟਮਾਨ ਦੁਨੀਆਂ ਵਿਚ ਅਸੀਂ ਬੰਦੇ ਦਾ ਸਹਾਰਾ ਲੈਂਦੇ ਹਾਂ ਪਰ ਜਦੋਂ ਸਾਡੇ ਕੋਲ ਜ਼ਬਾਨ ਵਿਚ ਬੋਲ ਨਹੀਂ ਸੀ, ਜਦੋਂ ਸਾਡੀਆਂ ਅੱਖਾਂ ਵਿਚ ਦੇਖਣ ਦੀ ਸਮਰੱਥਾ ਨਹੀਂ ਸੀ, ਜਦੋਂ ਅਸੀਂ ਕੰਨਾਂ ਨਾਲ ਸੁਣ ਨਹੀਂ ਸੀ ਸਕਦੇ, ਉਦੋਂ ਬਿਨਾਂ ਬੋਲਣ ਤੋਂ, ਬਿਨਾਂ ਦੇਖਣ ਤੋਂ, ਬਿਨਾਂ ਸੁਣਨ ਤੋਂ ਪ੍ਰਮਾਤਮਾ ਨੇ ਐ ਇਨਸਾਨ ਤੈਨੂੰ ਰੋਜ਼ੀ ਦਿੱਤੀ, ਪਰਵਰਿਸ਼ ਕੀਤੀ, ਤੇਰੀ ਸੰਭਾਲ ਕੀਤੀ। ਹੁਣ ਪ੍ਰਮਾਤਮਾ ਨੇ ਤੈਨੂੰ ਨੇਤਰ ਦਿੱਤੇ, ਜੀਭ ਦਿੱਤੀ, ਅੱਜ ਪ੍ਰਮਾਤਮਾ ਨੇ ਤਨ ਦੇ ਅੰਗਾਂ ਨੂੰ ਸ਼ਕਤੀ ਦਿੱਤੀ, ਅੱਜ ਇਸ ਸ਼ਕਤੀ ਨੂੰ ਤੂੰ ਬੰਦਿਆਂ ਦੇ ਸਹਾਰੇ ਲੋਚਦਾ ਪਿਆ ਹੈਂ।

ਹਜ਼ੂਰ ਨੇ ਬਾਣੀ ਵਿਚ ਇਕ ਬਚਨ ਕਿਹਾ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਕਿਸੇ ਦਾ ਸਹਾਰਾ ਨਾ ਲਈਂ। ਅਸੀਂ ਭਗਤ ਧੰਨਾ ਜੀ ਦੇ ਅੰਮ੍ਰਿਤ ਬੋਲ ਰਾਗ ਆਸਾ ਵਿਚ ਪੜ੍ਹਦੇ ਹਾਂ।



ਦੇਖੋ ਉਹ ਹੱਲ ਵਾਹੁਣ ਵਾਲਾ ਸੱਜਣ ਪ੍ਰਮਾਤਮਾ 'ਤੇ ਭਰੋਸਾ ਕਰਕੇ ਆਪਣੇ ਅੰਦਰ ਨੂੰ ਟਿਕਾਈ ਬੈਠਾ ਹੈ। ਉਸਦੀ ਫ਼ਸਲ ਜਿੰਨੀ ਵੀ ਨਿਕਲੇ, ਉਹ ਕਦੀ ਗੁਆਂਢੀ ਦੇ ਅੱਗੇ ਹੱਥ ਫੈਲਾਉਂਦਾ ਨਹੀਂ। ਉਹ ਕਦੀ ਧਨਾਢ ਪੁਰਸ਼ ਨੂੰ ਦਾਤਾਰ ਨਹੀਂ ਕਹਿੰਦਾ ਤੇ ਉਸ ਮਹਾਂਪੁਰਸ਼ ਨੇ ਬਾਣੀ ਵਿਚ ਪ੍ਰਮਾਣ ਦਿੱਤੇ ਹਨ ਕਿ ਸਿਰਫ਼ ਡੋਲਦੇ ਹੋਏ ਮਨਾਂ ਨੂੰ ਸਹਾਰਾ ਦੇਣ ਲਈ ਜਿਹੜੇ ਇਸ ਭੁਲੇਖੇ ਵਿਚ ਜੀਉਣ ਲੱਗ ਪੈਂਦੇ ਹਨ ਕਿ ਬੰਦਾ ਮੇਰੀ ਲੋੜ ਪੂਰੀ ਕਰੇਗਾ। ਕਹਿਣ ਲੱਗੇ ਕਿ ਬੰਦੇ ਨੇ ਨਹੀਂ, ਜਿਸ ਦਿਨ ਵੀ ਤੇਰੀ ਲੋੜ ਪੂਰੀ ਹੋਈ, ਕੇਵਲ ਪ੍ਰਮਾਤਮਾ ਨੇ ਕਰਨੀ ਹੈ।

ਉਹਨਾਂ ਨੇ ਤਿੰਨ ਬਚਨ ਕਹੇ ਹਨ। ਪਹਿਲਾ ਬਚਨ ਉਹਨਾਂ ਨੇ ਕੀਤਾ ਹੈ ਕਿ ਅੱਜ ਇਨਸਾਨ ਦੇ ਕੋਲ ਨੌਂ ਇੰਦਰੇ ਪ੍ਰਗਟ ਹਨ ਇਸ ਸਰੀਰ ਵਿਚ। ਜੇ ਅਸੀਂ ਹੋਰ ਦੇਖੀਏ ਤਾਂ ਇਹਨਾਂ ਇੰਦਰਿਆਂ ਰਾਹੀਂ ਮਨੁੱਖ ਕਰਮ ਵੀ ਕਰਦਾ ਹੈ ਤੇ ਇਹਨਾਂ ਇੰਦਰਿਆਂ ਦੇ ਰਾਹੀਂ ਮਨੁੱਖ ਗਿਆਨ ਵੀ ਹਾਸਿਲ ਕਰਦਾ ਹੈ। ਅੱਖਾਂ ਨਾਲ ਦੇਖਦੇ ਹਾਂ, ਕੰਨਾਂ ਨਾਲ ਸੁਣਦੇ ਹਾਂ, ਜ਼ਬਾਨ ਨਾਲ ਬੋਲਦੇ ਹਾਂ, ਹੱਥਾਂ ਨਾਲ ਕਿਰਤ ਕਰਦੇ ਹਾਂ ਤੇ ਪੈਰਾਂ ਦੇ ਨਾਲ ਆਪਾਂ ਤੁਰਦੇ ਹਾਂ। ਪਰ ਭਗਤ ਜੀ ਨੇ ਸ਼ੁਰੂਆਤ ਕੀਤੀ ਕਿ ਜਿਸ ਵੇਲੇ ਇਨਸਾਨ ਦਾ ਨਿਵਾਸ ਮਾਤਾ ਦੇ ਉਦਰ ਵਿਚ ਹੈ, ਮਾਤਾ ਦੇ ਗਰਭ ਵਿਚ ਹੈ, ਕੀ ਇਹ ਅੱਖਾਂ ਨਾਲ ਉਥੇ ਦੇਖ ਸਕਦਾ ਹੈ? ਕੀ ਮਾਤਾ ਦੇ ਉਦਰ ਵਿਚ ਜ਼ਬਾਨ ਨਾਲ ਕਦੀ ਇਨਸਾਨ ਬੋਲਦਾ ਦੇਖਿਆ ਹੈ? ਕੰਨਾਂ ਦੇ ਨਾਲ ਇਸਨੇ ਕਦੀ ਕਿਸੇ ਦੂਜੇ ਦੀ ਆਵਾਜ਼ ਨੂੰ ਸੁਣਿਆ ਹੈ? ਮਹਾਰਾਜ ਕਹਿਣ ਲੱਗੇ ਜਦੋਂ ਤੇਰੀਆਂ ਅੱਖਾਂ, ਕੰਨ ਤੇ ਨੱਕ ਦੇ ਅੰਦਰ ਦੀ ਸ਼ਕਤੀ ਕੰਮ ਨਹੀਂ ਕਰਦੀ, ਉਦੋਂ ਤੂੰ ਰੱਬ ਦੇ ਸਹਾਰੇ 'ਤੇ ਜੀਉਂਦਾ ਹੈਂ। ਜੇ ਪ੍ਰਮਾਤਮਾ ਤੈਨੂੰ ਮਾਤਾ ਦੇ ਉਦਰ ਦੇ ਪਾਣੀ ਵਿਚ ਵੀ ਰਿਜ਼ਕ ਪਹੁੰਚਾਉਂਦਾ ਪਿਆ ਹੈ ਤਾਂ ਜਨਮ ਤੋਂ ਬਾਅਦ ਵੀ ਲੋਕਾਂ ਦੀ ਆਸ ਨਾ ਰੱਖ, ਉਸਦਾ ਭਰੋਸਾ ਕਰ ਜਿਹੜਾ ਮਾਤਾ ਦੀ ਉਦਰ ਦੀ ਅੱਗ ਵਿਚ ਵੀ ਤੈਨੂੰ ਰਿਜ਼ਕ ਪਹੁੰਚਾਈ ਜਾ ਰਿਹਾ ਹੈ। ਕੀ ਉਹੋ ਜਿਹਾ ਦਾਤਾ ਕੋਈ ਹੈ?

ਇਕ ਉਦਾਹਰਨ ਮੈਂ ਆਪ ਜੀ ਦੇ ਸਮਕਸ਼ ਰੱਖਣੀ ਚਾਹੁੰਦਾ ਹਾਂ। ਕਈ ਵਾਰੀ ਜਦੋਂ ਇਨਸਾਨ ਜਨਮ ਲੈਂਦਾ ਹੈ ਤਾਂ ਮਾਂ ਦੀ ਕੁੱਖ ਤੋਂ ਤੇ ਮਾਂ ਦੇ ਖ਼ੂਨ ਦਾ ਗਰੁੱਪ ਕੁਝ ਹੋਰ ਹੁੰਦਾ ਹੈ ਤੇ ਜਿਸ ਬੱਚੇ ਨੂੰ ਜਨਮ ਦਿੰਦੀ ਹੈ ਉਸਦੇ ਖ਼ੂਨ ਦਾ ਗਰੁੱਪ ਕੁੱਝ ਹੋਰ ਹੁੰਦਾ ਹੈ। ਉਹਨਾਂ ਦਾ ਗਰੁੱਪ ਮਿਲਦਾ ਨਹੀਂ। ਕਦੀ ਸੋਚੋ ਕਿ ਜਨਮ ਤੋਂ ਇਕ ਘੰਟੇ ਬਾਅਦ ਸਿਰਫ਼ ਪੰਜ-ਦੱਸ ਮਿੰਟ ਬਾਅਦ ਜਿਹੜਾ ਬੱਚਾ ਮਾਂ ਦੇ ਉਦਰ ਵਿਚ ਕਈ ਮਹੀਨੇ ਪੱਲਦਾ ਰਿਹਾ ਹੈ, ਜੇ ਉਸਨੂੰ ਖ਼ੂਨ ਦੀ ਜ਼ਰੂਰਤ ਪੈ ਜਾਏ ਤਾਂ ਮਾਂ ਦਾ ਖ਼ੂਨ ਪੰਜ ਮਿੰਟਾਂ ਬਾਅਦ ਕੱਢ ਕੇ ਉਸ ਬੱਚੇ ਨੂੰ ਚੜ੍ਹਾਉਣ ਦਾ ਆਪਾਂ ਯਤਨ ਕਰੀਏ ਤੇ ਜੇ ਦੋਨਾਂ ਦੇ ਖ਼ੂਨ ਦਾ ਗਰੁੱਪ ਨਹੀਂ ਮਿਲਦਾ ਤਾਂ ਕਈ ਵਾਰੀ ਮਾਂ ਦਾ ਚੜ੍ਹਾਇਆ ਹੋਇਆ ਖ਼ੂਨ ਬੱਚੇ ਦੇ ਲਈ ਮੌਤ ਦਾ ਕਾਰਨ ਬਣ ਸਕਦਾ ਹੈ। ਸਿਰਫ਼ ਬੇਨਤੀ ਕਰਨੀ ਹੈ ਕਿ ਪ੍ਰਮਾਤਮਾ ਕਿਹੋ ਜਿਹੇ ਦਾਤੇ ਹਨ।

ਐ ਇਨਸਾਨ ! ਜੋ ਕੁਝ ਤੂੰ ਸੋਚ ਨਹੀਂ ਸਕਦਾ, ਪ੍ਰਮਾਤਮਾ ਤਾਂ ਉਥੇ ਵੀ ਆਪਣੀ ਕ੍ਰਿਪਾ ਵਰਤਾ ਦਿੰਦੇ ਹਨ। ਡਾਕਟਰ ਸੱਜਣ ਇਹ ਦੱਸਦੇ ਹਨ ਕਿ ਬੱਚਾ ਮਾਂ ਦੇ ਉਦਰ ਵਿਚ ਨੌਂ ਮਹੀਨੇ ਦੇ ਕਰੀਬ ਟਿੱਕਿਆ ਰਹਿੰਦਾ ਹੈ। ਉਹ ਆਪਣੀ ਮਾਂ ਦੇ ਖ਼ੂਨ ਵਿਚੋਂ ਰਿਜ਼ਕ ਲਈ ਜਾਂਦਾ ਹੈ। ਪ੍ਰਮਾਤਮਾ ਵਰਗਾ ਕੋਈ ਦਾਤਾ ਹੈ ਕਿ ਮਾਂ ਤੇ ਪੁੱਤਰ ਦਾ ਖ਼ੂਨ ਗਰੁੱਪ ਮਿਲਦਾ ਨਹੀਂ ਪਰ ਪ੍ਰਮਾਤਮਾ ਗਰੁੱਪ ਨਾ ਮਿਲਣ ਦੇ ਬਾਵਜੂਦ ਵੀ ਉਸ ਬੱਚੇ ਦੀ ਪਰਵਰਿਸ਼ ਮਾਤਾ ਦੇ ਪੇਟ ਵਿਚ ਕਰਦਾ ਹੈ। ਜੇ ਰੱਬ ਉਥੇ ਉਲਟ ਖ਼ੂਨ ਦੇ ਵਿਚ ਤੈਨੂੰ ਰਿਜ਼ਕ ਦੇ ਸਕਦਾ ਹੈ ਤਾਂ ਜਨਮ ਤੋਂ ਬਾਅਦ ਭਰੋਸਾ ਕਰੀਂ, ਪ੍ਰਮਾਤਮਾ ਇਥੇ ਵੀ ਤੇਰੇ 'ਤੇ ਮੇਹਰ ਕਰੇਗਾ। ਹੁਣ ਪ੍ਰਮਾਤਮਾ ਦੀ ਖੇਡ ਹੈ। ਭਗਤ ਧੰਨਾ ਜੀ ਨੇ ਕਿਹਾ ਕਿ ਮਨ ਨੂੰ ਟਿਕਾਅ। ਕਿਸੇ ਬੰਦੇ ਦਾ ਸਹਾਰਾ ਨਾ ਲਈਂ। ਉਸ ਪ੍ਰਮਾਤਮਾ ਦਾ ਸਹਾਰਾ ਲੈ ਜਿਸਨੇ ਮਾਤਾ ਦੇ ਉਦਰ ਵਿਚ ਤੈਨੂੰ ਰਿਜ਼ਕ ਦਿੱਤਾ। ਜਦੋਂ ਇਨਸਾਨ ਜ਼ਿੰਦਗੀ ਵਿਚ ਵਿਚਰਦਾ ਹੈ, ਜਿੰਨਾ ਉਦੋਂ ਡੋਲਦਾ ਹੈ ਸ਼ਾਇਦ ਇੰਨਾ ਨਾ ਤਾਂ ਜਨਮ ਤੋਂ ਪਹਿਲਾਂ ਡੋਲਦਾ ਹੈ ਤੇ ਨਾ ਮਰਨ ਤੋਂ ਬਾਅਦ ਡੋਲਦਾ ਹੈ।

ਦੂਜਾ ਭਗਤ ਜੀ ਨੇ ਪ੍ਰਮਾਣ ਦਿੱਤਾ ਕਿ ਇਹ ਨਹੀਂ ਕਿ ਕੇਵਲ ਮਨੁੱਖ ਚੌਰਾਸੀ ਦਾ ਸਰਦਾਰ ਹੈ ਅਤੇ ਸਭ ਤੋਂ ਉੱਤਮ ਇਸਦੀ ਜੂਨ ਹੈ ਤਾਂ ਪ੍ਰਮਾਤਮਾ ਇਸਨੂੰ ਰਿਜ਼ਕ ਦਿੰਦਾ ਹੈ। ਮਹਾਰਾਜ ਨੇ ਕਿਹਾ, ਇਥੇ ਤਾਂ ਟੇਢੀਆਂ-ਮੇਢੀਆਂ ਜੂਨਾਂ ਵਿਚ ਵਿਚਰਨ ਵਾਲੇ ਜਿਹੜੇ ਜੀਵ ਹਨ, ਕੱਛੂਕੁਮੀ ਆਪਣੇ ਆਂਡੇ ਬਾਹਰ ਬਰੇਤੇ ਵਿਚ ਦੇ ਆਈ ਤੇ ਆਪ ਪਾਣੀ ਵਿਚ ਬੈਠੀ ਹੈ। ਇਨਸਾਨ ਵਰਗੀ ਉਸਦੇ ਕੋਲ ਬੁੱਧੀ ਨਹੀਂ। ਸਿਰਫ਼ ਉਸ ਕੱਛੂਕੁਮੀ ਦੇ ਬੱਚੇ ਨੂੰ ਜੇ ਤਾਕਤ ਮਿਲਦੀ ਹੈ ਤਾਂ ਮਾਂ ਦੇ ਧਿਆਨ ਵਿਚੋਂ। ਜੇ ਪ੍ਰਮਾਤਮਾ ਇਹੋ ਜਿਹੀ ਟੇਢੀ ਜੂਨ ਵਿਚ ਰਹਿਣ ਵਾਲੀ ਕਛੂਕੁਮੀ ਦੇ ਬੱਚੇ ਪਾਲੀ ਜਾ ਰਿਹਾ ਹੈ ਤਾਂ ਬੰਦਿਆ ! ਤੈਨੂੰ ਤਾਂ ਰੱਬ ਨੇ ਇੰਨੀ ਰਹਿਮਤ ਬਖ਼ਸ਼ੀ ਹੈ ਕਿ ਤੂੰ ਘੱਟੋ ਘੱਟ ਉਸਦੇ ਕੋਲੋਂ ਸਿਖ। ਉਹ ਵੀ ਰੱਬ ਦੇ ਸਹਾਰੇ ਬੱਚੇ ਪਾਲਦੀ ਪਈ ਹੈ।

ਤੀਜੀ ਬੇਨਤੀ, ਆਪਾਂ ਦੇਖਦੇ ਹਾਂ ਕਿ ਪੱਥਰ ਦੇ ਕੀੜੇ ਹਨ, ਉਸਦੇ ਵਿਚ ਕੋਈ ਸੁਰਾਖ਼ ਨਹੀਂ, ਕੋਈ ਰੋਜ਼ਾਨਾ ਉਹਨਾਂ ਨੂੰ ਦਾਣਾ ਨਹੀਂ ਪਾਉਂਦਾ। ਬਾਹਰ ਦੇ ਬ੍ਰਿਛ ਇਹਨਾਂ 'ਤੇ ਰਹਿਣ ਵਾਲੇ ਪੰਛੀ ਤਾਂ ਜ਼ਮੀਨ 'ਤੇ ਪਏ ਹੋਏ ਦਾਣੇ, ਜ਼ਮੀਨ'ਤੇ ਪ੍ਰਵਾਹਿਤ ਹੋਏ ਪਾਣੀ ਅਤੇ ਲੋਕ ਵੀ ਕਈ ਵਾਰੀ ਪੰਛੀਆਂ ਦਾ ਭਲਾ ਲੋਚਨ ਲਈ ਦਾਨ ਦੀ ਖ਼ਾਤਰ ਪੰਛੀਆਂ ਨੂੰ ਦਾਣਾ ਪਾਉਂਦੇ ਹਨ ਪਰ ਜਿਹੜਾ ਇਕ ਕੀੜਾ ਪੱਥਰ ਵਿਚ ਰੱਬ ਨੇ ਪੈਦਾ ਕੀਤਾ ਹੈ, ਉਸਨੂੰ ਤਾਂ ਦਾਣਾ ਵੀ ਕਿਸੇ ਨੇ ਨਹੀਂ ਪਾਇਆ। ਪੱਥਰ ਵਿਚ ਰਹਿਣ ਵਾਲੇ ਕੀੜੇ ਰੱਬ ਦੇ ਭਾਣੇ 'ਤੇ ਜੀਉਂਦੇ ਹਨ, ਤੂੰ ਤਾਂ ਧਰਤੀ ਧਰਮਸ਼ਾਲਾ 'ਤੇ ਰਹਿੰਦਾ ਹੈਂ ਅਤੇ ਧਰਮ ਤੇ ਪ੍ਰਮਾਤਮਾ 'ਤੇ ਭਰੋਸਾ ਕਰ। ਯਾਦ ਰੱਖੋ ਜਿਨ੍ਹਾਂ ਨੂੰ ਬੰਦੇ ਤੋਂ ਮੰਗਣ ਦੀ ਆਦਤ ਪੈ ਜਾਏ, ਜਿੰਨਾ ਮਰਜ਼ੀ ਇਕੱਠਾ ਕਰ ਲੈਣ, ਪਰ ਉਹਨਾਂ ਦੇ ਅੰਦਰ ਦੀ ਆਦਤ ਕਦੀ ਮਰਦੀ ਨਹੀਂ।

ਧੰਨ ਗੁਰੂ ਅਰਜਨ ਸਾਹਿਬ ਦੇ ਅਮੋਲਕ ਬਚਨ ਅਸੀਂ ਸੁਖਮਨੀ ਸਾਹਿਬ ਵਿਚ



ਪੜ੍ਹਦੇ ਹਾਂ-

*ਤਜਹੁ ਸਿਆਨਪ ਸੁਰਿ ਜਨਹੁ*

ਕਹਿੰਦੇ ਹਨ ਸਿਆਣੇ ਬੰਦਿਉ ! ਚੰਗੀ ਗੱਲ ਹੈ ਤੁਸੀਂ ਸਿਆਣੇ ਹੋ, ਚੰਗਾ ਬੋਲ ਸਕਦੇ ਹੋ, ਚੰਗਾ ਵਿਚਰ ਸਕਦੇ ਹੋ, ਸਿਆਣਪ ਨੂੰ ਛੱਡ ਦਿਉ ਅਤੇ ਵਿਸ਼ਵਾਸ ਨੂੰ ਫੜ ਲਉ। ਸਿਆਣੇ ਬੰਦੇ ਵੀ ਬੰਦਿਆਂ ਦੇ ਮੁਹਤਾਜ ਦੇਖੇ ਹਨ, ਪਰ ਭਾਵਨਾ ਤੇ ਭਗਤੀ 'ਤੇ ਜੀਊਣ ਵਾਲੇ ਕਦੀ ਕਿਸੇ ਦੇ ਬੂਹੇ ਦੇ ਮੁਹਤਾਜ ਨਹੀਂ ਬਣੇ। ਸਾਹਿਬ ਕਹਿੰਦੇ ਹਨ-

*ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥*
*ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥*

(ਸੁਖਮਨੀ ਸਾਹਿਬ)

ਸਾਹਿਬ ਨੇ ਕਿਹਾ ਕਿ ਸਹਾਰਾ ਲੈਣਾ ਹੈ ਤਾਂ ਇਕ ਪ੍ਰਮਾਤਮਾ ਦਾ ਲੈ। ਇਸ ਦੁਨੀਆਂ ਵਿਚ ਜਿੰਨੇ ਵੀ ਲੋਕ ਹਨ, ਜੇ ਕਿਸੇ ਨੂੰ ਕੁਝ ਦਿੰਦੇ ਹਨ ਤਾਂ ਉਹਨਾਂ ਵਿਚੋਂ 99% ਲੋਕ ਦੇਣ ਵਾਲੇ ਵੀ ਅੰਦਰੋਂ ਮੰਗਤੇ ਹੁੰਦੇ ਹਨ। ਮੰਨ ਲਉ ਕੋਈ ਇਨਸਾਨ ਕਹਿੰਦਾ ਹੈ ਕਿ ਮੈਂ ਗ਼ਰੀਬਾਂ ਨੂੰ ਬਸਤਰ ਦਾਨ ਕਰਦਾ ਹਾਂ। ਉਹ ਬਾਹਰਮੁੱਖੀ ਤੌਰ 'ਤੇ ਦਾਨੀ ਪ੍ਰਤੀਤ ਹੁੰਦਾ ਹੈ, ਪਰ ਜਦੋਂ ਇਕੱਲਾ ਬੈਠਦਾ ਹੈ ਤਾਂ ਉਹ ਵੀ ਕਹਿੰਦਾ ਹੈ ਕਿ ਆਖ਼ਿਰ ਜੇ ਮੈਂ ਗ਼ਰੀਬਾਂ ਨੂੰ ਦਾਨ ਕੀਤਾ ਹੈ ਤਾਂ ਮੈਨੂੰ ਵੀ ਰੱਬ ਦੇਵੇਗਾ। ਉਹ ਗ਼ਰੀਬਾਂ ਨੂੰ ਇਕ ਪੌੜੀ ਬਣਾ ਕੇ ਰੱਬ ਦੇ ਦਰ ਤੋਂ ਮੰਗਦਾ ਪਿਆ ਹੈ, ਮੰਗਤਾ ਉਹ ਵੀ ਹੈ। ਅਸੀਂ ਗੁਰੂ ਸਾਹਮਣੇ ਭੇਟਾ ਰੱਖਦੇ ਹਾਂ, ਦਾਨ ਨਹੀਂ ਗੁਰੂ ਨੂੰ ਦਿੱਤਾ ਜਾਂਦਾ। ਦਾਨ ਹਮੇਸ਼ਾ ਦਾਤੇ ਦਿੰਦੇ ਹਨ।

ਇਕ ਇਨਸਾਨ ਧਰਮ ਦੇ ਨਾਮ 'ਤੇ ਇਕ ਰੁਪਈਆ ਕੱਢਦਾ ਹੈ। ਇਸਦਾ ਭਾਵ ਇਹ ਨਾ ਸਮਝਿਉ ਕਿ ਗੁਰੂ ਘਰ ਮਾਇਆ ਭੇਟਾ ਨਹੀਂ ਕਰਨੀ ਚਾਹੀਦੀ। ਨਹੀਂ, ਆਪਣੇ ਧਨ ਨੂੰ ਸਫਲ ਕਰਨ ਲਈ ਗੁਰੂ ਦੇ ਚਰਨਾਂ ਵਿਚ ਮਾਇਆ ਸਮਰਪਿਤ ਕਰੋ। ਇਕ ਰੁਪਈਆ ਪਾਉਂਦੇ ਹਾਂ ਤੇ ਅੰਦਰ ਦੀ ਭਾਵਨਾ ਹੁੰਦੀ ਹੈ ਕਿ ਇਕ ਰੁਪਈਆ ਮੱਥਾ ਟੇਕਿਆ, ਇਸ ਨੂੰ ਰੱਬ ਹਜ਼ਾਰ ਗੁਣਾ ਤਾਂ ਕਰੇਗਾ ਹੀ। ਅੰਦਰ ਮੰਗ ਹੈ। ਇਹ ਗੱਲ ਵੱਖਰੀ ਹੈ ਕਿ ਜ਼ਬਾਨ ਖੋਲ੍ਹ ਕੇ ਨਹੀਂ ਕਿਹਾ, ਪਰ ਅੰਦਰ ਦੀ ਬਿਰਤੀ ਕਹਿ ਰਹੀ ਸੀ ਕਿ ਇਕ ਦੇ ਬਦਲੇ ਹਜ਼ਾਰ ਜ਼ਰੂਰ ਮਿਲੇਗਾ। ਇਥੇ ਸਬਰ ਨਹੀਂ ਕਰਦਾ, ਹਜ਼ਾਰ ਮਿਲ ਵੀ ਜਾਏ, ਉਹ ਕਦੀ ਇਹ ਨਹੀਂ ਕਹੇਗਾ ਕਿ ਪ੍ਰਮਾਤਮਾ ਨੇ ਮੈਨੂੰ ਹਜ਼ਾਰ ਦਿੱਤਾ ਹੈ। ਉਹ ਥਾਂ-ਥਾਂ 'ਤੇ ਆਪਣੀ ਮੁਨਿਆਦੀ ਜ਼ਰੂਰ ਕਰਾਏਗਾ ਕਿ ਬੋਲ ਕੇ ਕਹੋ ਮੈਂ ਗੁਰਦੁਆਰੇ ਆਪਣੇ ਵੱਲੋਂ ਇੰਨੇ ਪੈਸੇ ਭੇਟਾ ਵੱਲੋਂ ਦਿੱਤੇ ਹਨ।

ਆਪਾਂ ਇਕ ਸਾਖੀ ਪੜ੍ਹਦੇ ਹਾਂ। ਬਾਬਾ ਬੁੱਢ੍ਹ ਸਾਹਿਬ ਜੀ ਦੀ ਅਸੀਂ ਕਈ ਵਾਰੀ ਗੱਲ ਕਰਦੇ ਹਾਂ। ਇਹ ਰੰਗ-ਰਤੜੇ ਮਹਾਂਪੁਰਖ ਬਾਹਰੋਂ ਕਈ ਵਾਰੀ ਪ੍ਰਤੀਤ ਹੁੰਦਾ ਹੈ ਕਿ ਤਨ 'ਤੇ

ਸਾਦ-ਮੁਰਾਦੇ ਬਸਤਰ ਹਨ ਪਰ ਅੰਦਰੋਂ ਝਾਤੀ ਮਾਰ ਕੇ ਦੇਖਿਉ ਅੰਦਰੋਂ ਇਹ ਕੀਮਤੀ ਲਾਲ ਹਨ। ਬਾਹਰੋਂ ਪਾਟੀਆਂ ਲੀਰਾਂ ਵਿਚ ਲਪੇਟੇ ਹਨ, ਪਰ ਅੰਦਰੋਂ ਇਹਨਾਂ ਦੀ ਕੀਮਤ ਬਹੁਤ ਜ਼ਿਆਦਾ ਹੈ। ਅਸੀਂ ਇਤਿਹਾਸ ਦੀਆਂ ਇਹ ਸਤਰਾਂ ਸਾਰੇ ਪੜ੍ਹਦੇ ਹਾਂ ਕਿ ਸ਼ੇਰੇ ਪੰਜਾਬ ਨੇ ਬਾਬਾ ਬੁੱਧੂ ਸਾਹਿਬ ਜੀ ਦੇ ਸਾਹਮਣੇ ਖਲੋ ਕੇ ਉਸਨੂੰ ਇਹੀ ਸ਼ਬਦ ਕਹੇ ਸਨ ਕਿ ਮੈਂ ਬਾਬਾ ਬੁੱਧੂ ਸਾਹਿਬ ਨੂੰ ਮਿਲਣ ਆਇਆ ਹਾਂ। ਉਹ ਮਹਾਂਪੁਰਖ ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਆਪਣੇ ਆਪ ਨੂੰ ਭੇਟਾ ਕਰ ਚੁੱਕੇ ਹਨ, ਉਹਨਾਂ ਲਈ ਗੁਰੂ ਤੋਂ ਉੱਚਾ ਸਾਹਿਬ ਕੋਈ ਨਹੀਂ। ਬਾਬਾ ਬੁੱਧੂ ਸਾਹਿਬ ਨੇ ਸ਼ੇਰੇ ਪੰਜਾਬ ਦੀ ਬਾਂਹ ਫੜੀ ਤੇ ਗੁਰੂ ਗ੍ਰੰਥ ਸਾਹਿਬ ਦੇ ਕੋਲ ਜਾ ਕੇ ਕਹਿਣ ਲੱਗੇ ਕਿ ਸਾਹਿਬ ਤਾਂ ਇਹ ਹਨ, ਬੁੱਧੂ ਮੈਂ ਹਾਂ ਤੇ ਜੇ ਕੁਝ ਲੈਣਾ ਚਾਹੁੰਦਾ ਹੈਂ ਤਾਂ ਸਾਹਿਬ ਦੇ ਚਰਨਾਂ ਨਾਲ ਜੁੜ ਜਾ। ਸ਼ੇਰੇ ਪੰਜਾਬ ਨੇ ਕਿਹਾ ਬਾਬਾ ਜੀ ! ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰੋ ਕਿ ਮੈਨੂੰ ਫ਼ਤਿਹ ਮਿਲੇ। ਉਹਨਾਂ ਦੇ ਸਿੱਧੇ ਜਿਹੇ ਸ਼ਬਦ ਸਨ ਕਿ ਧੰਨ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ! ਆਪ ਜੀ ਦੇ ਚਰਨਾਂ ਵਿਚ ਇਕ ਮੰਗਤਾ ਆਇਆ ਹੈ, ਇਕ ਲੋੜਵੰਦ ਆਇਆ ਹੈ ਤੇ ਜਿਹੜੀ ਆਸ ਰੱਖਕੇ ਇਹ ਤੁਹਾਡੇ ਦਰ 'ਤੇ ਝੋਲੀ ਫੈਲਾ ਕੇ ਮੰਗਣ ਆਇਆ ਹੈ, ਕ੍ਰਿਪਾ ਕਰੋ ਇਸਦੀ ਝੋਲੀ ਵਿਚ ਦਾਤ ਪਾ ਦਿਆ ਜੇ।

ਪ੍ਰਮਾਤਮਾ ਦੀ ਖੇਡ, ਸ਼ੇਰੇ ਪੰਜਾਬ ਮੁਹਿੰਮ ਨੂੰ ਜਿੱਤ ਗਿਆ ਤੇ ਜਿੱਤਣ ਤੋਂ ਬਾਅਦ ਫਿਰ ਵਾਪਿਸ ਆਇਆ ਪਰ ਜਾਂਦਿਆਂ ਜਿਹੜੇ ਸ਼ਬਦ ਸਨ, ਉਨ੍ਹਾਂ ਵਿਚ ਆਉਂਦਿਆਂ ਕੁਝ ਤਬਦੀਲੀ ਹੋ ਚੁੱਕੀ ਸੀ। ਜਿਹੜੀਆਂ ਅੱਖਾਂ ਬੰਦੇ ਦੀਆਂ ਲੈਣ ਵੇਲੇ ਹੁੰਦੀਆਂ ਹਨ, ਚੇਤੇ ਰੱਖਿਉ, ਦੇਣ ਵੇਲੇ ਨਹੀਂ ਹੁੰਦੀਆਂ। ਇਨਸਾਨ ਦਾ ਬੱਚਾ ਜਨਮ ਲੈਂਦਾ ਹੈ। ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਉਦੋਂ ਉਸਦੀਆਂ ਅੱਖਾਂ ਪੁੱਠੀਆਂ ਹਨ। ਜਦੋਂ ਅੱਖਾਂ ਖੋਲ੍ਹਦਾ ਹੈ ਤਾਂ ਅੱਖਾਂ ਸਿੱਧੀਆਂ ਹਨ, ਅੱਖਾਂ ਝਮਕਦੀਆਂ ਹਨ। ਜਦੋਂ ਬੰਦੇ ਦੀ ਮੌਤ ਹੁੰਦੀ ਹੈ, ਉਦੋਂ ਅੱਖਾਂ ਵੀ ਪੁੱਠੀਆਂ ਹੋ ਜਾਂਦੀਆਂ ਹਨ, ਕਿਉਂਕਿ ਲੈਣ ਵੇਲੇ ਅੱਖਾਂ ਸਿੱਧੀਆਂ ਹਨ, ਦੇਣ ਵੇਲੇ ਤਾਂ ਮਰਦੇ ਬੰਦੇ ਦੇ ਡੇਲੇ ਵੀ ਪੁੱਠੇ ਹੋ ਜਾਂਦੇ ਹਨ। ਸ਼ੇਰੇ ਪੰਜਾਬ ਆਇਆ ਤੇ ਉਸਨੇ ਆ ਕੇ ਸ਼ਬਦ ਕਹੇ- ਮਹਾਂਪੁਰਖੋ ! ਜਿੱਤ ਮਿਲੀ ਹੈ, ਕੁਝ ਮੰਗੋ। ਉਸ ਕਰਨੀ ਵਾਲੇ ਮਹਾਂਪੁਰਸ਼ ਨੇ ਸੁਣਿਆ ਤੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਲਿਜਾ ਕੇ ਕਹਿਣ ਲੱਗੇ, ਸੱਚੇ ਪਾਤਿਸ਼ਾਹ ! ਭਰੋਸਾ ਤਾਂ ਅੱਗੇ ਵੀ ਬੜਾ ਤੁਸੀਂ ਅੰਦਰ ਨੂੰ ਬਣਾਇਆ ਸੀ, ਅੱਜ ਇਸ ਬੰਦੇ ਦੀ ਹਰਕਤ ਨਾਲ ਮੇਰਾ ਹੋਰ ਵੀ ਭਰੋਸਾ ਤੇਰੇ 'ਤੇ ਅਟੱਲ ਹੋ ਗਿਆ ਹੈ। ਮੈਨੂੰ ਯਕੀਨ ਹੋ ਗਿਆ ਹੈ ਕਿ ਜਿਹੜੇ ਜਾਂਦਿਆਂ ਤੇਰੇ ਦੱਰ 'ਤੇ ਮੰਗਤੇ ਬਣ ਕੇ ਗਏ ਸਨ, ਆਉਂਦਿਆਂ ਉਹ ਦਾਤੇ ਬਣਕੇ ਆ ਗਏ। ਇੰਨੀ ਕ੍ਰਿਪਾ ਤੂੰ ਕੀਤੀ ਹੈ।

ਦੇਖੋ ਇੰਨੇ ਸ਼ਬਦਾਂ ਨੇ ਅੰਦਰ ਨੂੰ ਹਿਲਾ ਦਿੱਤਾ। ਸ਼ੇਰੇ ਪੰਜਾਬ ਦਾ ਅੰਦਰ ਕੰਬ ਗਿਆ। ਉਹਨਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਅਸੀਂ ਬੰਦੇ ਕੋਲੋਂ ਮੰਗਣਾ ਛੱਡਿਆ ਹੋਇਆ ਹੈ, ਕੇਵਲ ਪ੍ਰਮਾਤਮਾ ਦੇ ਸਹਾਰੇ 'ਤੇ ਜੀਉਂਦੇ ਹਾਂ। ਪਿਆਰਿਆ ! ਕਿਸੇ ਦੀ ਆਸ ਨਾ ਕਰ, ਕਿਉਂਕਿ



ਇਨਸਾਨ ਮੰਗਤਾ ਹੈ, ਦਾਤਾ ਕੇਵਲ ਪ੍ਰਮਾਤਮਾ ਹੈ ਅਤੇ ਸਮਰੱਥ ਗੁਰੂ ਹੈ। ਹੇ ਇਨਸਾਨੋਂ ! ਗੁਰੂ ਰਾਮਦਾਸ ਜੀ ਨੂੰ ਸਿਮਰੋ। ਜੇ ਸਿਮਰਾਂਗੇ ਤਾਂ ਫਿਰ ਕੀ ਮਿਲੇਗਾ? ਕਹਿਣ ਲੱਗੇ-

*ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*

(ਅੰਗ ੯੬੮)

ਜਿਨ੍ਹਾਂ ਨੇ ਭਾਵਨਾ ਨਾਲ ਚੇਤੇ ਕੀਤਾ, ਉਹਨਾਂ ਨੂੰ ਪਾਰ ਉਤਾਰਿਆ।

*ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ॥ ੧॥*

ਕਹਿੰਦੇ ਹਨ ਉਹ ਪ੍ਰਮਾਤਮਾ ਜਿਹੜਾ ਨਿਰਭਉ ਹੈ, ਜਿਸਨੂੰ ਕਿਸੇ ਦਾ ਭੈਅ ਨਹੀਂ, ਉਹ ਸੁਖ ਨਿਧਾਨ ਪ੍ਰੀਤਮ ਤੈਨੂੰ ਸਾਰੇ ਸੁੱਖ ਦੇਵੇਗਾ। ਉਸ ਨਿਰਭਉ ਨਿਰੰਕਾਰ ਨੂੰ ਜੱਪ। ਜੇ ਸਾਰੀ ਦੁਨੀਆਂ ਵੀ ਖਲੋ ਕੇ ਕਹਿ ਦੇਵੇ ਤਾਂ ਤੂੰ ਉਹਨਾਂ 'ਤੇ ਵਿਸ਼ਵਾਸ ਨਾ ਕਰ। ਜਿਸਨੂੰ ਰੱਬ ਦਾਤ ਦੇਣ 'ਤੇ ਆ ਜਾਏ ਰੱਬ ਦੀ ਬਾਂਹ ਕੋਈ ਵੀ ਨਹੀਂ ਫੜਦਾ। ਭਗਤ ਰਵਿਦਾਸ 'ਤੇ ਜਿਸ ਦਿਨ ਕ੍ਰਿਪਾ ਹੋਈ ਤੇ ਉਹਨਾਂ ਨੇ ਸ਼ੁਕਰਾਨੇ ਵਿਚ ਸ਼ਬਦ ਉਚਾਰਿਆ-

*ਐਸੀ ਲਾਲ ਤੁਝ ਬਿਨੁ ਕਉਨੁ ਕਰੈ॥*

ਇਹਨਾਂ ਵੱਡੇ ਵਡੇਰਿਆਂ ਨੇ ਕੀ ਦੇਣਾ ਹੈ, ਇਹ ਤਾਂ ਤੁਸੀਂ ਦਾਤਾਂ ਦਿੰਦੇ ਹੋ।

*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*

(ਅੰਗ ੧੧੦੬)

ਦੁਨੀਆਂ ਵਿਚ ਰਾਜਨੇਤਾ ਵੋਟਾਂ ਨਾਲ ਚੁਣੇ ਜਾਂਦੇ ਹਨ, ਭਗਤ ਜਿਸ ਦਿਨ ਵੀ ਪੈਦਾ ਹੁੰਦੇ ਹਨ, ਬਖ਼ਸ਼ਿਸ਼ ਵਿਚੋਂ ਪੈਦਾ ਹੁੰਦੇ ਹਨ। ਯਾਦ ਰੱਖੋ, ਭਗਤ ਇਕੱਲਾ ਸ੍ਰੋਤਾ ਹੁੰਦਾ ਹੈ ਤੇ ਗਿਣਤੀ ਵਾਲੇ ਲੋਕ ਇਕ ਪਾਸੇ ਹੁੰਦੇ ਹਨ। ਪ੍ਰਮਾਤਮਾ ਜਦੋਂ ਕ੍ਰਿਪਾ ਕਰ ਦਿੰਦਾ ਹੈ ਤਾਂ-

*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥*

ਉਹ ਸੁਖ ਨਿਧਾਨ ਪ੍ਰਮਾਤਮਾ ਤੈਨੂੰ ਸਾਰੀਆਂ ਦਾਤਾਂ ਦੇਣਗੇ।

*ਹਰਿ ਜੀਉ ਤੇਰੀ ਦਾਤੀ ਰਾਜਾ॥*

ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ- ਹੇ ਹਰੀ ਜੀ ! ਅਸੀਂ ਤਾਂ ਸ਼ੁਕਰ ਕਰਨ ਆਏ ਹਾਂ, ਤੇਰੀਆਂ ਦਾਤਾਂ ਨਾਲ ਰੱਜੇ ਪਏ ਹਾਂ। ਕੋਈ ਵੀ ਅਜਿਹੀ ਚੀਜ਼ ਨਹੀਂ ਜਿਹੜੀ ਤੁਸੀਂ ਸਾਡੇ ਤੋਂ ਲੁਕਾ ਕੇ ਰੱਖੀ ਹੋਵੇ।

*ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ॥ ਰਹਾਉ॥*

ਇਕ ਮਨੁੱਖ ਦੀ ਸਿਫ਼ਤ ਸਾਲਾਹ ਕਿਉਂ ਕਰਾਂ? ਉਸ ਦਾ ਮੁਹਤਾਜ ਕਿਉਂ ਬਣਾਂ? ਤੇਰੀਆਂ ਦਾਤਾਂ ਨੇ ਮੇਰੇ ਅੰਦਰ ਨੂੰ ਤ੍ਰਿਪਤ ਕਰ ਦਿੱਤਾ ਹੈ।

*ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ ਤਿਸ ਕੀ ਭੂਖ ਗਵਾਈ॥*

ਜਿਸ ਵੀ ਇਨਸਾਨ ਨੇ ਉਸ ਪ੍ਰਮਾਤਮਾ ਨੂੰ ਧਿਆਇਆ, ਉਸ 'ਤੇ ਇੰਨੀ ਵੱਡੀ ਕ੍ਰਿਪਾ ਕੀਤੀ। ਇਕ ਬੰਦੇ ਦੀ ਸੇਵਾ ਕਰੋਗੇ ਤਾਂ ਉਹ ਇਨਾਮ ਵੱਜੋਂ ਕੁਝ ਦੇ ਦੇਵੇਗਾ। ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਉਸਨੂੰ ਧਿਆ ਜਿਸ ਨੂੰ ਧਿਆਉਣ ਤੋਂ ਬਾਅਦ ਉਹ ਕਹੇਗਾ ਅੱਜ ਤੱਕ ਤੂੰ ਬੂਹੇ ਅੱਗੇ ਖਲੋਤਾ ਸੀ, ਅੱਜ ਤੋਂ ਬਾਅਦ ਇਸ ਘਰ ਦਾ ਮਾਲਕ ਹੀ ਤੂੰ ਹੈਂ। ਕੋਈ ਹੈ ਅਜਿਹਾ ਦਾਤਾ? ਜਿਨ੍ਹਾਂ ਨੇ ਧਿਆਇਆ, ਸਭ ਕੁਝ ਪ੍ਰਮਾਤਮਾ ਨੇ ਉਹਨਾਂ ਨੂੰ ਦੇ ਦਿੱਤਾ। ਕਿਸੇ ਦੇ ਉਹ ਮੁਹਤਾਜ ਨਹੀਂ।

*ਐਸਾ ਧਨੁ ਦੀਆ ਸੁਖ ਦਾਤੈ ਨਿਖੁਟਿ ਨ ਕਬਹੀ ਜਾਈ॥*

ਉਸ ਦਾਤੇ ਨੇ ਅਜਿਹਾ ਧਨ ਦਿੱਤਾ ਹੈ ਕਿ ਜਿਸ ਨੇ ਕਦੀ ਵੀ ਨਿਖੁਟਣਾ ਨਹੀਂ। ਸਰੀਰ ਦੇ ਨਾਲ ਕਮਾਇਆ ਹੋਇਆ ਕੱਚਾ ਧਨ ਤਾਂ ਨਿਖੁਟ ਜਾਂਦਾ ਹੈ। ਚੋਰ-ਉਚੱਕੇ ਕਦੀ ਨਾਮ ਦਾ ਧਨ ਲੁੱਟ ਸਕਦੇ ਹਨ? ਬੰਦਾ ਜਿੰਨਾ ਦੁਨੀਆਂ ਦਾ ਧਨ ਕਮਾਉਂਦਾ ਹੈ, ਉੱਨੇ ਵੱਧ ਦੁੱਖ ਲੱਗਦੇ ਹਨ ਪਰ ਨਾਮ ਦਾ ਧਨ ਜਿੰਨਾ ਕਮਾਉਂਦਾ ਹੈ, ਉੱਨਾ ਦੂਣਾ ਚਉਣਾ ਵੱਧਦਾ ਹੈ।

*ਅਨਦੁ ਭਇਆ ਸੁਖ ਸਹਜਿ ਸਮਾਣੇ ਸਤਿਗੁਰਿ ਮੇਲਿ ਮਿਲਾਈ॥ ੨ ॥*

ਸਤਿਗੁਰੂ ਨੇ ਪਹਿਲਾਂ ਆਪਣੇ ਨਾਲ ਮੇਲਿਆ, ਫਿਰ ਪ੍ਰਮਾਤਮਾ ਵਿਚ ਅਭੇਦ ਕਰ ਦਿੱਤਾ। ਸਤਿਗੁਰੂ ਨੇ ਸੁੱਖ ਦਿੱਤਾ, ਸਹਿਜ ਦਿੱਤਾ।

*ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ॥*

ਹੇ ਮਨ! ਜੇ ਤੂੰ ਮੁਹਤਾਜੀ ਮੁਕਾਉਣੀ ਚਾਹੁੰਦਾ ਹੈਂ ਤਾਂ ਫਿਰ ਨਾਮ ਨੂੰ ਜੱਪ। ਦਿਨ ਰਾਤ ਨਾਮ ਵਿਚ ਭਿੱਜ ਜਾ।

*ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ॥*

ਜਦੋਂ ਤੂੰ ਆਪਣੇ ਕੰਨਾਂ ਨਾਲ ਰੱਬ ਦੀ ਬੰਦਗੀ ਕਰਨ ਵਾਲਿਆਂ ਦੇ ਉਪਦੇਸ਼ ਨੂੰ ਸੁਣੇਗਾ ਤਾਂ ਇਕੱਲੀ ਦੁਨੀਆਂ ਦੀ ਮੁਹਤਾਜੀ ਹੀ ਨਹੀਂ, ਜਮਦੂਤਾਂ ਦਾ ਭੈ ਵੀ ਮੁੱਕ ਜਾਏਗਾ।

*ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ॥ ੩ ॥*

ਜਿਨ੍ਹਾਂ ਉੱਪਰ ਮੇਰੇ ਵਾਹਿਗੁਰੂ ਜੀ ਦੀ ਕ੍ਰਿਪਾ ਹੋਈ, ਉਹ ਫਿਰ ਜਗਿਆਸੂ ਗੁਰੂ ਦੀ ਬਾਣੀ ਨਾਲ ਲੱਗ ਗਏ। ਅੰਦਰੋਂ ਜੁੜ ਗਏ।

*ਕੀਮਤਿ ਕਉਣੁ ਕਰੈ ਪ੍ਰਭ ਤੇਰੀ ਤੂ ਸਰਬ ਜੀਆ ਦਇਆਲਾ॥*

ਸਾਰੇ ਜੀਵਾਂ ਉੱਤੇ ਦਇਆ ਕਰਨ ਵਾਲੇ ਵਾਹਿਗੁਰੂ ਜੀ! ਕੋਈ ਅਜਿਹਾ ਨਹੀਂ



ਜਿਹੜਾ ਕਹੇ ਮੈਂ ਰੱਬ ਦੀ ਕੀਮਤ ਪਾਉਣ ਤੁਰਿਆ ਹਾਂ। ਉਸਦੀ ਕੀਮਤ ਕਦੀ ਨਹੀਂ ਪੈ ਸਕਦੀ।

*ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ॥*
*ਰਾਖਿ ਲੇਹੁ ਨਾਨਕੁ ਜਨੁ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ॥ ੪ ॥ ੧ ॥*

ਸਭ ਕੁਝ ਉਸ ਪ੍ਰਮਾਤਮਾ ਦਾ ਕੀਤਾ ਹੁੰਦਾ ਹੈ। ਇਨਸਾਨ ਕੁਝ ਵੀ ਨਹੀਂ ਕਰ ਸਕਦਾ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਹੇ ਪ੍ਰਮਾਤਮਾ! ਤੁਸੀਂ ਮੈਨੂੰ ਆਪਣੇ ਚਰਨਾਂ ਵਿਚ ਰੱਖ ਲਉ। ਤੁਸੀਂ ਸਾਡੇ ਪਿਤਾ ਹੋ, ਸਾਡੇ 'ਤੇ ਕ੍ਰਿਪਾ ਕਰਨ ਵਾਲੇ ਹੋ। ਸਤਿਗੁਰੂ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਖਿਮਾ!

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨
ੴ ਸਤਿਗੁਰ ਪ੍ਰਸਾਦਿ ॥

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ ੬ ॥*
*ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥ ੭ ॥*
*ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥ ੮ ॥*
*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥ ੯ ॥*
*ਜੇ ਤੁਧੁ ਵਲਿ ਰਹੈ ਤ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥ ੧੦ ॥*
*ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥ ੧੧ ॥*
*ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥ ੧੨ ॥*
*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥ ੧੩ ॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥ ੧੪ ॥*
*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ ੧੫ ॥*
*ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥ ੧੬ ॥*
*ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥ ੧੭ ॥*
*ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥ ੧੮ ॥*



*ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥ ੧੯ ॥*
*ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥ ੨੦ ॥*
*ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥ ੨੧ ॥*
*ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥ ੨੨ ॥*
*ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥ ੨੩ ॥*
*ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥ ੨੪ ॥*
*ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥ ੨੫ ॥*
*ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥ ੨੬ ॥*
*ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥ ੨੭ ॥*
*ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥ ੨੮ ॥*
*ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥ ੨੯ ॥*
*ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥ ੩੦ ॥*
*ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥ ੩੧ ॥*
*ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥ ੩੨ ॥ ੧ ॥*

(ਅੰਗ ੭੫੭-੫੮)

Vol-5

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕਾ ਫਤਹਿ ॥

ਪਰਮ ਸਨਮਾਨ ਯੋਗ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਦੇ ਪਾਵਨ ਪਵਿੱਤਰ ਦਰਬਾਰ ਸੱਚਖੰਡਿ ਹਰਿਮੰਦਰ ਸਾਹਿਬ ਜੀ ਦੇ ਅੱਜ ਅੰਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਪ੍ਰਕਾਸ਼ਮਾਨ ਹੋ ਕੇ ਜੋ ਹੁਕਮ ਰੂਪ ਦੇ ਅੰਦਰ ਸਮੁੱਚੀ ਮਾਨਵਤਾ ਨੂੰ ਸ਼ਬਦ ਬਖ਼ਸ਼ੀਸ਼ ਵਜੋਂ ਦਿੱਤਾ ਹੈ, ਇਹ ਅੰਮ੍ਰਿਤ ਅਮੋਲਕ ਬਚਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਹੈ। ਇਸ ਪਾਵਨ ਪਵਿੱਤਰ ਸ਼ਬਦ ਦਾ ਜੋ ਸਿਰਲੇਖ ਹੈ, ਉਹ ਅਸਟਪਦੀਆ ਦੇ ਰੂਪ ਵਿਚ ਹੈ। ਪਰ ਇਸ ਪਾਵਨ ਪਵਿੱਤਰ ਅੰਮ੍ਰਿਤ ਸ਼ਬਦ ਦੇ 32 ਪਦੇ ਹਨ ਤੇ ਸਾਰੇ ਦੇ ਸਾਰੇ ਸ਼ਬਦ ਅੰਦਰ ਪ੍ਰਮੇਸ਼ਵਰ, ਗੁਰੂ ਦੇ ਮਿਲਾਪ ਦੀ ਇਕ ਤੜਪ ਹੈ। ਇਉਂ ਕਹਿ ਲਈਏ ਕਿ ਸਾਰੇ ਅੰਮ੍ਰਿਤ ਬਚਨ ਵਿਚ ਦਰਸ਼ਨਾਂ ਦੀ ਪਿਆਸ ਤੇ ਉਸ ਪਿਆਸ ਦੀ ਪੂਰਤੀ ਦੀ ਖ਼ਾਤਰ ਜੋ ਕੁਝ ਮਰਜ਼ੀ ਹੋ ਜਾਏ, ਪਰ ਉਸ ਪਿਆਰੇ ਦੇ ਦੀਦਾਰ ਜ਼ਰੂਰ ਹੋਣ। ਉਸ ਵਿਚ ਦੁੱਖ ਨੂੰ ਕਬੂਲ

ਕਰਨਾ ਪੈ ਜਾਏ, ਇਥੋਂ ਤੱਕ ਕਿ ਝਿੜਕਾਂ ਸੁਣਨੀਆਂ ਪੈ ਜਾਣ, ਨਿੰਦਿਆਂ ਸੁਣਨੀ ਪੈ ਜਾਏ। ਬਾਹਰ ਦੇ ਬਦਲੇ ਹੋਏ ਮੌਸਮ ਭਾਵੇਂ ਤਨ ਦੀ ਅੱਤ ਦੀ ਤਪਸ਼ ਦੇਣ ਤੇ ਭਾਵੇਂ ਅੱਤ ਦੀ ਸਰਦੀ ਹੋਵੇ, ਭਾਵੇਂ ਸਮੁੰਦਰ ਦਾ ਪਾਣੀ ਤੇ ਹੜ੍ਹ ਦੇ ਪਾਣੀ ਦੀਆਂ ਲਹਿਰਾਂ ਰੋਕਣ ਦਾ ਯਤਨ ਕਰਨ ਪਰ ਮੁੱਕਦੀ ਗੱਲ ਕਿ ਦੁਨੀਆਂ ਦੀ ਹਰ ਮੁਸੀਬਤ ਦਾ ਮੁਕਾਬਲਾ ਕਰਕੇ ਤੇ ਦੁਨੀਆਂ ਦੀ ਹਰ ਗੱਲ ਆਪਣੇ ਉੱਪਰ ਬਰਦਾਸ਼ਤ ਕਰਕੇ ਸਿਰਫ਼ ਇਕੋ ਭਾਵਨਾ ਹੈ ਕਿ

*ਨਾਨਕ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥*

ਆਉ ਕਰੋ ਕ੍ਰਿਪਾਲਤਾ, ਇਸ ਪੂਰੇ ਸ਼ਬਦ ਦੇ ਅੱਖਰੀ ਅਰਥ ਆਪਾਂ ਕਰਨੇ ਹਨ।

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ॥

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥*

ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਜੀ ਨੇ ਸੂਹੀ ਰਾਗ ਦੇ ਅੰਦਰ ਅਤੇ ਘਰ ਦੂਜੇ ਦੇ ਵਿਚ ਇਸ ਪਾਵਨ ਪਵਿੱਤਰ ਅੰਮ੍ਰਿਤ ਬਚਨ ਨੂੰ ਉਚਾਰਨ ਕੀਤਾ ਹੈ। ਇਸ ਅਮੋਲਕ ਪਵਿੱਤਰ ਅੰਮ੍ਰਿਤ ਬਚਨ ਦੀ ਪ੍ਰਾਰੰਭਤਾ ਸੱਚੀ ਸਰਕਾਰ ਨੇ ਇਸ ਪਾਵਨ ਪਵਿੱਤਰ ਬਚਨ ਤੋਂ ਕੀਤੀ-

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥*

ਕੋਈ ਅਜਿਹਾ ਮੈਨੂੰ ਮਿਲ ਜਾਵੇ ਜਿਹੜਾ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦੇਵੇ ਤੇ ਜੇਕਰ ਕੋਈ ਅਜਿਹਾ ਰੰਗ ਰਤੜਾ ਮੈਨੂੰ ਮੇਰੇ ਸਾਈਂ ਨਾਲ ਮਿਲਾ ਦਿੰਦਾ ਹੈ ਤਾਂ ਉਸਦੀ ਸੇਵਾ ਮੈਂ ਕੀ ਕਰਾਂ? ਹਜ਼ੂਰ ਗੁਰੂ ਰਾਮਦਾਸ ਜੀ ਨੇ ਫ਼ੁਰਮਾਇਆ ਹੈ ਕਿ ਪ੍ਰਭੂ ਨੂੰ ਮਿਲਾਉਣ ਵਾਲਿਆ ! ਮੈਂ ਆਪਣਾ ਆਪ ਹੀ ਤੇਰੇ ਚਰਨਾਂ ਵਿਚ ਵੇਚ ਦਿੰਦਾ ਹਾਂ। ਕਿਉਂਕਿ ਫਿਰ ਵੇਚੀ ਹੋਈ ਚੀਜ਼ ਉੱਤੇ ਕਦੀ ਕੋਈ ਹੱਕ ਨਹੀਂ ਹੁੰਦਾ। ਜਿਹੜੀ ਚੀਜ਼ ਇਕ ਵਾਰੀ ਵੇਚੀ ਜਾਏ ਤੇ ਜਿਸਨੇ ਖ਼ਰੀਦ ਲਈ ਹੋਵੇ ਤਾਂ ਫਿਰ ਖ਼ਰੀਦਣ ਵਾਲੇ ਦੀ ਮਰਜ਼ੀ ਚੱਲੇਗੀ, ਵੇਚਣ ਵਾਲੇ ਦੀ ਮਰਜ਼ੀ ਨਹੀਂ।

*ਦਰਸਨੁ ਹਰਿ ਦੇਖਣ ਕੈ ਤਾਈ॥*

ਕਹਿਣ ਲੱਗੇ, ਅੰਦਰ ਸਿਰਫ਼ ਇਕ ਤੜਪ ਹੈ ਉਸ ਪਿਆਰੇ ਵਾਹਿਗੁਰੂ ਜੀ ਦੇ ਦਰਸ਼ਨਾਂ ਦੀ। ਪ੍ਰਮਾਤਮਾ ਦੇ ਦੀਦਾਰ ਤਾਈਂ ਸਿਰਫ਼ ਇਕ ਹੀ ਮੰਗ ਹੈ ਕਿ ਉਸ ਪਿਆਰੇ ਦੇ ਦਰਸ਼ਨ ਹੋ ਜਾਣ।

*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥ ੧॥ ਰਹਾਉ॥*

ਹੇ ਪ੍ਰਭੂ ਜੀ ! ਤੁਸੀਂ ਕ੍ਰਿਪਾ ਕਰੋ ਮੇਰੇ 'ਤੇ ਤੇ ਮੈਨੂੰ ਸਮਰੱਥ ਸਤਿਗੁਰੂ ਮਿਲਾ ਦੇਵੋ। ਪ੍ਰਮਾਤਮਾ ਜੀ ! ਤੁਸੀਂ ਤਰੁੱਠ ਕੇ ਮੈਨੂੰ ਗੁਰੂ ਦੇ ਚਰਨਾਂ ਵਿਚ ਜੋੜ ਦਿਉ ਤੇ ਗੁਰੂ ਦੇ ਚਰਨਾਂ ਵਿਚ ਜੁੜ ਕੇ ਮੈਂ ਆਪ ਜੀ ਦੇ ਨਾਮ ਨੂੰ ਦਿਨ ਰਾਤ ਧਿਆਵਾਂ। ਇਉਂ ਕਹਿ ਲਈਏ ਕਿ ਹਜ਼ੂਰ



ਨੇ ਇਸ ਪਵਿੱਤਰ ਅਸਟਪਦੀ ਦੇ ਪ੍ਰਾਰੰਭ ਵਿਚ ਇਹ ਜਿਹੜੀਆਂ ਸਾਨੂੰ ਤੁੱਕਾਂ ਵਿਚਾਰ ਲਈ ਬਖ਼ਸ਼ੀਆਂ ਹਨ, ਇਹ ਸਾਰੀ ਅਸਟਪਦੀ ਦਾ ਤੱਤ-ਭਾਵ ਹੈ। ਇਸ ਸੰਸਾਰ ਵਿਚ ਜੇ ਪ੍ਰਮਾਤਮਾ ਨੇ ਮਨੁੱਖ ਨੂੰ ਭੇਜਿਆ ਹੈ ਤਾਂ ਇਸਦਾ ਕੋਈ ਮਕਸਦ ਹੈ। ਇਸਦੇ ਜੀਵਨ ਦਾ ਕੋਈ ਮਨੋਰਥ ਹੈ। ਇਨਸਾਨ ਦੀ ਕੋਈ ਮੰਜ਼ਿਲ ਹੈ ਪਰ ਬਹੁਤੇ ਲੋਕ ਅਜਿਹੇ ਹਨ ਕਿ ਜਿਸ ਕੰਮ ਲਈ ਪ੍ਰਮਾਤਮਾ ਨੇ ਭੇਜਿਆ, ਉਸ ਤੋਂ ਖੁੰਝ ਜਾਂਦੇ ਹਨ ਤੇ ਰਸਤੇ ਵਿਚ ਕਿਸੇ ਹੋਰ ਪਾਸੇ ਤੁਰ ਪੈਂਦੇ ਹਨ। ਹਰ ਇਨਸਾਨ ਇਥੇ ਕਿਸੇ ਮਕਸਦ ਲਈ ਆਇਆ ਹੈ। ਸਤਿਗੁਰ ਨੇ ਅੰਮ੍ਰਿਤ ਬਾਣੀ ਵਿਚ ਉਹ ਸੁਖੈਨ ਜਿਹਾ ਮਕਸਦ ਦੱਸਿਆ ਹੈ। ਸਾਡੀ ਮੰਜ਼ਿਲ ਇਹ ਹੈ ਕਿ-

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*

(ਅੰਗ ੩੭੮)

ਗੋਬਿੰਦ ਨੂੰ ਮਿਲਣ ਦੀ ਇਹ ਤੇਰੀ ਵਾਰੀ ਹੈ। ਕਹਿਣ ਲੱਗੇ-

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*

ਇਹ ਜ਼ਿੰਦਗੀ ਤੈਨੂੰ ਪਿਆਰੇ ਦੇ ਚਰਨਾਂ ਵਿਚ ਮਿਲਣ ਲਈ ਹੈ। ਪਰ ਇਨਸਾਨ ਦਾ ਜਨਮ ਹੁੰਦਾ ਹੈ ਤੇ ਜਨਮ ਤੋਂ ਲੈ ਕੇ ਮੌਤ ਤੱਕ ਜਿਸ ਨੂੰ ਆਪਾਂ ਜੀਵਨ ਕਹਿ ਲਈਏ, ਹਰ ਬੰਦਾ ਆਪਣੇ ਜੀਵਨ ਦਾ ਵੱਖਰਾ ਮਨੋਰਥ ਸਿਰਜ ਕੇ ਬੈਠ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ, ਜਿਸਦੇ ਅੰਦਰ ਦਰਸ਼ਨਾਂ ਦੀ ਪਿਆਸ ਪੈਦਾ ਹੋ ਜਾਏ, ਉਸ ਨੂੰ ਸਭ ਤੋਂ ਉੱਤਮ ਭਾਗਾਂ ਵਾਲਾ ਮੰਨਿਆ ਹੈ। ਆਪ ਜੀ ਧੰਨ ਗੁਰੂ ਅਰਜਨ ਸਾਹਿਬ ਜੀ ਦੇ ਅਮੋਲਕ ਬਚਨ ਪੜ੍ਹਦੇ ਹੋ। ਗੁਰੂ ਦਰਬਾਰ ਵਿਚ ਪੰਜ ਤਰ੍ਹਾਂ ਦੀ ਬਿਰਤੀ ਲੈ ਕੇ ਜਗਿਆਸੂ ਆਉਂਦੇ ਹਨ। ਉਹ ਪੰਜ ਤਰ੍ਹਾਂ ਦੇ ਜਗਿਆਸੂ ਕਿਹੋ ਜਿਹੇ ਹਨ?

ਪਹਿਲੀ ਕਿਸਮ ਦੇ ਉਹ ਜਗਿਆਸੂ ਹਨ ਕਿ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਪ੍ਰਯੋਜਨ ਬਣਾਇਆ ਹੈ ਕਿ ਮੈਨੂੰ ਧਨ ਮਿਲ ਜਾਏ, ਪਦਾਰਥਾਂ ਦੀ ਪ੍ਰਾਪਤੀ ਹੋ ਜਾਏ, ਮੈਂ ਇਸ ਸੰਸਾਰ ਵਿਚ ਐਸ਼ ਕਰਨ ਲਈ ਧਨ ਇਕੱਠਾ ਕਰ ਸਕਾਂ, ਕਿਸੇ ਪਦਵੀ 'ਤੇ ਪਹੁੰਚ ਸਕਾਂ। ਉਹ ਗੁਰੂ ਦਰਬਾਰ ਵਿਚ ਜ਼ਰੂਰ ਆਉਂਦੇ ਹਨ ਪਰ ਉਹਨਾਂ ਦੀ ਜ਼ਿੰਦਗੀ ਦਾ ਮਕਸਦ ਕੇਵਲ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਹੈ, ਪਰ ਗੁਰੂ ਜੀ ਨੇ ਇਹ ਨਹੀਂ ਕਿਹਾ ਕਿ ਜੇਕਰ ਤੂੰ ਸੰਸਾਰਕ ਪਦਾਰਥਾਂ ਕਰਕੇ ਮੇਰੇ ਕੋਲ ਆਉਂਦਾ ਹੈ ਤਾਂ ਮੈਂ ਤੈਨੂੰ ਆਪਣੇ ਘਰ ਵਿਚ ਥਾਂ ਨਹੀਂ ਦੇਵਾਂਗਾ। ਮੰਨ ਲਿਆ ਜਾਏ ਤੇਰੇ ਮਨ ਅੰਦਰ ਸੰਸਾਰਕ ਪਦਾਰਥਾਂ ਦੀ ਭੁੱਖ ਹੈ ਤਾਂ ਸੰਗਤ ਦੀ ਸੇਵਾ ਕਰ। ਇਹ ਚੀਜ਼ਾਂ ਤੈਨੂੰ ਸੇਵਾ ਵਿਚੋਂ ਮਿਲਣਗੀਆਂ।

ਦੂਜੇ ਜਗਿਆਸੂ ਬੰਦੇ ਦੇ ਮਨ ਦੇ ਅੰਦਰ ਇਹ ਬਿਰਥਾ ਹੈ ਕਿ ਮੇਰੇ ਅੰਦਰ ਦਾ ਦੁੱਖ

ਮਿੱਟ ਜਾਏ। ਮੇਰੇ ਅੰਦਰ ਦੀ ਚਿੰਤਾ ਮਿੱਟ ਜਾਏ। ਹਜ਼ੂਰ ਨੇ ਕਿਹਾ ਕਿ ਜੇ ਤੂੰ ਆਪਣੇ ਦੁੱਖਾਂ ਦੀ ਨਵਿਰਤੀ ਲੋਚਦਾ ਹੈਂ ਤਾਂ ਤੇਰਾ ਇਲਾਜ ਵੀ ਹੈ। ਯਾਦ ਰੱਖਿਉ, ਇਥੇ ਵੀ ਕੇਵਲ ਆਪਣਾ ਆਪ ਹੀ ਹੈ ਕਿ ਮੈਨੂੰ ਦੁੱਖ ਨਾ ਪਵੇ, ਪਰ ਇਹ ਨਹੀਂ ਕਿ ਮੈਨੂੰ ਪ੍ਰਮਾਤਮਾ ਮਿਲੇ। ਸਤਿਗੁਰੂ ਕਹਿੰਦੇ ਹਨ ਕਿ ਜੇ ਦੁੱਖਾਂ ਤੋਂ ਛੁਟਕਾਰਾ ਚਾਹੁੰਦਾ ਹੈਂ ਤਾਂ ਸੰਗਤ ਵਿਚ ਆ ਕੇ ਰੱਬ ਦੀ ਸਿਫ਼ਤ ਕਰ। ਜਿੰਨੇ ਉਸਦੇ ਗੁਣ ਗਾਏਂਗਾ ਤੇਰੇ ਦੁੱਖ ਕੱਟੇ ਜਾਣਗੇ।

ਤੀਜਾ ਆਇਆ ਤੇ ਉਸਨੇ ਆਪਣੇ ਵੱਲੋਂ ਇਹ ਫ਼ਰਿਆਦ ਰੱਖੀ ਕਿ ਹੇ ਸੱਚੇ ਪਾਤਿਸ਼ਾਹ ! ਇਸ ਦੁਨੀਆਂ ਵਿਚ ਜੀਉਣ ਲਈ ਇੱਜ਼ਤ ਚਾਹੀਦੀ ਹੈ, ਇਸ ਦੁਨੀਆਂ ਵਿਚ ਜੀਉਣ ਲਈ ਮਾਨ ਚਾਹੀਦਾ ਹੈ। ਆਇਆ ਗੁਰੂ ਕੋਲ ਹੈ ਪਰ ਅੰਦਰ ਦੀ ਭੁੱਖ ਹੈ ਕਿ ਲੋਕਾਂ ਵਿਚ ਮੇਰੀ ਸ਼ੋਭਾ ਹੋਵੇ ਤੇ ਗੁਰੂ ਜੀ ਨੇ ਕਿਹਾ ਕਿ ਜੇ ਤੂੰ ਸ਼ੋਭਾ ਦੀ ਖ਼ਾਤਰ ਆਇਆ ਹੈਂ ਤਾਂ ਤੈਨੂੰ ਸ਼ੋਭਾ ਵੀ ਮਿਲੇਗੀ ਪਰ ਸੰਗਤ ਵਿਚ ਬੈਠ ਕੇ ਆਪਣੀ ਹਉਮੈ ਕੱਢ ਦੇ। ਦੇਖੋ ਮੰਜ਼ਿਲ ਉਸਦੀ ਸ਼ੋਭਾ ਹੈ, ਪ੍ਰਮਾਤਮਾ ਨਹੀਂ।

ਚੌਥਾ ਆਇਆ ਤੇ ਉਸਨੇ ਆ ਕੇ ਕਿਹਾ ਮਹਾਰਾਜ ! ਮੈਨੂੰ ਪਦਾਰਥ ਨਹੀਂ, ਮੈਨੂੰ ਕੋਈ ਦੁੱਖ ਤੋਂ ਛੁਟਕਾਰਾ ਨਹੀਂ, ਮੈਨੂੰ ਸ਼ੋਭਾ ਨਹੀਂ ਚਾਹੀਦੀ, ਮੈਂ ਸੁਣਿਆ ਹੈ ਕਿ ਜਨਮ ਵੀ ਬਹੁਤ ਵੱਡਾ ਦੁੱਖ ਹੈ ਤੇ ਮੌਤ ਵੀ ਬੜਾ ਵੱਡਾ ਦੁੱਖ ਹੈ। ਇਹ ਇਹਨਾਂ ਦੋ ਦੁੱਖਾਂ ਤੋਂ ਜਨਮ ਤੇ ਮਰਨ ਤੋਂ ਬੱਚਣਾ ਚਾਹੁੰਦਾ ਹੈ। ਸਾਹਿਬ ਨੇ ਕਿਹਾ ਕਿ ਜੇ ਇਸ ਦੁੱਖ ਤੋਂ ਬੱਚਣਾ ਲੋਚਦਾ ਹੈਂ ਤਾਂ ਸੰਗਤ ਦੀ ਸ਼ਰਨ ਵਿਚ ਜਾ। ਦੇਖੋ ਚਾਰ ਜਗਿਆਸੂ ਆਏ, ਚਾਰਾਂ ਨੂੰ ਇਹੀ ਕਿਹਾ ਕਿ-

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨਾ ਦੂਖੁ ਮਿਟਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ॥*
*ਜੇ ਕੋ ਅਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*

(ਸੁਖਮਨੀ ,ਸਾਹਿਬ)

ਚਾਰਾਂ ਨੂੰ ਕਿਹਾ ਕਿ ਸੰਗਤ ਵਿਚ ਜੁੜ ਜਾਉ ਤੇ ਨਾਮ ਜੱਪੋ। ਪੰਜਵਾਂ ਜਗਿਆਸੂ ਆਇਆ, ਹਜ਼ੂਰ ਪੁੱਛਦੇ ਹਨ ਤੇਰੇ ਅੰਦਰ ਦੀ ਲੋਚਾ ਕੀ ਹੈ? ਉਸਨੇ ਕਿਹਾ ਸੱਚੇ ਪਾਤਿਸ਼ਾਹ ! ਪਦਾਰਥ ਨਹੀਂ, ਸ਼ੋਭਾ ਨਹੀਂ, ਜਨਮ ਤੇ ਮਰਨ ਦੇ ਦੁੱਖ ਦਾ ਵੀ ਭੈਅ ਨਹੀਂ, ਕੇਵਲ ਸੱਚੀ ਸਰਕਾਰ ! ਸਾਈਂ ਦੇ ਦਰਸ਼ਨਾਂ ਦੀ ਪਿਆਸ ਲੈ ਕੇ ਆਇਆ ਹਾਂ, ਕੀ ਇਸ ਜਨਮ ਵਿਚ



ਮੇਰੇ ਮਾਲਕ ਦੀ ਝਲਕ ਮੈਨੂੰ ਮਿਲ ਜਾਏਗੀ? ਗੁਰੂ ਅਰਜਨ ਸਾਹਿਬ ਨੇ ਕਿਹਾ ਕਿ ਜੇ ਤੇਰੇ ਅੰਦਰ ਪਿਆਰੇ ਨੂੰ ਮਿਲਣ ਦੀ ਤੜਪ ਪੈਦਾ ਹੋ ਗਈ ਹੈ, ਗੁਰੂ ਕੇ ਸਿੱਖਾ ! ਤਾਂ ਤੇਰੀ ਪ੍ਰਕਰਮਾ ਕਰਕੇ ਤੇਰੇ ਤੋਂ ਕੁਰਬਾਨ ਜਾਂਦਾ ਹਾਂ। ਦਰਸ਼ਨਾਂ ਦੀ ਪਿਆਸ ਸਭ ਤੋਂ ਉੱਤਮ ਹੈ। ਅੰਦਰ ਪ੍ਰਭੂ ਨੂੰ ਮਿਲਣ ਦੀ ਤੜਪ ਪੈਦਾ ਹੋ ਜਾਣੀ, ਇਹ ਸਭ ਤੋਂ ਵੱਡੀ ਰਹਿਮਤ ਹੈ। ਸਾਹਿਬ ਨੇ ਫ਼ੁਰਮਾਇਆ-

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*

ਜਿਸ ਸੇਵਕ ਦੇ ਮਨ ਵਿਚ ਦਰਸ਼ਨਾਂ ਦੀ ਪਿਆਸ ਪੈਦਾ ਹੋ ਗਈ,

*ਨਾਨਕ ਤਾ ਕੈ ਬਲਿ ਬਲਿ ਜਾਸਾ॥*

(ਅੰਗ ੨੯੬)

ਮੈਂ ਉਸ ਉਤੋਂ ਕੁਰਬਾਨ ਜਾਵਾਂ, ਜਿਸ ਦੇ ਅੰਦਰ ਦਰਸ਼ਨਾਂ ਦੀ ਪਿਆਸ ਹੈ। ਧੰਨ ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਨੇ ਆਪਣੀ ਬਾਣੀ ਵਿਚ ਬਹੁਤ ਪਿਆਰਾ ਬਚਨ ਕਿਹਾ ਹੈ। ਵੈਸੇ ਹਰੇਕ ਬੰਦੇ ਦੇ ਅੰਦਰ ਕੋਈ ਨਾ ਕੋਈ ਤੜਪ ਹੈ ਕਿ ਉਸ ਤੜਪ ਨੂੰ ਅਸੀਂ ਪ੍ਰਮਾਤਮਾ ਵਾਲੇ ਪਾਸੇ ਕਿਤੇ ਲਾ ਸਕੀਏ। ਕੀ ਲਾਲਚੀ ਬੰਦੇ ਦੇ ਅੰਦਰ ਤੜਪ ਨਹੀਂ? ਉਹ ਹਮੇਸ਼ਾ ਇਸ ਮੌਕੇ ਦੀ ਭਾਲ ਵਿਚ ਹੈ ਕਿ ਕਿਸੇ ਤਰੀਕੇ ਨਾਲ ਦੂਜੇ ਦਾ ਧਨ ਮੇਰੇ ਘਰ ਵਿਚ ਆ ਜਾਏ। ਜਿਹੜੀ ਉਸਦੀ ਤੜਪ ਸੀ ਉਹ ਧਨ ਵਾਲੇ ਪਾਸੇ ਲੱਗੀ ਹੈ। ਜੇ ਕਿਤੇ ਉਹ ਪ੍ਰਮਾਤਮਾ ਦੇ ਨਾਮ ਵਾਲੇ ਪਾਸੇ ਲੱਗ ਜਾਏ, ਉਸ ਐਨਰਜੀ ਨੂੰ ਕੇਵਲ ਬਦਲਣਾ ਹੈ। ਹਰੇਕ ਬੰਦੇ ਦੇ ਅੰਦਰ ਤੜਪ ਹੈ। ਮਾਂ ਅੰਦਰ ਆਪਣੇ ਪੁੱਤਰ ਦੇ ਮੋਹ ਦੀ ਤੜਪ ਹੈ। ਲੋਭੀ ਅੰਦਰ ਧਨ ਦੀ ਤੜਪ ਹੈ। ਕਾਮੀ ਦੇ ਅੰਦਰ ਵਾਸ਼ਨਾ ਦੀ ਤੜਪ ਹੈ। ਇਕ ਵੈਰ ਕਮਾਉਣ ਵਾਲੇ ਦੇ ਅੰਦਰ ਕ੍ਰੋਧ ਦੀ ਤੜਪ ਹੈ। ਇਕ ਹਉਮੈ ਵਿਚ ਗ੍ਰਸੇ ਹੋਏ ਦੇ ਅੰਦਰ ਹੰਗਤਾ ਦੀ ਤੜਪ ਹੈ ਪਰ ਪ੍ਰਮਾਤਮਾ ਨੂੰ ਮਿਲਣ ਵਾਲੇ ਅੰਦਰ ਸੰਸਾਰ ਦੀ ਬਾਕੀ ਕੋਈ ਲੋਚਾ ਨਹੀਂ, ਸਿਰਫ਼ ਇਕੋ ਤੜਪ ਹੈ-

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*

ਉਹ ਤਾਂਘ ਜਦੋਂ ਪ੍ਰਬਲ ਹੁੰਦੀ ਹੈ, ਉਹ ਤਾਂਘ ਜਦੋਂ ਅੰਦਰੋਂ ਹੋਰ ਉਤੇਜਨਾ ਪੈਦਾ ਕਰਦੀ ਹੈ ਤਾਂ ਫਿਰ ਜਗਿਆਸੂ ਤਰਲੇ ਕਰਦਾ ਹੈ। ਮੇਰੇ ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਇਹ ਬਖ਼ਸ਼ੀਸ਼ ਭਰਿਆ ਬਚਨ ਸਾਡੀ ਝੋਲੀ ਵਿਚ ਪਾਇਆ ਹੈ।

ਆਪ ਕਈ ਵਾਰੀ ਦੇਖਦੇ ਹੋ ਗਲੀਆਂ ਵਿਚ ਮੰਗਣ ਵਾਲੇ ਸੱਜਣ ਆਉਂਦੇ ਹਨ। ਇਕ ਭਿਖਾਰੀ ਉਹ ਹੁੰਦੇ ਹਨ ਜਿਹੜੇ ਦਰਵਾਜ਼ੇ ਸਾਹਮਣੇ ਖਲੋ ਕੇ ਜਾਂ ਤਾਂ ਦਰਵਾਜ਼ਾ ਖੜਕਾਉਂਦੇ ਹਨ ਜਾਂ ਉੱਚੀ ਸਾਰੀ ਹੋਕਾ ਦਿੰਦੇ ਹਨ। ਜਿਹੜੇ ਦਰਵਾਜ਼ੇ ਖੜਕਾਉਂਦੇ ਹਨ, ਕਈ ਵਾਰੀ ਦਰਵਾਜ਼ਾ ਖੋਲ੍ਹ ਕੇ ਉਹਨਾਂ ਦੀ ਬੇਦਨਾ ਨੂੰ ਸੁਣ ਕੇ ਝੋਲੀ ਵਿਚ ਖ਼ੈਰ ਪਾਈ ਜਾਂਦੀ ਹੈ, ਪਰ ਤੁਸੀਂ ਦੇਖਿਆ ਹੋਣਾ ਹੈ ਕਿ ਕਈ ਅਜਿਹੇ ਫ਼ਕੀਰ ਆਉਂਦੇ ਹਨ ਮਹੱਲਿਆਂ ਵਿਚ, ਸ਼ਹਿਰਾਂ

ਵਿਚ, ਪਿੰਡਾਂ ਵਿਚ, ਅੱਜ ਸ਼ਾਇਦ ਟਾਵੇਂ ਟਾਵੇਂ ਦਿੱਸਦੇ ਹੁੰਦੇ ਹਨ ਤੇ ਉਹਨਾਂ ਨੇ ਗਲੀਆਂ ਵਿਚ ਉੱਚੀ ਉੱਚੀ ਹੋਕਾ ਦੇ ਕੇ ਗਾਈ ਜਾਣਾ ਹੈ ਤੇ ਉਹਨਾਂ ਦੇ ਗਾਉਣ ਵਿਚ ਜਿਹੜੇ ਸ਼ਬਦ ਵਰਤੇ ਜਾਂਦੇ ਸਨ, ਉਹ ਦਰਦ ਭਰੇ ਸਨ। ਪੰਜਾਬੀ ਵਿਚ ਅਸੀਂ ਪੜ੍ਹਦੇ ਵੀ ਤੇ ਸੁਣਦੇ ਵੀ ਆਏ ਹਾਂ ਕਿ ਪ੍ਰਮਾਤਮਾ ਨੂੰ ਮਿਲਣ ਦੇ ਸ਼ਬਦ ਹੋਣੇ, ਨਾਮ ਜੱਪਣ ਦੀ ਗੱਲ ਕੀਤੀ ਜਾਣੀ, ਗੁਰੂ ਨੂੰ ਮਿਲਣ ਦੀ ਗੱਲ ਕੀਤੀ ਜਾਣੀ, ਉਹ ਪਹਿਲਾਂ ਗਲੀ ਵਿਚ ਉੱਚੀ ਸਾਰੀ ਗਾ ਗਾ ਕੇ ਲੋਕਾਂ ਨੂੰ ਜਗਾਉਂਦੇ ਸਨ ਕਿ ਨਾਮ ਜੱਪਣ ਦਾ ਵੇਲਾ ਹੈ ਤੂੰ ਉੱਠ। ਦੇਖ ਤੇਰੇ ਭਾਗ ਚੰਗੇ ਹਨ, ਪ੍ਰਮਾਤਮਾ ਨੂੰ ਜੱਪ। ਜਦੋਂ ਸੂਰਜ ਦੀ ਲਾਲੀ ਆਉਣੀ ਤੇ ਫਿਰ ਉਹਨਾਂ ਨੇ ਘਰਾਂ ਦੇ ਅੱਗੋਂ ਲੰਘਣਾ। ਉਹ ਕਿਸੇ ਘਰ ਦੇ ਅੱਗੇ ਖਲੋ ਕੇ ਜ਼ਿੱਦ ਨਹੀਂ ਸਨ ਕਰਦੇ, ਬਸ ਗਲੀ ਵਿਚ ਗਾਉਂਦੇ ਜਾਂਦੇ ਸਨ ਤੇ ਦਰਦ ਤੇ ਪਿਆਰ ਵਾਲੇ ਲੋਕ ਆਪਣੇ ਵੱਲੋਂ ਉਹਨਾਂ ਦੀ ਸੇਵਾ ਕਰੀ ਜਾਂਦੇ ਸਨ। ਮੇਰੇ ਗੁਰੂ ਨਾਨਕ ਪਾਤਿਸਾਹ ਜੀ ਦੇ ਅੰਦਰ ਦੀ ਤੜਪ, ਪਿਆਰੇ ਨੂੰ ਮਿਲਣ ਦੀ ਲੋਚਾ, ਹੇ ਪ੍ਰਭੂ ! ਮੈਂ ਤੇਰੇ ਅਦਬ ਨੂੰ ਇਕ ਭੰਗ ਦੀ ਤਰ੍ਹਾਂ ਬਣਾਇਆ ਹੈ। ਜਿਵੇਂ ਭੰਗ ਦਾ ਨਸ਼ਾ ਕੋਈ ਪੀ ਲਵੇ। ਜਦੋਂ ਕੋਈ ਬੰਦਾ ਭੰਗ ਛੱਕਦਾ ਹੈ ਤਾਂ ਕਈ ਵਾਰੀ ਜਿਹੜਾ ਸ਼ਬਦ ਉਸਦੀ ਜ਼ਬਾਨ 'ਤੇ ਆ ਜਾਏ ਉਸਨੂੰ ਰਪੀਟ ਕਰਦਾ ਹੈ। ਜੇ ਹੱਸਦਾ ਹੈ ਤਾਂ ਉਹ ਹੱਸੀ ਜਾਏਗਾ। ਜੇ ਰੋਂਦਾ ਹੈ ਤਾਂ ਉਹ ਰੋਈ ਜਾਏਗਾ। ਜਿਸ ਪਾਸੇ ਦੀ ਸੁਰਤੀ ਭੰਗ ਛੱਕਣ ਤੋਂ ਬਾਅਦ ਲੱਗ ਜਾਏ ਉਹੀ ਕਰੀ ਜਾਂਦਾ ਹੈ। ਕਹਿੰਦੇ ਹਨ ਕਿ ਹੇ ਪ੍ਰਮਾਤਮਾ ! ਤੇਰਾ ਅਦਬ, ਤੇਰਾ ਭੈ ਮੇਰੇ ਲਈ ਭੰਗ ਬਣ ਗਿਆ ਹੈ ਤੇ ਮੇਰੇ ਅੰਦਰ ਸਿਰਫ਼ ਇਕੋ ਲੋਚਾ ਹੈ ਤੇਰੇ ਦੀਦਾਰ ਦੀ ਤੇ ਤੇਰੇ ਦਰਸ਼ਨਾਂ ਦੇ ਹੋਕੇ ਦੇਣ ਲਈ ਮੈਂ ਗਲੀ ਵਿਚ ਬਾਹਰ ਆ ਗਿਆ ਹਾਂ। ਮੈਨੂੰ ਆਪਣੇ ਦਰ 'ਤੇ ਆਏ ਹੋਏ ਮੰਗਤੇ ਦੀ ਝੋਲੀ ਵਿਚ ਦਰਸ਼ਨਾਂ ਦੀ ਖ਼ੈਰ ਪਾ ਦਿਉ। ਜਦੋਂ ਕਿਸੇ ਅੰਦਰ ਤਾਂਘ ਪੈਦਾ ਹੁੰਦੀ ਹੈ ਤਾਂ ਉਸਦੇ ਸਰੀਰ ਦੀ ਅਵਸਥਾ ਵੀ ਬਦਲਦੀ ਹੈ। ਕੇਵਲ ਉਹ ਜ਼ਬਾਨੀ ਕਲਾਮੀ ਨਹੀਂ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥*

ਹੇ ਵਾਹਿਗੁਰੂ ਜੀ ! ਜੇ ਸੁੱਖ ਦੇਵੋਗੇ ਤਾਂ ਵੀ ਤੁਹਾਡੀ ਅਰਾਧਨਾ ਕਰਾਂਗਾ ਅਤੇ ਜੇ ਮੰਨ ਲਉ ਮੇਰੀ ਜ਼ਿੰਦਗੀ ਵਿਚ ਕੋਈ ਸਰੀਰਕ ਦੁੱਖ ਆ ਜਾਂਦਾ ਹੈ ਤਾਂ ਮੈਂ ਦੁੱਖ ਵਿਚ ਵੀ ਆਪ ਜੀ ਦੀ ਅਰਾਧਨਾ ਕਰਾਂਗਾ। ਸੁੱਖ ਤੇ ਦੁੱਖ ਮੇਰੇ ਅੰਦਰ ਦੀ ਮੰਜ਼ਿਲ ਨਹੀਂ, ਮੇਰੇ ਅੰਦਰ ਦੀ ਮੰਜ਼ਿਲ ਹੈ ਤੁਹਾਡਾ ਦੀਦਾਰ ਤੇ ਆਪ ਜੀ ਦਾ ਮਿਲਾਪ। ਸੁੱਖ ਵਿਚ ਵੀ ਅਰਾਧਨਾ ਤੇ ਦੁੱਖ ਵਿਚ ਵੀ ਆਪ ਜੀ ਦਾ ਚਿੰਤਨ ਹੋਵੇਗਾ।

*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ ੩॥*

ਜੇ ਮੈਨੂੰ ਤੁਸੀਂ ਭੁੱਖ ਦੇ ਦਿਉ। ਭੁੱਖ ਦਾ ਅਰਥ ਕਰਾਂਗੇ ਕਿ ਸੁੱਕੀ ਮਿੱਸੀ ਰੋਟੀ ਮਿਲ ਜਾਏ, ਥੋੜਾ ਖਾਣ ਨੂੰ ਮਿਲੇ, ਸੱਚੇ ਪਾਤਿਸ਼ਾਹ ! ਮੈਂ ਭੁੱਖ ਨੂੰ ਖ਼ੁਰਾਕ ਬਣਾ ਕੇ ਅੰਦਰ ਦਾ ਸੰਤੋਖ ਕਰ ਲਵਾਂਗਾ। ਜੇ ਦੁੱਖ ਆ ਜਾਵੇ ਤਾਂ ਉਸਦੇ ਵਿਚ ਹੀ ਮੈਂ ਅੰਦਰ ਦਾ ਸੁੱਖ ਮਾਣਾਂਗਾ।



*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥*

ਆਪ ਜੀ ਦੇ ਦਰਸ਼ਨਾਂ ਲਈ ਜੇ ਤਨ ਦੇ ਟੁੱਕੜੇ ਕਰਾਉਣੇ ਪੈਣ, ਮੈਂ ਤਨ ਵੀ ਕੱਟ ਕੇ ਅੱਗ ਵਿਚ ਸੁੱਟ ਦੇਵਾਂਗਾ। ਮਨ ਨੂੰ ਵੀ ਇਵੇਂ ਕਰਨਾ ਪਵੇ ਤਾਂ ਮੈਂ ਇਸਨੂੰ ਵੀ ਕੱਟ ਦੇਵਾਂਗਾ ਤੇ ਬਲਦੀ ਹੋਈ ਅੱਗ ਵਿਚ ਆਪਣੇ ਆਪ ਨੂੰ ਕੁਰਬਾਨ ਕਰ ਦੇਵਾਂਗਾ, ਇਸ ਦੇ ਬਦਲੇ ਕੇਵਲ ਆਪ ਜੀ ਦੇ ਦੀਦਾਰ ਹੋ ਜਾਣ।

*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ੫॥*

ਆਪ ਜੀ ਦੇ ਦਰਸ਼ਨਾਂ ਲਈ ਜੇ ਸੇਵਾ ਕਰਨੀ ਪਵੇ ਤਾਂ ਮੈਂ ਸੰਗਤ ਵਿਚ ਸਾਰਾ ਸਾਰਾ ਦਿਨ ਪੱਖਾ ਝੱਲਾਂਗਾ। ਗਰਮੀ ਦੇ ਦਿਨਾਂ ਵਿਚ ਪੱਖਾ ਝੱਲਾਂਗਾ। ਜੇ ਪਾਣੀ ਦੀ ਲੋੜ ਪਵੇ, ਤਾਂ ਆਪਣੇ ਦੀਦਾਰ ਬਖ਼ਸ਼ ਦੇਣਾ। ਮੈਂ ਆਪਣੇ ਮੋਢੇ 'ਤੇ ਭਾਂਡੇ ਰੱਖ ਕੇ ਆਪ ਜੀ ਦੀ ਸੰਗਤ ਲਈ ਪਾਣੀ ਦੀ ਸੇਵਾ ਕਰਾਂਗਾ।

*ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥*

ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਮੇਹਰ ਕਰਦੇ ਹਨ ਕਿ ਮੈਂ ਗ਼ਰੀਬ ਆਪ ਜੀ ਦੇ ਦਰਵਾਜ਼ੇ 'ਤੇ ਢਹਿ ਪਿਆ ਹਾਂ ਤੇ ਡਿੱਗੇ ਹੋਏ ਨੂੰ ਆਪਣੇ ਨਾਲ ਮਿਲਾ ਲਵੋ। ਇਕ ਕ੍ਰਿਪਾ ਕਰੋ, ਇਹ ਬਖ਼ਸ਼ੀਸ਼ ਦੇ ਦਿਉ ਕਿ ਡਿੱਗੇ ਹੋਏ ਨੂੰ ਤੁਹਾਡੇ ਘਰ ਵਿਚ ਥਾਂ ਮਿਲ ਜਾਵੇ।

*ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ॥ ੭॥*

ਸਤਿਗੁਰੂ ਜੀ ! ਆਪ ਜੀ ਮਿਲੋ ਤੇ ਮੈਂ ਆਪਣੀਆਂ ਅੱਖਾਂ ਕੱਢ ਕੇ ਆਪ ਜੀ ਦੇ ਪਵਿੱਤਰ ਚਰਨਾਂ ਦੀਆਂ ਤਲੀਆਂ ਵਿਚ ਰੱਖ ਦੇਵਾਂ। ਫਿਰ ਸਾਰੀ ਧਰਤੀ ਦਾ ਜੇ ਭਰਮਨ ਕਰਨਾ ਪਵੇ ਤਾਂ ਮੈਂ ਧਰਤੀ ਦਾ ਭਰਮਨ ਵੀ ਕਰਾਂ ਆਪ ਜੀ ਨੂੰ ਖੋਜਣ ਲਈ।

*ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਇ॥ ੮॥*

ਜੇ ਆਪ ਜੀ ਪਿਆਰ ਨਾਲ ਮੈਨੂੰ ਆਪਣੇ ਕੋਲ ਬਿਠਾ ਲਉਗੇ ਤਾਂ ਵੀ ਆਪ ਜੀ ਨੂੰ ਯਾਦ ਕਰਾਂਗਾ। ਜੇ ਮੈਨੂੰ ਆਏ ਹੋਏ ਨੂੰ ਤੁਸੀਂ ਧੱਕੇ ਮਾਰ ਦਿਉ, ਜੇ ਮੈਨੂੰ ਆਪਣੇ ਘਰ ਤੋਂ ਬਾਹਰ ਕੱਢ ਦਿਉ, ਸੱਚੇ ਪਾਤਿਸ਼ਾਹ ! ਆਪ ਜੀ ਪਿਆਰ ਨਾਲ ਥਾਪੜਾ ਦਿਉਗੇ ਤਾਂ ਵੀ ਪਵਿੱਤਰ ਹੱਥ ਮੇਰੇ ਸਰੀਰ ਨੂੰ ਸਪਰਸ਼ ਕਰਨਗੇ ਤੇ ਜੇ ਧੱਕਾ ਮਾਰੋਗੇ ਤਾਂ ਵੀ ਹੱਥ ਸਪਰਸ਼ ਕਰਨਗੇ, ਮੈਨੂੰ ਤਾਂ ਦੋਨਾਂ ਪਾਸਿਆਂ ਤੋਂ ਬਖ਼ਸ਼ਿਸ਼ ਹੀ ਮਿਲਣੀ ਹੈ।

*ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ॥ ੯॥*

ਜੇਕਰ ਪ੍ਰਮਾਰਥ ਨੂੰ ਕਮਾਉਂਦਿਆਂ ਹੋਇਆਂ ਲੋਕ ਮੇਰੀ ਭਾਵਨਾ ਦੇਖਕੇ ਕਹਿਣਗੇ ਕਿ ਬੜਾ ਚੰਗਾ ਹੈ, ਇਹ ਬੜੀ ਭਗਤੀ ਤੇ ਸੇਵਾ ਕਰਦਾ ਹੈ। ਸੱਚੇ ਪਾਤਿਸ਼ਾਹ ! ਜੇ ਲੋਕ ਮੇਰੀ ਸਿਫ਼ਤ ਕਰਨਗੇ ਤਾਂ ਤੁਹਾਡੇ ਚਰਨਾਂ ਵਿਚ ਖਲੋ ਕੇ ਕਹਾਂਗਾ, ਮੇਰੀਆਂ ਸਿਫ਼ਤਾਂ ਨਹੀਂ, ਇਹ

ਸੱਚੇ ਪਾਤਿਸ਼ਾਹ ! ਤੇਰੀਆਂ ਸਿਫ਼ਤਾਂ ਹਨ। ਜੇ ਸਾਰੀ ਦੁਨੀਆਂ ਇਹ ਕਹਿਣ ਲੱਗ ਪਵੇ ਕਿ ਤੂੰ ਬੜਾ ਮਾੜਾ ਹੈਂ, ਇਸਦਾ ਮਤਲਬ ਇਹ ਨਹੀਂ ਕਿ ਮੈਂ ਨਿੰਦਿਆ ਸੁਣ ਕੇ ਆਪ ਜੀ ਦਾ ਦਰਵਾਜ਼ਾ ਛੱਡ ਦੇਵਾਂਗਾ। ਜੇ ਸਿਫ਼ਤ ਹੋਵੇਗੀ ਤਾਂ ਉਪਮਾ ਤੁਹਾਡੀ, ਨਿੰਦਿਆ ਹੋਵੇਗੀ ਤਾਂ ਮੇਰੀ, ਪਰ ਮੈਂ ਆਪ ਜੀ ਦੇ ਦੁਆਰੇ ਨੂੰ ਨਹੀਂ ਛੱਡਾਂਗਾ।

*ਜੇ ਤੁਧੁ ਵਲਿ ਰਹੈ ਤ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ॥ ੧੦ ॥*

ਆਪ ਜੀ ਵੱਲ ਮੇਰੇ ਅੰਦਰ ਦੀ ਪ੍ਰੀਤ ਬਣੀ ਰਹੇ, ਅੰਦਰ ਦੀ ਤਾਂਘ ਬਣੀ ਰਹੇ ਤਾਂ ਦੁਨੀਆਂ ਜੋ ਮਰਜ਼ੀ ਕਹੀ ਜਾਏ ਫਿਰ ਪ੍ਰਵਾਹ ਨਹੀਂ। ਅਸਲ ਵਿਚ ਦੁੱਖ ਮੈਨੂੰ ਉਦੋਂ ਹੈ ਜਦੋਂ ਤੁਸੀਂ ਭੁੱਲ ਜਾਉਗੇ।

*ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ॥ ੧੧ ॥*

ਵਾਰ ਵਾਰ ਮੈਂ ਆਪਣੇ ਗੁਰੂ ਜੀ ਤੋਂ ਕੁਰਬਾਨ ਜਾਵਾਂਗਾ, ਬਲਿਹਾਰ ਜਾਵਾਂਗਾ ਤੇ ਸ਼ਬਦ ਗੁਰੂ ਜੀ ਦੇ ਚਰਨਾਂ ਵਿਚ ਟਿੱਕ ਕੇ ਆਪਣੇ ਗੁਰੂ ਨੂੰ ਮਨਾ ਲਵਾਂਗਾ।

*ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥ ੧੨ ॥*

ਧੰਨ ਗੁਰੂ ਰਾਮਦਾਸ ਮੇਹਰ ਕਰਦੇ ਹਨ ਕਿ ਤੇਰੇ ਦਰਸ਼ਨਾਂ ਦੀ ਖ਼ਾਤਰ ਮੈਂ ਦੀਵਾਨਾ ਹੋ ਗਿਆ ਹਾਂ ਤੇ ਜਿਹੜੇ ਸ਼ਬਦ ਮੈਂ ਆਪ ਜੀ ਦੇ ਸਮਖਸ਼ ਕਹਿ ਰਿਹਾ ਹਾਂ, ਇਹ ਮੇਰੇ ਅੰਦਰ ਦੇ ਭਾਵ ਹਨ।

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥ ੧੩ ॥*

ਇਸ ਰਸਤੇ ਵਿਚ ਕਿਹੜੀਆਂ-ਕਿਹੜੀਆਂ ਰੁਕਾਵਟਾਂ ਹਨ? ਇਕ ਤਾਂ ਰੁਕਾਵਟ ਹੈ ਉਸਤਤ ਦੀ। ਜਦੋਂ ਬੰਦੇ ਦੀ ਬਹੁਤ ਉਸਤਤ ਹੋਣ ਲੱਗ ਪਵੇ, ਉਦੋਂ ਡੁੱਬਣ ਵਾਲੇ ਦਿਨ ਨੇੜੇ ਲੱਗਣ ਲੱਗ ਪੈਂਦੇ ਹਨ। ਦੂਜਾ ਜਦੋਂ ਬੰਦੇ ਦੀ ਨਿੰਦਿਆ ਬਹੁਤ ਹੋਣ ਲੱਗ ਪਵੇ ਤੇ ਅੰਦਰ ਸਹਾਰ ਨਾ ਸਕੇ ਤਾਂ ਉਦੋਂ ਵੀ ਡਿੱਗਣ ਦਾ ਚਾਂਸ ਬਣ ਸਕਦਾ ਹੈ। ਉਸ ਤੋਂ ਅੱਗੇ ਮੌਸਮ ਤੇ ਰੁੱਤਾਂ ਵੀ ਸਾਡੇ ਰਸਤੇ ਵਿਚ ਰੁਕਾਵਟ ਬਣਦੀਆਂ ਹਨ। ਗੁਰੂ ਜੀ ਕਹਿੰਦੇ ਹਨ ਕਿ ਜੇ ਅੱਜ ਸਵੇਰੇ ਅੱਤ ਦਾ ਝੱਖੜ ਵੱਗੇ, ਅੱਤ ਦੀ ਹਨੇਰੀ ਵੱਗੇ ਤੇ ਅੱਤ ਦਾ ਮੀਂਹ ਪੈਂਦਾ ਹੋਵੇ ਤਾਂ ਗੁਰੂ ਦਾ ਸਿੱਖ ਇਹਨਾਂ ਸਾਰੀਆਂ ਮੁਸੀਬਤਾਂ ਨੂੰ ਝਾਗਦਾ ਹੋਇਆ ਗੁਰੂ ਦੇ ਦਰਸ਼ਨਾਂ ਲਈ ਪਹੁੰਚਦਾ ਹੈ।

*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥ ੧੪ ॥*

ਕੇਵਲ ਝੱਖੜ, ਹਨੇਰੀ, ਮੀਂਹ ਨਹੀਂ, ਜੇ ਖਾਰਾ ਸਮੁੰਦਰ ਵੀ ਉੱਚੀਆਂ ਉੱਚੀਆਂ ਲਹਿਰਾਂ ਪੈਦਾ ਕਰਕੇ ਕਹੇ ਕਿ ਮੈਂ ਸਿੱਖ ਨੂੰ ਰੋਕਣਾ ਚਾਹੁੰਦਾ ਹਾਂ ਤਾਂ ਗੁਰੂ ਰਾਮਦਾਸ ਕਹਿੰਦੇ ਹਨ ਕਿ ਜਿਸਦੇ ਅੰਦਰ ਪਿਆਰੇ ਨੂੰ ਮਿਲਣ ਦੀ ਤੜਪ ਹੈ, ਉਹ ਸਾਗਰ ਦੀਆਂ ਲਹਿਰਾਂ ਨੂੰ ਚੀਰ ਕੇ ਵੀ ਆਪਣੇ ਪਿਆਰੇ ਗੁਰੂ ਨੂੰ ਜਾ ਮਿਲਦਾ ਹੈ।



*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥ ੧੫ ॥*

ਜਿਵੇਂ ਇਕ ਇਨਸਾਨ ਨੂੰ ਪਾਣੀ ਨਾ ਮਿਲੇ ਤੇ ਪਾਣੀ ਤੋਂ ਬਿਨਾਂ ਮਨੁੱਖ ਦੀ ਮੌਤ ਹੋ ਜਾਂਦੀ ਹੈ ਤਾਂ ਇਸੇ ਤਰ੍ਹਾਂ ਗੁਰੂ ਦੇ ਸਿੱਖ ਨੂੰ ਗੁਰੂ ਨਾ ਮਿਲੇ ਤਾਂ ਉਸਦਾ ਅੰਦਰ ਮਨ ਮਰ ਜਾਂਦਾ ਹੈ।

*ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥ ੧੬ ॥*

ਜਿਵੇਂ ਸੋਕਾ ਲੱਗਾ ਹੋਵੇ ਤੇ ਮੀਂਹ ਪੈ ਜਾਏ ਤਾਂ ਧਰਤੀ ਦੇ ਉੱਪਰ ਬਨਸਪਤੀ, ਫੁੱਲ ਤੇ ਫਲ ਰੱਸ ਨਾਲ ਭਰੇ ਜਾਂਦੇ ਹਨ, ਇਸੇ ਤਰ੍ਹਾਂ ਜਦੋਂ ਸਿੱਖ ਆਪਣੇ ਗੁਰੂ ਨੂੰ ਮਿਲਦਾ ਹੈ ਤਾਂ ਉਸਦੇ ਹਿਰਦੇ ਨੂੰ ਆਪਣੇ ਆਪ ਹੀ ਖੇੜਾ ਮਿਲ ਜਾਂਦਾ ਹੈ।

*ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥ ੧੭ ॥*

ਹੇ ਪਾਰਬ੍ਰਹਮ ਪ੍ਰਮੇਸ਼ਰ ਜੀ ! ਜਿਹੜੇ ਆਪ ਜੀ ਦੇ ਸੇਵਕ ਹਨ, ਮੈਂ ਉਹਨਾਂ ਸੇਵਕਾਂ ਦਾ ਵੀ ਸੇਵਕ ਬਣ ਜਾਵਾਂ ਤੇ ਉਹਨਾਂ ਸੇਵਕਾਂ ਨੂੰ ਬੇਨਤੀ ਕਰ ਕਰ ਕੇ ਬੁਲਾਵਾਂ ਕਿ ਤੁਸੀਂ ਮੇਰੀ ਅਰਜ਼ੋਈ ਸੁਣੋ। ਮੈਂ ਉਹਨਾਂ ਅੱਗੇ ਬੇਨਤੀ ਕਰਕੇ ਆਪ ਜੀ ਬਾਰੇ ਪੁੱਛਾਂ।

*ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ॥ ੧੮ ॥*

ਧੰਨ ਗੁਰੂ ਰਾਮਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ ! ਮੇਰੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਮਿਲੇ ਤੇ ਗੁਰੂ ਦੇ ਰਾਹੀਂ ਜਿਹੜਾ ਨਾਮ ਦਾ ਸੁੱਖ ਮਿਲਿਆ ਹੈ ਮੈਨੂੰ ਉਸ ਵਿਚੋਂ ਜੀਵਨ ਮਿਲੇਗਾ।

*ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥ ੧੯ ॥*

ਹੇ ਪ੍ਰਭੂ ! ਤੁਸੀਂ ਆਪ ਹੀ ਗੁਰੂ ਹੋ ਤੇ ਆਪ ਹੀ ਚੇਲੇ ਹੋ ਪਰ ਫਿਰ ਮੈਂ ਗੁਰੂ ਦੇ ਰਾਹੀਂ ਆਪ ਜੀ ਦੀ ਬੰਦਗੀ ਕਰਨੀ ਲੋਚਦਾ ਹਾਂ।

*ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ॥ ੨੦ ॥*

ਜੋ ਆਪ ਜੀ ਨੂੰ ਸੇਂਵਦੇ ਹਨ, ਉਹ ਆਪ ਵਰਗੇ ਬਣ ਜਾਂਦੇ ਹਨ।

*ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ॥ ੨੧ ॥*

ਪ੍ਰਭੂ ਜੀ ! ਆਪ ਜੀ ਦੇ ਭਗਤੀ ਦੇ ਭੰਡਾਰੇ ਭਰੇ ਪਏ ਹਨ ਪਰ ਭਗਤੀ ਦਾ ਖ਼ਜ਼ਾਨਾ ਉਹਨਾਂ ਨੂੰ ਮਿਲਦਾ ਹੈ ਜਿਨ੍ਹਾਂ ਉੱਪਰ ਆਪ ਜੀ ਦੀ ਰਹਿਮਤ ਹੋਵੇ।

*ਜਿਸ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ॥ ੨੨ ॥*

ਜਿਸ ਸੇਵਕ ਨੂੰ ਆਪ ਜੀ ਨਾਮ ਦਾ ਖ਼ਜ਼ਾਨਾ ਦੇਣਾ ਚਾਹੋ, ਉਹ ਹੀ ਕੇਵਲ ਪ੍ਰਾਪਤ ਕਰਦਾ ਹੈ, ਬਾਕੀ ਸਾਰੀਆਂ ਚਲਾਕੀਆਂ ਝੂਠੀਆਂ ਹਨ।

*ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥ ੨੩॥*

ਧੰਨ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਮਨ ਕਈ ਜਨਮਾਂ ਦਾ ਸੁੱਤਾ ਪਿਆ ਹੈ ਤੇ ਕਿਵੇਂ ਜਾਗੇ? ਪਿਆਰਿਆ ! ਤੇਰੇ ਨਾਮ ਨੂੰ ਪੁਕਾਰ ਪੁਕਾਰ ਕੇ ਸਿਮਰ ਸਿਮਰ ਕੇ ਤੇਰੇ ਸੁੱਤੇ ਮਨ ਨੂੰ ਜਗਾ ਰਿਹਾ ਹਾਂ।

*ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ॥ ੨੪॥*

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਦਾਸ ਨਾਨਕ ਇਕ ਦਾਨ ਮੰਗਦਾ ਹੈ ਕਿ ਆਪਣੇ ਦਾਸਾਂ ਦਾ ਦਾਸ ਬਣਾ ਦਿਉ।

*ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥ ੨੫॥*

ਗੁਰੂ ਰਾਮਦਾਸ ਜੀ ਕਹਿ ਰਹੇ ਹਨ ਕਿ ਸੱਚੇ ਪਾਤਿਸ਼ਾਹ ! ਜੇ ਆਪ ਜੀ ਝਿੜਕ ਮਾਰੋਗੇ ਤਾਂ ਵੀ ਮੈਨੂੰ ਮਿੱਠੀ ਲੱਗੇਗੀ। ਜੇ ਤੁਸੀਂ ਬਖ਼ਸ਼ ਦਿਉਗੇ ਤਾਂ ਵੀ ਤੁਹਾਡੀ ਵਡਿਆਈ ਹੈ।

*ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥ ੨੬॥*

ਗੁਰਮੁਖ ਜਦੋਂ ਪਿਆਰੇ ਦੇ ਪ੍ਰੇਮ ਵਿਚ ਭਿੱਜ ਕੇ ਬੋਲਦਾ ਹੈ ਤਾਂ ਉਸਦੇ ਬੋਲੇ ਹੋਏ ਸ਼ਬਦ ਪ੍ਰਭੂ ਦੀ ਦਰਗਾਹ ਵਿਚ ਥਾਏ ਪੈ ਜਾਂਦੇ ਹਨ। ਮਨਮੁਖ ਦੇ ਸ਼ਬਦ ਥਾਇ ਨਹੀਂ ਪੈਂਦੇ।

*ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥ ੨੭॥*

ਅੱਤ ਦੀ ਸੀਤ ਪੈਂਦੀ ਹੋਵੇ, ਕੱਕਰ ਪੈਂਦਾ ਹੋਵੇ ਪਰ ਜਿਹੜਾ ਗੁਰੂ ਨੂੰ ਪਿਆਰ ਕਰਨ ਵਾਲਾ ਹੈ ਉਹ ਸਭ ਕੁਝ ਸਹਿ ਕੇ ਵੀ ਆਪਣੇ ਪਿਆਰੇ ਦੇ ਘਰ ਵਿਚ ਪਹੁੰਚ ਜਾਂਦਾ ਹੈ।

*ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥੨੮॥*

ਦਿਨ ਜਾਂ ਰਾਤ ਹੋਵੇ, ਕੋਈ ਸਮਾਂ ਹੋਵੇ, ਸੱਚੇ ਪਾਤਿਸ਼ਾਹ ! ਮੇਰੀਆਂ ਅੱਖਾਂ ਆਪ ਜੀ ਨੂੰ ਦੇਖਦੀਆਂ ਰਹਿਣ। ਕ੍ਰਿਪਾ ਕਰੋ, ਆਪ ਜੀ ਦੇ ਮੁਬਾਰਕ ਚਰਨ ਮੈਂ ਆਪਣੀਆਂ ਅੱਖਾਂ ਵਿਚ ਰਖਾ ਲਵਾਂ।

*ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥ ੨੯॥*
*ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥ ੩੦॥*
*ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥ ੩੧॥*
*ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥ ੩੨॥ ੧॥*

ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਬਖ਼ਸ਼ ਦੇਣੀਆਂ।
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆



# ਹਮ ਪਾਪੀ ਤੁਮ ਪਾਪ ਖੰਡਨ

ਸੋਰਠਿ ਮਹਲਾ ੫॥

*ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ॥*
*ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥ ੧॥*
*ਮਾਧੋ ਹਮ ਐਸੇ ਤੂ ਐਸਾ॥*
*ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ॥ ਰਹਾਉ॥*
*ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ॥*
*ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ॥ ੨॥*
*ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥*
*ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ॥ ੩॥*
*ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ॥*
*ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ॥ ੪॥ ੬॥ ੧੭॥*

(ਅੰਗ ੬੧੩)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਚਵਰ ਛੱਤਰ ਤਖ਼ਤ ਦੇ ਮਾਲਕ ਧੰਨ ਧੰਨ ਸਤਿਗੁਰੂ ਸ੍ਰੀ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਸ਼ਰਨ ਵਿਚ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅਕਾਲ ਪੁਰਖ ਨੇ ਇਸ ਸ੍ਰਿਸ਼ਟਮਾਨ ਸੰਸਾਰ ਵਿਚ ਜੀਉਣ ਲਈ ਸਾਡੀ ਜ਼ਿੰਦਗੀ ਦਾ ਇਕ ਦਿਨ ਸਾਨੂੰ ਹੋਰ ਪ੍ਰਦਾਨ ਕੀਤਾ ਹੈ। ਅੱਜ ਦਾ ਇਹ ਪਾਵਨ ਪਵਿੱਤਰ ਸ਼ਬਦ ਰਾਗ ਸੋਰਠਿ ਦੇ ਅੰਦਰ ਦਰਜ ਹੈ। ਇਸ ਪਾਵਨ ਪਵਿੱਤਰ ਸ਼ਬਦ ਦੇ ਅੰਦਰ ਸਤਿਗੁਰੂ ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਸਾਨੂੰ ਉਸ ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿਚ ਅੰਤਰ-ਆਤਮੇ ਤੋਂ ਭਿੱਜ ਕੇ ਅਰਦਾਸ ਕਰਨ ਦੀ ਅੱਜ ਇਕ ਜੁਗਤੀ ਦੱਸੀ ਹੈ। ਆਪ ਸਾਰੇ ਸ਼ਬਦ ਨੂੰ ਜਦੋਂ ਵਿਚਾਰੋਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਸ਼ਬਦ ਦੇ ਇਕ ਪਾਸੇ ਅਕਾਲ ਪੁਰਖ ਦੇ ਗੁਣਾਂ ਦੀ ਗੱਲ ਕਰ ਰਹੇ ਹਨ ਤੇ ਦੂਜੇ ਪਾਸੇ ਜੀਵ ਦੇ ਔਗੁਣਾਂ ਦੀ ਗੱਲ ਕਰ ਰਹੇ ਹਨ। ਭਾਵੇਂ ਹਜ਼ੂਰ ਨੇ ਇਹ ਸ਼ਬਦ ਆਪਣੇ ਉੱਪਰ

ਢੁੱਕਾ ਕੇ ਉਚਾਰਨ ਕੀਤਾ ਹੈ। ਦਰਅਸਲ ਸਤਿਗੁਰੂ ਸਾਨੂੰ ਉਪਦੇਸ਼ ਦੇਣ ਲਈ ਕਹਿ ਰਹੇ ਹਨ ਕਿ ਤੂੰ ਪ੍ਰਮਾਤਮਾ ਦੇ ਸਾਹਮਣੇ ਖਲੋ ਕੇ ਇਸ ਗੱਲ ਨੂੰ ਸਵੀਕਾਰ ਕਰ ਕਿ ਮੇਰੇ ਵਰਗਾ ਇਸ ਜ਼ਿੰਦਗੀ ਵਿਚ ਕੋਈ ਪਾਪੀ ਨਹੀਂ। ਅਸੀਂ ਪਾਪਾਂ ਨਾਲ ਭਰੇ ਹਾਂ ਤੇ ਆਪ ਜੀ ਦਾ ਬਿਰਦ ਹੈ ਕਿ ਪਾਪੀਆਂ ਦੇ ਪਾਪ ਖੰਡਨ ਕਰ ਦੇਵੇ। ਅਸੀਂ ਮੈਲ ਨਾਲ ਭਰੇ ਹਾਂ। ਆਪ ਜੀ ਦਾ ਸੁਭਾਅ ਹੈ ਕਿ ਮੈਲੇ ਅੰਦਰ ਨੂੰ ਵੀ ਧੋ ਦਿੰਦੇ ਹਨ। ਅਸੀਂ ਔਗੁਣਾਂ ਨਾਲ ਭਰੇ ਪਏ ਹਾਂ ਤੇ ਆਪ ਜੀ ਦਾ ਮੁੱਢ ਕਦੀਮੀ ਸੁਭਾਅ ਹੈ ਕਿ ਔਗੁਣਾਂ ਵਾਲਿਆਂ ਉੱਤੇ ਵੀ ਪਰਦੇ ਪਾ ਦਿੰਦੇ ਹੋ। ਅਸੀਂ ਨਾ-ਸਮਝ ਹਾਂ, ਆਪ ਜੀ ਸਾਡਾ ਭਲਾ ਕਰ ਦਿਉ ਪਰ ਅਸੀਂ ਆਪ ਜੀ ਦੇ ਰਾਹੀਂ ਕੀਤੇ ਹੋਏ ਭਲੇ ਨੂੰ ਵੀ ਨਹੀਂ ਸਮਝ ਸਕਦੇ। ਇਕ ਕ੍ਰਿਪਾ ਕਰੋ ਜਿਵੇਂ ਇਕ ਮਾਂ-ਬਾਪ ਆਪਣੇ ਬੱਚੇ ਦੇ ਔਗੁਣ ਨਹੀਂ ਚਿਤਾਰਦੇ, ਉਸ ਦੀਆਂ ਭੁੱਲਾਂ ਨੂੰ ਨਹੀਂ ਸੋਚਦੇ ਤੇ ਆਪਣੇ ਗਲੇ ਨਾਲ ਲਾ ਲੈਂਦੇ ਹਨ, ਤੁਸੀਂ ਕ੍ਰਿਪਾ ਕਰੋ, ਸਾਨੂੰ ਆਪਣੇ ਬੱਚੇ ਜਾਣ ਕੇ ਭੁੱਲਿਆਂ ਨੂੰ ਆਪਣੇ ਗਲੇ ਨਾਲ ਲਾ ਲਉ। ਇਹ ਹੈ ਅੱਜ ਦੇ ਪਵਿੱਤਰ ਸ਼ਬਦ ਦਾ ਸੰਖੇਪ ਜਿਹਾ ਭਾਵ।

ਸੋਰਠਿ ਮਹਲਾ ੫ ॥

*ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ॥*

ਸੋਰਠਿ ਰਾਗ ਦੇ ਅੰਦਰ ਧੰਨ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤਾ ਹੈ। ਇਸ ਅੰਮ੍ਰਿਤ ਸ਼ਬਦ ਦੀਆਂ ਆਰੰਭਕ ਤੁੱਕਾਂ ਵਿਚ ਅਕਾਲ ਪੁਰਖ ਦੇ ਚਰਨਾਂ ਵਿਚ ਇਹ ਬੇਨਤੀ ਕੀਤੀ ਹੈ ਕਿ ਵਾਹਿਗੁਰੂ ਜੀ ! ਅਸੀਂ ਮੈਲ ਨਾਲ ਭਰੇ ਹੋਏ ਹਾਂ ਤੇ ਆਪ ਜੀ ਮੈਲਿਆਂ ਨੂੰ ਧੋਣ ਵਾਲੇ ਹੋ। ਅਸੀਂ ਔਗੁਣਾਂ ਨਾਲ ਭਰੇ ਹਾਂ ਅਤੇ ਕੋਈ ਵੀ ਗੁਣ ਸਾਡੇ ਕੋਲ ਨਹੀਂ, ਪਰ ਮੇਰੇ ਮਾਲਕ ਜੀ ! ਤੁਸੀਂ ਗੁਣ ਨਿਧਾਨ ਹੋ। ਜਿਸਦੇ ਕੋਲ ਕੋਈ ਵੀ ਗੁਣ ਨਹੀਂ, ਆਪ ਜੀ ਨਿਰਗੁਣਾਂ ਨੂੰ ਵੀ ਕ੍ਰਿਪਾ ਕਰਕੇ ਗੁਣ ਬਖ਼ਸ਼ਦੇ ਹੋ। ਜਦੋਂ ਕਿਸੇ ਦਾ ਅੰਦਰ ਪਵਿੱਤਰ ਹੁੰਦਾ ਹੈ ਤਾਂ ਇਹ ਪਵਿੱਤਰ ਹਿਰਦੇ ਦੀ ਨਿਸ਼ਾਨੀ ਹੈ ਕਿ ਜੇ ਅਸੀਂ ਕਹੀਏ ਕਿ ਗੁਰੂ ਸਾਹਿਬ ਜੀ, ਅਸੀਂ ਮੈਲੇ ਹਾਂ ਤੇ ਆਪ ਜੀ ਕ੍ਰਿਪਾ ਕਰਕੇ ਪਵਿੱਤਰ ਕਰ ਦਿਉ।

ਗੁਰੂ ਜੀ ਦੇ ਸਿੱਖੋ ! ਕਦੀ ਵੀ ਮੈਲੇ ਹਿਰਦੇ ਵਾਲਾ ਛੇਤੀ ਕਿਤੇ ਸਵੀਕਾਰ ਨਹੀਂ ਕਰਦਾ ਕਿ ਮੇਰਾ ਅੰਦਰ ਮੈਲਾ ਹੈ। ਇਹ ਵੀ ਉਹ ਸਵੀਕਾਰ ਕਰੇਗਾ ਜਿਸਦੇ ਅੰਦਰ ਪ੍ਰਮਾਤਮਾ ਨਿਰਮਲਤਾਈ ਦੀ ਜਾਗ ਲਗਾ ਦੇਵੇ ਤੇ ਖ਼ੁਦ ਮੰਨ ਲਵੇ ਕਿ ਮੇਰੇ ਵਰਗਾ ਕੋਈ ਮੈਲਾ ਹੀ ਨਹੀਂ। ਅਸਲ ਵਿਚ ਇਹ ਇਕ ਗੁਣ ਹੈ ਕਿ ਆਪਣੇ ਔਗੁਣਾਂ ਨੂੰ ਸਵੀਕਾਰ ਕਰ ਲੈਣਾ, ਆਪਣੀਆਂ ਭੁੱਲਾਂ ਨੂੰ ਸਵੀਕਾਰ ਕਰ ਲੈਣਾ ਤੇ ਜਿਉਂ ਜਿਉਂ ਪ੍ਰਮੇਸ਼ਰ ਦੇ ਪਿਆਰੇ ਉਸ ਪ੍ਰਭੂ ਦੇ ਨਾਮ ਵਿਚ ਜੁੜਕੇ ਨਿਰਮਲ ਹੁੰਦੇ ਹਨ, ਤਿਉਂ ਤਿਉਂ ਆਪਣੇ ਅੰਤਰ ਆਤਮੇ ਖ਼ੁਦ ਇਹ ਸਵੀਕਾਰ ਕਰਨ ਲੱਗ ਲੈਂਦੇ ਹਨ ਕਿ ਹੇ ਪ੍ਰਮਾਤਮਾ ! ਤੁਸੀਂ ਸਾਡੇ ਅੰਦਰ ਨੂੰ ਧੋਣ ਵਾਲੇ ਹੋ। ਮੇਰੇ ਇੰਨੇ ਔਗੁਣ ਹਨ ਕਿ ਇਹਨਾਂ ਔਗੁਣਾਂ ਦੀ ਕੋਈ ਗਿਣਤੀ ਹੀ ਨਹੀਂ। ਅਸਲ ਵਿਚ ਇਹ ਸ਼ਬਦ ਸਾਡੇ ਅੰਦਰ ਦੀ ਕਿਤੇ ਅਰਦਾਸ ਬਣ ਜਾਣ।



ਅਰਦਾਸ ਸ਼ਬਦ ਅਸੀਂ ਆਪਣੀ ਜ਼ਿੰਦਗੀ ਵਿਚ ਬਹੁਤ ਵਾਰੀ ਵਰਤਦੇ ਹਾਂ ਤੇ ਅਸੀਂ ਆਪਣੀ ਜ਼ਿੰਦਗੀ ਦੇ ਅਨੇਕਾਂ ਪੜਾਵਾਂ 'ਤੇ ਜਦੋਂ ਸਾਨੂੰ ਲੋੜ ਮਹਿਸੂਸ ਹੁੰਦੀ ਹੈ ਤਾਂ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ। ਜੇ ਸਾਨੂੰ ਧਨ ਦੀ ਲੋੜ ਪਵੇ ਤਾਂ ਅਸੀਂ ਧਨ ਲਈ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ। ਇਸਦਾ ਮਤਲਬ ਹੈ ਕਿ ਸਾਡੇ ਅੰਦਰ ਨੂੰ ਯਕੀਨ ਹੈ ਕਿ ਜੇ ਧਨ ਲਈ ਅਰਦਾਸ ਕੀਤੀ ਜਾਵੇ ਤਾਂ ਪ੍ਰਮਾਤਮਾ ਗ਼ਰੀਬਾਂ ਨੂੰ ਧਨ ਬਖ਼ਸ਼ਦਾ ਹੈ। ਸਰੀਰ ਨੂੰ ਰੋਗ ਲੱਗ ਜਾਏ, ਅਸੀਂ ਅਰਦਾਸ ਕਰਨ ਜਾਂਦੇ ਹਾਂ ਤੇ ਇਸਦਾ ਯਕੀਨ ਬਣਦਾ ਹੈ ਕਿ ਪ੍ਰਮਾਤਮਾ ਸਾਡੇ ਰੋਗਾਂ ਨੂੰ ਖੰਡਨ ਕਰੇਗਾ। ਘਰ ਸੰਤਾਨ ਨਹੀਂ ਤਾਂ ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ! ਸਾਨੂੰ ਸੰਤਾਨ ਦੀ ਦਾਤ ਦੇ ਤੇ ਭਰੋਸਾ ਹੈ ਕਿ ਅਰਦਾਸ ਕੀਤਿਆਂ ਸਾਨੂੰ ਸੰਤਾਨ ਮਿਲੇਗੀ। ਗੁਰਮੁਖੋ ! ਜੇ ਧਨ ਲਈ, ਸੰਤਾਨ ਲਈ, ਪੱਦਵੀ ਲਈ ਦੁਨੀਆਂ ਦੇ ਐਸ਼ਵਰਜ ਲਈ ਅਰਦਾਸ ਪ੍ਰਮਾਤਮਾ ਸੁਣਦਾ ਹੈ ਤੇ ਕਦੀ ਆਪਣੀ ਜ਼ਿੰਦਗੀ ਵਿਚ ਇਹ ਵੀ ਅਰਦਾਸ ਕਰ ਲਈਏ ਕਿ ਹੇ ਅਕਾਲ ਪੁਰਖ ! ਸਿਰਫ਼ ਆਪਣੇ ਅੰਦਰ ਦੇ ਪਾਪ ਤੇਰੇ ਸਾਹਮਣੇ ਰੱਖਣ ਆਇਆ ਹਾਂ, ਕ੍ਰਿਪਾ ਕਰਕੇ ਮੇਰੀ ਅਰਦਾਸ ਸੁਣਕੇ ਮੇਰੇ ਅੰਦਰ ਨੂੰ ਅੱਜ ਧੋ ਦੇ। ਆਪਣੇ ਗੁਨਾਹਾਂ ਨੂੰ ਸਵੀਕਾਰ ਕਰਨਾ ਇਸ ਤੋਂ ਵੱਡਾ ਹੋਰ ਕੋਈ ਸੂਰਮਾ ਨਹੀਂ।

ਮਨੁੱਖ ਦਾ ਵੈਸੇ ਸੁਭਾਅ ਹੈ ਕਿ ਅਸੀਂ ਆਪਣੇ ਗੁਣਾਂ ਦੀ ਚਰਚਾ ਕਰਾਂਗੇ ਪਰ ਔਗੁਣਾਂ ਦੀ ਚਰਚਾ ਕਦੀ ਨਹੀਂ ਕਰਦੇ। ਕਿਸੇ ਲੋੜਵੰਦ ਬੰਦੇ ਨੂੰ ਬਸਤਰ ਦੇ ਦਿੱਤੇ ਤਾਂ ਥਾਂ ਥਾਂ 'ਤੇ ਦੱਸਣ ਦਾ ਯਤਨ ਕਰਾਂਗੇ ਕਿ ਮੈਂ ਫਲਾਨੇ ਬੰਦੇ ਦੀ ਮਦਦ ਕੀਤੀ ਪਰ ਕਦੀ ਕੋਈ ਇਨਸਾਨ ਇਹ ਮੰਨਣ ਲਈ ਤਿਆਰ ਨਹੀਂ ਕਿ ਮੈਂ ਕਿਸੇ ਬੰਦੇ ਦੀ ਜੇਬ ਵੀ ਕੱਟੀ, ਮੈਂ ਪੈਸਿਆਂ ਕਰਕੇ ਇਸ ਦੇ ਨਾਲ ਧੋਖਾ ਕੀਤਾ। ਕਿਸੇ ਇਨਸਾਨ ਨੂੰ ਰੋਟੀ ਦੇ ਦਿਆਂਗੇ ਤਾਂ ਇਹ ਗੁਣ ਹੈ ਤੇ ਕਹਾਂਗੇ ਮੈਂ ਇਹਨਾਂ ਬੰਦਿਆਂ ਦਾ ਭਲਾ ਕੀਤਾ ਪਰ ਕਦੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਮੈਂ ਗ਼ਰੀਬਾਂ ਦੇ ਮੂੰਹ ਵਿਚੋਂ ਖੋਹ ਕੇ ਆਪਣੇ ਘਰ ਲੈ ਆਇਆ ਹਾਂ। ਇਨਸਾਨ ਦਾ ਸੁਭਾਅ ਹੈ ਆਪਣੇ ਗੁਣਾਂ ਦੀ ਚਰਚਾ ਦੁਨੀਆਂ ਵਿਚ ਕਰਦਾ ਹੈ ਤੇ ਔਗੁਣਾਂ ਨੂੰ ਲੁਕਾਉਣ ਦਾ ਯਤਨ ਕਰਦਾ ਹੈ। ਪਰ ਪ੍ਰਮੇਸ਼ਰ ਦਾ ਭਗਤ ਆਪਣੇ ਔਗੁਣਾਂ ਨੂੰ ਸੰਸਾਰ ਦੇ, ਪ੍ਰਮਾਤਮਾ ਦੇ ਸਾਹਮਣੇ ਰੱਖਦਾ ਹੈ ਪਰ ਜਿੰਨੇ ਗੁਣ ਹਨ ਉਹਨਾਂ ਨੂੰ ਆਪਣੇ ਵਿਚ ਲੁਕਾ ਕੇ ਰੱਖਦਾ ਹੈ।

ਦੁਨੀਆਂਦਾਰ ਬੰਦੇ ਗੁਣ ਪ੍ਰਗਟ ਕਰਦੇ ਹਨ ਤੇ ਔਗੁਣਾਂ ਨੂੰ ਲੁਕਾਉਂਦੇ ਹਨ ਪਰ ਪ੍ਰਮਾਤਮਾ ਦੀ ਭਗਤੀ ਕਰਨ ਵਾਲਾ ਨਿਰਮਲ ਹਿਰਦਾ ਆਪਣੇ ਗੁਣਾਂ ਨੂੰ ਛੁਪਾ ਲੈਂਦਾ ਹੈ ਤੇ ਔਗੁਣਾਂ ਨੂੰ ਪ੍ਰਮਾਤਮਾ ਦੇ ਸਾਹਮਣੇ ਪ੍ਰਗਟ ਕਰਦਾ ਹੈ। ਆਪਣੇ ਲਈ ਅਰਦਾਸ ਕਰੀਏ। ਧਨ ਦੀ ਅਰਦਾਸ ਆਪਣੇ ਲਈ ਨਹੀਂ ਕਿਉਂਕਿ ਕੱਲ ਨੂੰ ਮੌਤ ਆਈ, ਧਨ ਦਾ ਮਾਲਕ ਕਿਸੇ ਹੋਰ ਨੇ ਬਣ ਜਾਣਾ ਹੈ ਤੇ ਅਸੀਂ ਸੰਸਾਰ ਤੋਂ ਕੂਚ ਕਰ ਜਾਣਾ ਹੈ। ਪੁੱਤਰਾਂ ਲਈ ਅਰਦਾਸ ਆਪਣੇ ਲਈ ਅਰਦਾਸ ਨਹੀਂ, ਅਸੀਂ ਚਲੇ ਜਾਵਾਂਗੇ ਮੋਢਾ ਲਾ ਕੇ ਬੱਚੇ ਬਾਹਰ ਛੱਡ ਆਉਣਗੇ ਪਰ ਆਪਣੇ ਲਈ ਅਰਦਾਸ ਇਹ ਹੈ ਕਿ ਜੀਊਂਦੇ ਜੀਅ ਆਪਣੇ ਗੁਨਾਹਾਂ ਨੂੰ

ਸਵੀਕਾਰ ਕਰ ਲਏ ਤੇ ਪ੍ਰਮਾਤਮਾ ਦੇ ਚਰਨਾਂ ਵਿਚ ਬੇਨਤੀ ਕਰ ਕਿ ਮੇਰੇ ਹਿਰਦੇ ਨੂੰ ਪਵਿੱਤਰਤਾ ਦੀ ਦਾਤ ਬਖ਼ਸ਼ੋ।

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਨੇ ਇਹ ਸਾਨੂੰ ਅਰਦਾਸ ਕਰਨ ਦੇ ਤਰੀਕੇ ਦੱਸੇ। ਪ੍ਰਮਾਤਮਾ ਦੀ ਉਪਮਾ ਲਈ ਅਸੀਂ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਇਕ ਸ਼ਬਦ ਪੜ੍ਹਦੇ ਹਾਂ। ਉਸ ਸ਼ਬਦ ਵਿਚ ਆਦਿ ਗੁਰੂ ਸਾਹਿਬ ਦੇ ਬਚਨ ਹਨ। ਜੇ ਆਦਿ ਗੁਰੂ ਇਸ ਲਈ ਝਿੱਜਕੇ ਅਰਦਾਸ ਕਰਦੇ ਹਨ ਤੇ ਆਪਾਂ ਨੂੰ ਕਿੰਨੀ-ਕੁ ਭਾਵਨਾ ਰੱਖਣੀ ਚਾਹੀਦੀ ਹੈ। ਉਹ ਪਵਿੱਤਰ ਬਚਨ ਹਨ-

*ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥*

(ਅੰਗ ੧੫੬)

ਅਸੀਂ ਘਰ ਵਿਚ ਬੈਠੇ ਹਾਂ, ਮਾਂ-ਬਾਪ ਕੋਲ ਹਨ, ਪੁੱਤਰ, ਧੀਆਂ, ਸੰਤਾਨ ਕੋਲ ਹਨ, ਪਰ ਕਦੀ ਇਕਾਂਤ ਵਿਚ ਸੋਚਿਆ ਹੈ ਕਿ ਜਿਸਨੇ ਮੈਨੂੰ ਜਨਮ ਦਿੱਤਾ ਹੈ, ਇਸ ਜਨਮ ਤੋਂ ਪਹਿਲਾਂ ਇਹ ਮਾਂ ਕਿਥੇ ਸੀ ਤੇ ਮੈਂ ਕਿਥੇ ਸੀ? ਜਿਸ ਪਿਤਾ ਦੇ ਵਿਹੜੇ ਵਿਚ ਖੇਡ ਕੇ ਮੈਂ ਅੱਜ ਵੱਡਾ ਹੋਇਆ, ਇਸ ਜਨਮ ਤੋਂ ਪਹਿਲਾਂ ਮੇਰਾ ਬਾਪ ਕੀ ਸੀ ਤੇ ਇਹ ਕਿਸ ਦੀ ਪਰਵਰਿਸ਼ ਕਰ ਰਿਹਾ ਸੀ? ਕਿਹੜੀ ਥਾਂ ਤੋਂ ਮੈਂ ਆਇਆ?

*ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥ ੧॥*
*ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ॥*

ਮੇਰੇ ਸਾਹਿਬਾ ! ਤੇਰੇ ਗੁਣਾਂ ਦਾ ਅੰਤ ਨਹੀਂ।

*ਕਹੇ ਨਾ ਜਾਨੀ ਅਉਗੁਣ ਮੇਰੇ॥*

(ਅੰਗ ੧੫੬)

ਜੇ ਤੇਰੇ ਗੁਣਾਂ ਦਾ ਅੱਜ ਤੱਕ ਕਿਸੇ ਨੇ ਅੰਤ ਨਹੀਂ ਪਾਇਆ ਤਾਂ ਵਾਹਿਗੁਰੂ ਜੀ ! ਮੈਂ ਸਵੀਕਾਰ ਕਰਨ ਆਇਆ ਹਾਂ ਕਿ ਮੇਰੇ ਔਗੁਣਾਂ ਦਾ ਅੰਤ ਵੀ ਕੋਈ ਨਹੀਂ। ਬੰਦਾ ਕਦੀ ਨਹੀਂ ਮੰਨਦਾ ਕਿ ਮੇਰੇ ਵਿਚ ਔਗੁਣ ਹਨ, ਕਿਉਂਕਿ ਪ੍ਰਮਾਤਮਾ ਨੇ ਜਿਹੜੀਆਂ ਅੱਖਾਂ ਦਿੱਤੀਆਂ ਹਨ, ਇਹਨਾਂ ਅੱਖਾਂ ਨੇ ਕਦੀ ਆਪਣੇ ਚਿਹਰੇ ਨੂੰ ਨਹੀਂ ਦੇਖਿਆ। ਇਹ ਠੀਕ ਹੈ ਕਿ ਸ਼ੀਸ਼ੇ ਵਿਚੋਂ ਦੇਖਾਂਗੇ, ਕਿਸੇ ਨਿਰਮਲ ਪਾਣੀ ਵਿਚੋਂ ਦੇਖਾਂਗੇ ਪਰ ਜਿਵੇਂ ਅਸੀਂ ਦੂਜੇ ਦੇ ਚਿਹਰੇ ਨੂੰ ਅੱਖਾਂ ਨਾਲ ਦੇਖਦੇ ਹਾਂ, ਆਪਣੀਆਂ ਅੱਖਾਂ ਨਾਲ ਕਦੀ ਸਾਡੇ ਚਿਹਰੇ ਨਹੀਂ ਦਿੱਸਦੇ। ਇਸੇ ਤਰ੍ਹਾਂ ਇਨਸਾਨ ਆਪਣੀ ਜ਼ਿੰਦਗੀ ਵਿਚ ਆਪਣੀਆਂ ਅੱਖਾਂ ਨਾਲ ਦੂਜਿਆਂ ਦੇ ਔਗੁਣ ਸਵੇਰ ਤੋਂ ਸ਼ਾਮ ਤੱਕ ਦੇਖਦਾ ਹੈ ਪਰ ਆਪਣੀਆਂ ਅੱਖਾਂ ਨਾਲ ਕਦੀ ਆਪਣੇ ਔਗੁਣ ਨਜ਼ਰ ਨਹੀਂ ਆਏ। ਮਹਾਂਪੁਰਖਾਂ ਨੇ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਅੰਮ੍ਰਿਤ ਬੋਲ ਉਚਾਰਨ ਕੀਤੇ, ਉਹਨਾਂ ਨੇ ਕਿਹਾ ਕਿ ਆਪਣੀਆਂ ਅੱਖਾਂ ਨਾਲ ਆਪਣੇ ਚਿਹਰੇ ਨੂੰ ਦੇਖ। ਗੁਰੂ ਨਾਨਕ ਸਾਹਿਬ



ਨੇ ਦੇਖਣ ਦੀ ਜੁਗਤ ਦੱਸੀ।

*ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ*

ਜਿਵੇਂ ਸਮੁੰਦਰ ਦੇ ਕਿਨਾਰੇ 'ਤੇ ਜਾਈਏ ਤੇ ਸਮੁੰਦਰ ਦਾ ਪਾਣੀ ਨਕੋ-ਨੱਕ ਭਰਿਆ ਪਿਆ ਹੈ। ਅੱਜ ਤੱਕ ਕਿਸੇ ਨੇ ਸਮੁੰਦਰ ਦੀ ਗਹਿਰਾਈ ਨਾਪੀ ਨਹੀਂ। ਕਈ ਥਾਵਾਂ 'ਤੇ ਸਮੁੰਦਰ ਇੰਨਾ ਗਹਿਰਾ ਹੈ ਕਿ ਇਨਸਾਨ ਉਸ ਗਹਿਰਾਈ 'ਤੇ ਪਹੁੰਚ ਵੀ ਨਹੀਂ ਸਕਿਆ। ਅਜੇ ਤੱਕ ਕਿਸੇ ਨੇ ਸਮੁੰਦਰ ਦੇ ਪਾਣੀ ਨੂੰ ਜੋਖ ਕੇ ਨਹੀਂ ਦੱਸਿਆ ਕਿ ਇੰਨਾ ਪਾਣੀ ਇਸਦੇ ਵਿਚ ਹੈ। ਸਤਿਗੁਰ ਕਹਿ ਰਹੇ ਹਨ ਕਿ ਜੇ ਸਮੁੰਦਰ ਦੇ ਪਾਣੀ ਦੀ ਗਿਣਤੀ ਨਹੀਂ, ਤਾਂ ਹੇ ਵਾਹਿਗੁਰੂ ! ਸਮੁੰਦਰ ਤਾਂ ਗਿਣਿਆ ਜਾ ਸਕਦਾ ਹੈ, ਪਰ ਜਿੰਨੇ ਸਾਡੇ ਵਿਚ ਔਗੁਣ ਹਨ, ਸਾਡੇ ਔਗੁਣਾਂ ਦੀ ਗਿਣਤੀ ਕਦੀ ਨਹੀਂ ਹੋ ਸਕਦੀ।

*ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥*
*ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥*

(ਅੰਗ ੧੫੬)

ਬਾਬਾ ਫ਼ਰੀਦ ਜੀ ਦੇ ਅਮੋਲਕ ਬਚਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਦਰਜ ਹਨ। ਉਹਨਾਂ ਨੇ ਹਰ ਸਿਆਣੇ ਬੰਦੇ ਨੂੰ ਆਪਣਾ ਆਪ ਪੜਚੋਲਣ ਦੀ ਸਲਾਹ ਦਿੱਤੀ। ਸਹੀ ਅਰਥਾਂ ਵਿਚ ਗਿਆਨੀ ਵੀ ਉਹ ਹੈ, ਧਿਆਨੀ ਵੀ ਉਹ ਹੈ ਤੇ ਵਿਦਵਾਨ ਵੀ ਉਹ ਹੈ ਜਿਹੜਾ ਬੰਦਾ ਆਪਣੇ ਆਪ ਨੂੰ ਖੋਜਣ ਲੱਗ ਪਵੇ। ਜੇ ਵਿਦਵਾਨ ਬਣ ਕੇ ਦੂਜਿਆਂ ਸੰਬੰਧੀ ਵਿਚਾਰ ਪ੍ਰਗਟ ਕਰ ਰਿਹਾ ਹੈ, ਆਪਣੇ ਅੰਦਰ ਝਾਤੀ ਨਹੀਂ ਮਾਰੀ ਤਾਂ ਵਿਦਵਾਨ ਨਹੀਂ। ਜੇ ਲਿਖਾਰੀ ਬਣ ਕੇ ਦੂਜਿਆਂ ਦੀ ਜ਼ਿੰਦਗੀ ਸੰਬੰਧੀ ਲਿਖ ਰਿਹਾ ਹੈ ਪਰ ਆਪਣੇ ਲੇਖਾਂ ਵੱਲ ਝਾਤੀ ਨਹੀਂ ਮਾਰੀ ਤਾਂ ਤੂੰ ਸਿਆਣਾ ਲਿਖਾਰੀ ਨਹੀਂ। ਬਾਬਾ ਫ਼ਰੀਦ ਜੀ ਨੇ ਆਪਾ ਪੜਚੋਲਣ ਲਈ ਫ਼ੁਰਮਾਇਆ ਕਿ-

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥*

ਆਪਣੇ ਅੰਦਰ ਨੂੰ ਪੁੱਛੋ ਜੇ ਰੱਬ ਨੇ ਤੈਨੂੰ ਲਤੀਫ਼ ਅਕਲ ਦਿੱਤੀ ਹੈ, ਸੂਖਸ਼ਮ ਬੁੱਧੀ ਦਿੱਤੀ ਹੈ ਤੇ ਫਿਰ ਲਤੀਫ਼ ਅਕਲ ਨਾਲ ਲੋਕਾਂ ਦੇ ਔਗੁਣ ਨਾ ਛਾਂਟੀ ਜਾ।

*ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ॥*

(ਅੰਗ ੧੩੭੮)

ਦੂਜਾ ਬਚਨ ਉਹਨਾਂ ਨੇ ਆਪਣੇ 'ਤੇ ਢੁਕਾ ਕੇ ਕਿਹਾ ਹੈ ਕਿ ਮੈਂ ਸੂਫ਼ੀ ਹਾਂ ਤੇ ਤਨ ਦੇ ਉੱਪਰ ਸੂਫ਼ੀਆਂ ਵਾਲਾ ਚੋਲਾ ਪਾਇਆ ਹੈ, ਕਿਉਂਕਿ ਸੂਫ਼ੀਆਂ ਦਾ ਇਕ ਲਿਬਾਸ ਸੀ ਕਾਲੇ ਰੰਗ ਦੇ ਕੱਪੜੇ ਆਪਣੇ ਤਨ ਦੇ ਉੱਪਰ ਪਾਣੇ। ਕਾਲੇ ਰੰਗ ਦੇ ਕੱਪੜੇ ਦੇਖਕੇ ਤੇ ਨਮਾਜ਼ ਪੜ੍ਹਨ ਵਾਲਾ ਕੱਪੜਾ ਮੋਢੇ 'ਤੇ ਦੇਖਕੇ ਲੰਘਦੇ ਹੋਏ ਲੋਕਾਂ ਨੇ ਅਦਬ ਕਰਨਾ। ਕਿਉਂ? ਕਿਉਂਕਿ ਇਹ

ਰੱਬ ਦਾ ਪਿਆਰਾ, ਇਹ ਅੱਲ੍ਹਾ ਦੀ ਬੰਦਗੀ ਕਰਨ ਵਾਲਾ ਫ਼ਕੀਰ ਹੈ ਪਰ ਉਹ ਮਹਾਂਪੁਰਸ਼ ਕਹਿ ਰਹੇ ਹਨ ਕਿ ਜੇ ਤੇਰਾ ਧਰਮ ਵਾਲਾ ਲਿਬਾਸ ਦੇਖਕੇ ਵੀ ਤੇਰਾ ਕੋਈ ਅਦਬ ਕਰ ਦੇਵੇ ਤਾਂ ਉਸਨੂੰ ਹਉਮੈ ਵਿਚ ਨਾ ਲੈ ਜਾਈਂ। ਅਰਦਾਸ ਕਰੀਂ ਕਿ ਮੇਰੇ ਕੱਪੜੇ ਵੀ ਕਾਲੇ ਹਨ, ਮੇਰਾ ਲਿਬਾਸ ਵੀ ਕਾਲਾ ਹੈ, ਹੇ ਦੁਨੀਆਂ ਦੇ ਲੋਕੋ ! ਇਹ ਕਾਲੇ ਕੱਪੜੇ ਮੈਂ ਤਾਂ ਪਾਏ ਹਨ ਕਿ ਮਨ ਦੀ ਕਾਲਖ ਇੰਨੀ-ਕੁ ਇਕੱਠੀ ਹੋ ਗਈ ਕਿ ਅੰਦਰ ਨਹੀਂ ਰੁੱਕ ਸਕੀ। ਹੁਣ ਅੰਦਰ ਦੀ ਕਾਲਖ ਮੇਰੇ ਕੱਪੜਿਆਂ ਉਤੇ ਵੀ ਆ ਗਈ ਹੈ। ਉਹਨਾਂ ਨੇ ਪੁਸ਼ਾਕ ਨੂੰ ਹਉਮੈ ਵੱਲ ਨਹੀਂ ਜਾਣ ਦਿੱਤਾ।

*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥*

(ਅੰਗ ੧੩੮੧)

ਔਗੁਣਾਂ ਨਾਲ ਮੈਂ ਭਰਿਆ ਪਿਆ ਹਾਂ ਤੇ ਲੋਕ ਮੈਨੂੰ ਰੱਬ ਦਾ ਪਿਆਰਾ ਦਰਵੇਸ਼ ਕਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕਬੀਰ ਸਾਹਿਬ ਨੇ ਸਾਨੂੰ ਅਰਦਾਸ ਦਾ ਇਕ ਨੁਕਤਾ ਦਿੱਤਾ ਹੈ। ਕਹਿੰਦੇ ਹਨ ਕਿ ਅੱਜ ਮੈਂ ਪ੍ਰਮੇਸ਼ਰ ਦੇ ਸਾਹਮਣੇ ਖਲੋ ਕੇ ਬੇਨਤੀ ਕੀਤੀ ਕਿ ਬਚਪਨ ਚਲਾ ਗਿਆ, ਜਵਾਨੀ ਦੇ ਦਿਨ ਆਏ, ਉਹ ਵੀ ਚਲੇ ਗਏ। ਬੁਢੇਪਾ ਆਇਆ, ਉਹ ਵੀ ਚਲਾ ਗਿਆ। ਜਿੰਦ ਮਿਲੀ ਸੀ ਹੀਰੇ ਵਰਗੀ ਨਿਰਮੋਲਕ ਤੇ ਕਉਡੀਆਂ ਦੇ ਭਾਅ ਵੇਚਕੇ ਅੱਜ ਤੁਰਨ ਲੱਗਾ ਹਾਂ। ਅਖ਼ੀਰ 'ਤੇ ਉਹਨਾਂ ਨੇ ਇਕ ਬਚਨ ਕਿਹਾ। ਅਸੀਂ ਪੜ੍ਹਦੇ ਹਾਂ-

*ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ॥*
*ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ॥*
*ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ॥*
*ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥*

(ਅੰਗ ੮੫੬)

ਤੇਰੇ ਵਰਗਾ ਦਇਆਲੂ ਕੋਈ ਨਹੀਂ ਤੇ ਮੇਰੇ ਵਰਗਾ ਇਸ ਦੁਨੀਆਂ ਵਿਚ ਪਾਪੀ ਕੋਈ ਨਹੀਂ। ਭਗਤ ਰਵਿਦਾਸ ਜੀ ਦੀ ਅਰਦਾਸ ਦੇ ਦਰਸ਼ਨ ਕਰੋ। ਉਹ ਕਹਿੰਦੇ ਹਨ-

*ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥*
*ਹਮ ਅਉਗਨ ਤੁਮ੍ਹ ਉਪਕਾਰੀ॥*

(ਅੰਗ ੪੮੬)

ਅਸੀਂ ਔਗੁਣਾਂ ਨਾਲ ਭਰੇ ਹਾਂ, ਆਪ ਪਰਉਪਕਾਰ ਕਰਦੇ ਹੋ।

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥*

(ਅੰਗ ੬੯੪)



ਮੇਰੇ ਵਰਗਾ ਗ਼ਰੀਬ ਕੋਈ ਨਹੀਂ ਤੇ ਆਪ ਜੀ ਵਰਗਾ ਦਇਆਲੂ ਕੋਈ ਨਹੀਂ। ਮੇਰਾ ਮਨ ਆਪ ਜੀ ਦੇ ਬਚਨਾਂ ਵਿਚ ਮੰਨ ਗਿਆ ਹੈ ਤੇ ਜੇ ਸਾਈਂ ਤਰੁੱਠਿਆ ਹੈਂ ਤਾਂ, ਕਈ ਜਨਮ ਹੋ ਗਏ ਹਨ ਤੇਰੇ ਚਰਨਾਂ ਤੋਂ ਵਿਛੜਿਆਂ, ਅੱਜ ਕ੍ਰਿਪਾ ਕਰ, ਮੈਨੂੰ ਵਿਛੁੜੇ ਨੂੰ ਆਪਣੇ ਗਲੇ ਨਾਲ ਲਾ ਲੈ।

*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥ ੧॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥ ਰਹਾਉ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥*

(ਅੰਗ ੬੯੪)

ਇਸੇ ਨੂੰ ਗੁਰੂ ਜੀ ਨੇ ਕਿਹਾ-

*ਹਉ ਆਇਆ ਦੂਰਹੁ ਚਲ ਕੇ॥*

(ਅੰਗ ੭੬੩)

ਇੰਨਾ ਸਫ਼ਰ ਕੀਤਾ, ਇੰਨੇ ਜਨਮ ਹੋ ਗਏ ਤੇ ਹਰ ਜਨਮ ਵਿਚ ਇਕ ਪਰਤ ਮੈਂ ਆਪਣੇ ਨਾਲ ਲੈ ਕੇ ਆਇਆ ਹਾਂ। ਇੰਨੇ ਜਨਮਾਂ ਵਿਚੋਂ ਆਤਮਾ ਨਿਕਲਿਆ, ਉਹਨਾਂ ਜਨਮਾਂ ਦੀ ਮੈਲ ਆਪਣੇ ਨਾਲ ਨਹੀਂ ਲਿਆਇਆ? ਗੁਰੂ ਜੀ ਨੇ ਕਿਹਾ ਕਿ ਹਰ ਇਕ ਜਨਮ ਵਿਚ ਕੋਈ ਨਾ ਕੋਈ ਪਰਤ ਇਸ ਮਨ ਦੇ ਉੱਪਰ ਲੱਗਦੀ ਰਹੀ। ਬਾਣੀ ਵਿਚ ਅਸੀਂ ਪੜ੍ਹਦੇ ਹਾਂ ਕਿ

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

(ਅੰਗ ੪੪੧)

ਪਰ ਜੋਤ ਸਰੂਪ ਹੋਣ ਦੇ ਬਾਵਜੂਦ ਵੀ ਇਸਦੇ ਅੰਦਰੋਂ ਬਾਹਰੋਂ ਕਾਲਖ ਝਲਕਣ ਲੱਗ ਪਈ ਹੈ। ਉਹ ਕਿਵੇਂ? ਪੁਰਾਤਨ ਸਮੇਂ ਤੇ ਅੱਜ ਵੀ ਕਈ ਥਾਵਾਂ 'ਤੇ ਰਾਤ ਨੂੰ ਲਾਲਟੈਨ ਦੇ ਰਾਹੀਂ ਘਰਾਂ ਵਿਚ ਚਾਨਣ ਕੀਤਾ ਜਾਂਦਾ ਹੈ। ਲਾਲਟੈਨ ਦੀ ਬੱਤੀ ਨੂੰ ਅੱਗ ਲਾਉਣੀ ਤੇ ਕੱਚ ਦੀ ਚਿਮਨੀ ਨਾਲ ਉਸ ਬੱਤੀ ਨੂੰ ਢੱਕ ਕੇ ਰੱਖਣਾ। ਜਦੋਂ ਚਿਮਨੀ ਤੋਂ ਬਾਹਰ ਚਾਨਣ ਨਿਕਲਣਾ ਤੇ ਚਾਰ ਚੁਫੇਰੇ ਦਾ ਹਨੇਰਾ ਖ਼ਤਮ ਹੋ ਜਾਂਦਾ ਹੈ। ਸਾਰੀ ਰਾਤ ਬੱਤੀ ਬਲੀ ਤੇ ਸਵੇਰ ਤੱਕ ਉਸਦਾ ਚਾਨਣ ਮੱਧਮ ਪੈ ਜਾਂਦਾ ਹੈ। ਤੇਲ ਵੀ ਉਸੇ ਤਰ੍ਹਾਂ ਸੀ, ਬੱਤੀ ਸੜੀ ਨਹੀਂ, ਪਰ ਚਾਨਣ ਕਿਉਂ ਮੱਧਮ ਪੈਣ ਲੱਗ ਪਿਆ। ਜਿਹੜਾ ਰਾਤ ਬੱਤੀ ਦਾ ਚਾਨਣ ਸੀ ਉਹ ਦਿਨੇ ਲਾਲਟੈਨ ਦਾ ਚਾਨਣ ਨਹੀਂ ਤੇ ਦੂਜੇ ਦਿਨ ਸ਼ਾਮ ਨੂੰ ਫਿਰ ਲਾਲਟੈਨ ਬਾਲੀ ਤੇ ਚਾਨਣ ਹੋਰ ਮੱਧਮ ਪੈ ਗਿਆ। ਦੂਜੀ ਰਾਤ, ਅੱਧੀ ਰਾਤ ਲੰਘੀ, ਅੰਦਰ ਬੱਤੀ ਤਾਂ ਬੱਲਦੀ ਪਈ ਸੀ ਪਰ ਬਾਹਰ ਬਿਲਕੁਲ ਹਨੇਰਾ ਸੀ। ਅੰਦਰ ਸਾਰਿਆਂ ਵਿਚ ਪ੍ਰਮਾਤਮਾ ਦੀ ਜੋਤ ਹੈ ਪਰ ਬੰਦਾ ਹਨੇਰੇ ਵਿਚ ਕਿਉਂ ਟੱਕਰਾਂ ਮਾਰਦਾ ਹੈ? ਲਾਲਟੈਨ ਦੀ ਬੱਤੀ ਬਲੇਗੀ ਪਰ ਚਿਮਨੀ ਤੋਂ ਬਾਹਰ

ਚਾਨਣ ਨਹੀਂ ਆਉਂਦਾ, ਕਿਉਂਕਿ ਬੱਤੀ ਦੇ ਅੰਦਰ ਦੀ ਕਾਲਖ ਚਿਮਨੀ ਦੇ ਅੰਦਰ ਜੰਮ ਗਈ ਹੈ ਤੇ ਜਿੰਨੀ ਉਹ ਕੱਚ ਦੀ ਚਿਮਨੀ ਕਾਲਖ ਨਾਲ ਭਰੀ ਜਾਂਦੀ ਹੈ, ਜੋਤ ਜੱਗਣ ਦੇ ਬਾਵਜੂਦ ਵੀ ਚਾਨਣ ਬਾਹਰ ਨਹੀਂ ਨਿਕਲਦਾ।

ਇਨਸਾਨ ਦੇ ਅੰਦਰ ਪ੍ਰਮਾਤਮਾ ਦੀ ਜੋਤ ਹੈ, ਲਾਲਟੈਨ ਤਾਂ ਇਕ ਰਾਤ ਬੱਲੀ ਤੇ ਉਸਦੀ ਚਿਮਨੀ ਧੁਆਂਖੀ ਗਈ ਪਰ ਆਪਣੀ ਇਸ ਲਾਲਟੈਨ ਸਰੀਰ ਵੱਲ ਝਾਤੀ ਮਾਰੀਏ, ਪਤਾ ਨਹੀਂ ਕਿੰਨੇ ਜਨਮਾਂ ਦੀ ਇਸ ਚਿਮਨੀ ਉੱਪਰ ਕਾਲਖ ਜੰਮੀ ਪਈ ਹੈ। ਜੋਤ ਤਾਂ ਪਾਪੀ ਬੰਦੇ ਦੇ ਅੰਦਰ ਵੀ ਹੈ ਪਰ ਜਨਮਾਂ ਜਨਮਾਨਤਾਂ ਦੀ ਕਾਲਖ ਨੇ ਬੱਲਦੀ ਹੋਈ ਜੋਤ ਦਾ ਚਾਨਣ ਬਾਹਰ ਪ੍ਰਗਟ ਹੋਣ ਹੀ ਨਹੀਂ ਦਿੱਤਾ। ਹਜ਼ੂਰ ਨੇ ਕਿਹਾ ਕਿ ਮੈਲ ਨਾਲ ਅਸੀਂ ਭਰੇ ਪਏ ਹਾਂ। ਆਪਣੇ ਆਪ ਨੂੰ ਸਵੀਕਾਰ ਕਰ ਰਹੇ ਹਾਂ ਕਿ-

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥ ੧॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥ ਰਹਾਉ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥ ੨॥*

(ਅੰਗ ੬੯੪)

ਇਸ ਤੋਂ ਅੱਗੇ ਬੇਨਤੀ, ਬਾਣੀ ਪੜ੍ਹਦੇ ਹਾਂ, ਕੀ ਜਿਹੜਾ ਬੰਦਾ ਮੈਲ ਨਾਲ ਭਰਿਆ ਹੈ, ਖਿਨ ਖਿਨ ਸਾਡੇ ਅੰਦਰ ਮੈਲ ਜਾਂਦੀ ਹੈ। ਜੋ ਕੁਝ ਅਸੀਂ ਅੱਖਾਂ ਨਾਲ ਦੇਖਦੇ ਹਾਂ, ਉਹ ਅੰਦਰ ਸੰਚਿਤ ਹੁੰਦਾ ਹੈ, ਜੋ ਕੰਨਾਂ ਨਾਲ ਸੁਣਦੇ ਹਾਂ, ਉਹ ਵੀ ਅੰਦਰ ਮੈਲ ਬਣਦੀ ਹੈ। ਜਦੋਂ ਪ੍ਰਮਾਤਮਾ ਦੇ ਸਾਹਮਣੇ ਕੋਈ ਅੱਤ ਦਾ ਮੈਲਾ ਹਿਰਦਾ ਜਾਂਦਾ ਹੈ ਤਾਂ ਪ੍ਰਮਾਤਮਾ ਉਸਦੇ ਹਿਰਦੇ ਨੂੰ ਕਿਵੇਂ ਧੋਂਦਾ ਹੈ? ਉਹ ਹੈ ਅੰਦਰ ਦੀ ਅਰਦਾਸ। ਇਹ ਚਾਹੇ ਸ਼ਬਦਾਂ ਰਾਹੀਂ ਅਰਦਾਸ ਕਰਨੀ ਹੈ, ਪਰ ਔਗੁਣਾਂ ਵਾਲਿਆਂ ਦੀ ਪੂੰਜੀ ਕੇਵਲ ਅਰਦਾਸ ਹੀ ਹੈ। ਸੰਸਾਰ ਵਿਚ ਮਾਇਆ ਵਿਚ ਡੁੱਬੇ ਹੋਏ ਵਾਲਿਆਂ ਦੀ ਜੇ ਕੋਈ ਬਾਂਹ ਫੜਨ ਵਾਲਾ ਹੈ ਤਾਂ ਅੰਦਰ ਦੀ ਪੁਕਾਰ ਹੈ। ਗੁਰੂ ਗ੍ਰੰਥ ਸਾਹਿਬ ਜੀ ਨੇ ਅਰਦਾਸ ਕਰਨ ਦੀ ਜੁਗਤ ਦੱਸੀ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਆਪ ਅਰਦਾਸ ਕਰਦੇ ਹਨ ਤੇ ਨਿਮਰਤਾ ਵਿਚ ਸਾਨੂੰ ਅਰਦਾਸ ਕਰਨ ਦਾ ਢੰਗ ਦੱਸਦੇ ਹਨ ਕਿ ਪ੍ਰਭੂ ਦੇ ਚਰਨਾਂ ਵਿਚ ਕਿਵੇਂ ਭਿੱਜ ਕੇ ਬੇਨਤੀ ਕੀਤੀ ਜਾਵੇ? ਉਹਨਾਂ ਦੇ ਵਿਚਾਰ ਹਨ ਕਬਿਤ ਰਾਹੀਂ ਤੇ ਭਾਈ ਸਾਹਿਬ ਨੇ ਇਕ ਪਾਸੇ ਪ੍ਰਮਾਤਮਾ ਗੁਣ ਨਿਧਾਨ ਦੇ ਗੁਣਾਂ ਦੀ ਗੱਲ ਕੀਤੀ ਤੇ ਦੂਜੇ ਪਾਸੇ ਆਪਣੇ ਅੰਦਰ ਦੇ ਔਗੁਣਾਂ ਦੀ ਗੱਲ ਕੀਤੀ। ਭਾਈ ਸਾਹਿਬ ਕਹਿੰਦੇ ਹਨ ਕਿ ਕਿਸੇ ਧਰਮ ਅਸਥਾਨ 'ਤੇ ਜਾਉ, ਹਰ ਇਕ



ਧਰਮ ਅਚਾਰੀਆ ਇਹ ਕਹਿੰਦਾ ਹੈ ਕਿ ਪ੍ਰਮਾਤਮਾ ਪ੍ਰੇਮ ਦਾ ਭੁੱਖਾ ਹੈ। ਹਰ ਧਰਮ ਕਹਿੰਦਾ ਹੈ ਕਿ ਜਿਹੜਾ ਭਗਤੀ ਕਰੇਗਾ, ਅੱਲ੍ਹਾ ਦੀ ਇਬਾਦਤ ਕਰੇਗਾ ਤੇ ਅਸੀਂ ਕਹਿੰਦੇ ਹਾਂ ਕਿ ਪ੍ਰਮਾਤਮਾ ਦਾ ਜਿਹੜਾ ਸਿਮਰਨ ਕਰੇਗਾ, ਪ੍ਰਮਾਤਮਾ ਆਪਣੇ ਸਿਮਰਨ ਕਰਨ ਵਾਲਿਆਂ 'ਤੇ ਮੇਹਰ ਕਰਦਾ ਹੈ। ਕਿਉਂਕਿ ਭਗਤ ਵਛਲ ਜਿਹੜੀ ਭਗਤੀ ਕਰਨਗੇ, ਉਹਨਾਂ 'ਤੇ ਕ੍ਰਿਪਾ ਹੋਵੇਗੀ ਪਰ ਭਾਈ ਸਾਹਿਬ ਕਹਿੰਦੇ ਹਨ ਕਿ ਜਦੋਂ ਕੋਈ ਕਥਾ ਕਰਦਿਆਂ ਧਰਮ ਅਸਥਾਨ 'ਤੇ ਇਹ ਖ਼ਿਆਲ ਪੇਸ਼ ਕਰਦਾ ਹੈ ਕਿ ਪ੍ਰਮਾਤਮਾ ਭਗਤ ਵਛਲ ਹੈ ਤੇ ਭਾਈ ਸਾਹਿਬ ਕਹਿੰਦੇ ਹਨ ਕਿ ਮੇਰੇ ਮਨ ਦੇ ਵਿਚ ਨਿਰਾਸਤਾ ਪੈਦਾ ਹੁੰਦੀ ਹੈ। ਹੁਣ ਇਸਦੇ ਨਾਲ ਨਿਰਾਸਤਾ ਕਿਉਂ? ਇਹ ਤਾਂ ਗੁਣ ਹੈ ਕਿ

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*

(ਅੰਗ ੪੫੧)

ਜਾਂ ਅਸੀਂ ਬਾਣੀ ਵਿਚ ਪੜ੍ਹਦੇ ਹਾਂ ਕਿ-

*ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥*

(ਅੰਗ ੬੩੭)

ਪ੍ਰਮਾਤਮਾ ਹਰ ਜੁਗ ਵਿਚ ਭਗਤਾਂ ਦੀ ਰੱਖਦਾ ਹੈ, ਪਰ ਭਾਈ ਸਾਹਿਬ ਕਹਿੰਦੇ ਹਨ ਕਿ ਨਹੀਂ, ਜਦੋਂ ਮੇਰੇ ਕੰਨਾਂ ਵਿਚ ਇਹ ਅਵਾਜ਼ ਪੈਂਦੀ ਹੈ ਕਿ ਪ੍ਰਮਾਤਮਾ ਭਗਤ ਵਛਲ ਹੈ ਤਾਂ ਮੈਂ ਨਿਰਾਸ ਹੋ ਜਾਂਦਾ ਹਾਂ। ਕਿਉਂ ਨਿਰਾਸ ਹੁੰਦੇ ਹੋ? ਕਹਿਣ ਲੱਗੇ ਜਿਨ੍ਹਾਂ ਭਗਤੀ ਕੀਤੀ, ਉਹਨਾਂ ਨੂੰ ਤਾਂ ਤੁਸੀਂ ਨਿਵਾਜ ਦਿੱਤਾ, ਜਿਨ੍ਹਾਂ ਸਿਮਰਨ ਕੀਤਾ, ਉਹਨਾਂ 'ਤੇ ਤੁਸੀਂ ਮਿਹਰਾਮਤ ਕੀਤੀ, ਜਿਨ੍ਹਾਂ ਨੇ ਇਬਾਦਤ ਕੀਤੀ ਉਹਨਾਂ 'ਤੇ ਤੁਸੀਂ ਗ਼ਰੀਬ ਨਿਵਾਜੀ ਕੀਤੀ। ਭਗਤੀ ਨੂੰ ਪਿਆਰ ਕਰਨ ਵਾਲੇ ਪ੍ਰਮਾਤਮਾ ! ਮੈਂ ਤਾਂ ਨਿਰਾਸ ਹਾਂ। ਭਗਤ ਤਾਂ ਤੱਰ ਜਾਣਗੇ ਭਗਤੀ ਕਰਕੇ ਤੇ ਜਿਨ੍ਹਾਂ ਮੇਰੇ ਵਰਗਿਆਂ ਨੇ ਸਾਰੀ ਜ਼ਿੰਦਗੀ ਪਾਪ ਕੀਤੇ, ਇਹਨਾਂ ਲਈ ਕਿਹੜਾ ਦਰਵਾਜ਼ਾ ਹੈ? ਭਗਤ ਵਛਲ ਹੈ ਪਰ ਕੀ ਪਾਪੀਆਂ ਲਈ ਕੋਈ ਥਾਂ ਹੈ? ਭਾਈ ਸਾਹਿਬ ਕਹਿੰਦੇ ਹਨ ਕਿ ਅੱਗੋਂ ਅਵਾਜ਼ ਆਈ ਕਿ ਪ੍ਰਮਾਤਮਾ ਕੇਵਲ ਭਗਤ ਵਛਲ ਹੀ ਨਹੀਂ, ਪ੍ਰਮਾਤਮਾ ਕੇਵਲ ਭਗਤੀ ਨੂੰ ਪ੍ਰੇਮ ਹੀ ਨਹੀਂ ਕਰਦੇ, ਅੱਤ ਦੇ ਪਾਪੀ ਬੰਦੇ ਜਦੋਂ ਪ੍ਰਮਾਤਮਾ ਦੇ ਚਰਨਾਂ ਵਿਚ ਡਿੱਗ ਪੈਣ, ਭਗਤ ਵਛਲ ਹੋਣ ਦੇ ਨਾਲ ਨਾਲ ਪ੍ਰਮਾਤਮਾ ਦਾ ਬਿਰਦ ਹੈ, ਉਹ ਪਤਿਤ ਪਾਵਨ ਵੀ ਹੈ। ਭਗਤੀ ਨੂੰ ਪਿਆਰ ਕਰਦਾ ਹੈ ਤੇ ਪਾਪੀਆਂ ਨੂੰ ਵੀ ਉਹ ਪਿਆਰ ਕਰਦਾ ਹੈ।

ਵੈਸੇ ਜੇ ਹਰ ਬੰਦਾ ਜਿਵੇਂ ਆਪਣੇ ਆਪ ਨੂੰ ਮਾਫ਼ ਕਰਦਾ ਹੈ, ਕਦੀ ਦੂਜੇ ਨੂੰ ਕਰਨ ਲੱਗ ਪਵੇ ਤਾਂ ਪ੍ਰਮਾਤਮਾ ਦੀ ਇਸ ਉੱਪਰ ਕਿੰਨੀ ਕੁ ਦਇਆ ਹੋਣ ਲੱਗ ਪਵੇ। ਜੋ ਅਸੀਂ ਆਪਣੇ ਅੰਦਰ ਪਾਪ ਰੋਜ਼ ਚਿਤਵਦੇ ਹਾਂ, ਕਿਸੇ ਨੂੰ ਵੀ ਦੱਸਦੇ ਹਾਂ ? ਸੰਗਤ ਵਿਚ ਬੈਠੇ ਹਾਂ, ਪਤਾ ਨਹੀਂ ਕਿੰਨੇ ਕੁ ਮਾੜੇ ਫੁਰਨੇ ਉੱਠਦੇ ਹਨ? ਸੇਵਾ ਕਰਦਿਆਂ ਪਤਾ ਨਹੀਂ ਅੰਦਰ ਕਿੰਨੇ

ਕੁ ਮਲੀਨ ਫੁਰਨੇ ਉੱਠਦੇ ਹਨ? ਕਦੀ ਬੰਦਾ ਆਪਣੇ ਜੀਵਨ ਸਾਥੀ ਨੂੰ ਵੀ ਇਹ ਫੁਰਨੇ ਨਹੀਂ ਦੱਸਦਾ, ਪਰ ਖੋਜੀ ਅਰਦਾਸ ਕਰਕੇ ਕਹਿੰਦਾ ਹੈ ਕਿ ਦਾਤਾ ! ਮੈਨੂੰ ਬਖ਼ਸ਼ ਦੇਈਂ। ਤੂੰ ਆਪਣੇ ਫੁਰਨਿਆਂ ਨੂੰ ਵੀ ਰੋਜ਼ ਬਖ਼ਸ਼ਾਈ ਜਾਂਦਾ ਹੈਂ ਪਰ ਜੇ ਕਿਸੇ ਵਿਚਾਰੇ ਦੇ ਪਾਪ ਦਾ ਫੁਰਨਾ ਕਰਮ ਬਣ ਗਿਆ, ਜੇ ਆਪਣੇ ਫੁਰਨੇ ਬਖ਼ਸ਼ ਸਕਦਾ ਹੈ ਤਾਂ ਕਰਮ ਵੀ ਬਣ ਸਕਦੇ ਸਨ। ਜੇ ਆਪਣੇ ਆਪ ਨੂੰ ਬਖ਼ਸ਼ਦਾ ਹੈ ਤਾਂ ਕਿਸੇ ਦੂਜੇ ਨੂੰ ਵੀ ਮਾਫ਼ ਕਰਨ ਦੀ ਸਮਰੱਥਾ ਰੱਖ।

ਪਿਆਰਿਓ ! ਅਸੀਂ ਮੈਲ ਨਾਲ ਭਰੇ ਹਾਂ, ਤੁਸੀਂ ਮੈਲਿਆਂ ਨੂੰ ਪਵਿੱਤਰ ਕਰਦੇ ਹੋ। ਸਾਡੇ ਕੋਲ ਗੁਣ ਨਹੀਂ ਕੋਈ ਪਰ ਤੁਸੀਂ ਨਿਰਗੁਣਾਂ ਦੇ ਵੀ ਦਾਤੇ ਹੋ।

*ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥ ੧॥*

ਅਸੀਂ ਅੱਤ ਦੇ ਮੂਰਖ ਹਾਂ, ਤੁਸੀਂ ਸਿਆਣੇ ਹੋ। ਇਥੇ ਚਤੁਰ ਦਾ ਅਰਥ ਦੁਨੀਆਂ ਦੀ ਚਲਾਕੀ ਨਹੀਂ ਕਰਨੀ। ਕਿਉਂਕਿ ਜਿਹੜੀ ਦੁਨੀਆਂ ਦੀ ਚਲਾਕੀ ਹੈ ਇਸ ਨਾਲ ਕਦੀ ਕਿਸੇ ਨੂੰ ਰੱਬ ਨਹੀਂ ਮਿਲਿਆ। ਜਿੰਨਾ ਬੰਦਾ ਅੰਦਰੋਂ ਚਲਾਕ ਬੰਦਾ ਹੈ, ਉੱਨੀ ਅੰਦਰੋਂ ਭਾਵਨਾ ਖ਼ਤਮ ਹੋ ਜਾਂਦੀ ਹੈ। ਕਹਿਣ ਲੱਗੇ- ਅਸੀਂ ਮੂਰਖ ਹਾਂ ਤੇ ਤੁਸੀਂ ਸਿਆਣੇ ਹੋ। ਸਿਆਣੇ ਹੋਣ ਦੇ ਨਾਲ ਨਾਲ ਤੁਸੀਂ ਸਾਰੇ ਹੁਨਰਾਂ ਦੇ ਗਿਆਤਾ ਹੋ ਕਿ ਕਿਸ ਬੰਦੇ ਦੇ ਪਾਪ ਕਿਵੇਂ ਖ਼ਤਮ ਕਰਕੇ ਇਸਦਾ ਪਾਰ ਉਤਾਰਾ ਕਰਨਾ ਹੈ।

*ਮਾਧੌ ਹਮ ਐਸੇ ਤੂ ਐਸਾ॥*

ਅਸੀਂ ਇਸ ਤਰ੍ਹਾਂ ਦੇ ਵਿਕਾਰੀ ਹਾਂ ਤੇ ਤੁਸੀਂ ਵਿਕਾਰੀਆਂ ਦਾ ਪਾਰ ਉਤਾਰਾ ਕਰਨ ਵਾਲੇ ਹੋ।

*ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ॥ ਰਹਾਉ॥*

ਅਸੀਂ ਪਾਪ ਕਰਨ ਵਾਲੇ ਹਾਂ ਤੇ ਤੁਸੀਂ ਪਾਪਾਂ ਨੂੰ ਦਗਦ ਕਰਨ ਵਾਲੇ ਹੋ। ਭਾਈ ਵੀਰ ਸਿੰਘ ਹੋਣਾ ਦੀ ਇਕ ਨਜ਼ਮ ਹੈ। ਕਹਿੰਦੇ ਹਨ ਮੰਦਿਰ ਵਿਚ ਗਿਆ ਤੇ ਪੁਜਾਰੀ ਨੇ ਡਰਾ ਦਿੱਤਾ ਕਿ ਜਿਹੜੇ ਤੂੰ ਕੰਮ ਕੀਤੇ ਹਨ, ਚੇਤੇ ਰੱਖੀਂ ਇਸ ਦੀ ਸਜ਼ਾ ਬੜੀ ਖ਼ਤਰਨਾਕ ਹੈ। ਉਹ ਕਹਿੰਦੇ ਹਨ ਕਿ ਕਈ ਵਾਰੀ ਅਸੀਂ ਲੋਕ ਵੀ ਗੁਨਾਹ ਕਰਨ ਵਾਲੇ ਨੂੰ ਕਹਿੰਦੇ ਹਾਂ ਕਿ ਤੇਰੇ ਲਈ ਦਰਵਾਜ਼ੇ ਬੰਦ ਹਨ। ਕਿਸੇ ਨੂੰ ਕਿਹਾ ਗਿਆ ਕਿ 70 ਗੁਨਾਹ ਮਾਫ਼ ਹੋਣਗੇ, ਇਸ ਤੋਂ ਅੱਗੇ ਨਹੀਂ। ਰੱਬਾ ਇੰਨਾ ਤਾਂ ਤੇਰੇ ਹੁਕਮ ਨੂੰ ਸੁਣ ਕੇ ਡਰ ਨਹੀਂ ਲੱਗਦਾ ਜਿੰਨਾ ਵਿਆਖਿਆ ਕਰਨ ਵਾਲੇ ਡਰਾਈ ਜਾਂਦੇ ਹਨ। ਉਹਨਾਂ ਸ਼ਬਦ ਲਿਖਿਆ-

*ਤੂੰ ਪਾਪੀ ਕਹਿ ਕੇ ਪੰਡਿਤ ਜਿੰਦ ਸੁਕਾਈ।*

ਤੂੰ ਮੈਨੂੰ ਪਾਪੀ ਪਾਪੀ ਕਹਿ ਕੇ ਮਰਨ ਤੋਂ ਪਹਿਲਾਂ ਕਿਉਂ ਮਾਰੀ ਜਾਂਦਾ ਹੈਂ। ਹੋ ਸਕਦਾ ਹੈ ਮੇਰੀ ਜ਼ਿੰਦਗੀ ਵਿਚ ਕੋਈ ਮੌਕਾ ਆਵੇ ਜਿਥੇ ਆਸ ਦੀ ਕਿਰਨ ਨਿਕਲੇ, ਪਰ ਤੂੰ ਤਾਂ ਮਰਨ ਤੋਂ ਪਹਿਲਾਂ ਹੀ ਮੈਨੂੰ ਇੰਨਾ ਡਰਾ ਦਿੱਤਾ ਹੈ। ਇੰਨੀ ਮੌਤ ਸੁਣ ਕੇ ਜਿੰਦ ਨਹੀਂ ਸੁੱਕਦੀ ਜਿੰਨਾ



ਤੇਰਾ ਵਿਖਿਆਨ ਸੁਣ ਕੇ ਸੁੱਕ ਗਈ।

*ਬਖਸ਼ਣ ਵਾਲਾ ਮਿਤੋਂ ਬਾਹਰ ਅਸੀਂ ਮਿਤ ਵਿਚ ਪਾਈ।*

ਜਿਸਦੇ ਨਾਮ ਦੇ ਤੂੰ ਮੈਨੂੰ ਡਰਾਵੇ ਦਿੰਦਾ ਹੈਂ, ਉਹ ਇੰਨਾ ਬਖ਼ਸ਼ਿੰਦ ਹੈ ਕਿ ਉਸਦੀ ਬਖ਼ਸ਼ਿਸ਼ ਦਾ ਕਦੀ ਕਿਸੇ ਨੇ ਪਾਰਾਵਾਰ ਨਹੀਂ ਪਾਇਆ। ਮਿਤ ਵਾਲੇ ਦੇ ਕਰਮ ਅਮਿਤੇ ਕਦੀ ਨਹੀਂ ਹੋ ਸਕਦੇ।

*ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ॥*

ਪ੍ਰਮਾਤਮਾ ਨੇ ਪਹਿਲਾਂ ਸਾਜਿਆ, ਫਿਰ ਇਸਨੂੰ ਨਿਵਾਜਿਆ। ਇੰਨੀ ਨਿਵਾਜ਼ਿਸ਼ ਕੀਤੀ, ਪਿੰਡ ਦਿੱਤਾ, ਸਰੀਰ, ਪ੍ਰਾਨ ਦਿੱਤੇ, ਇਸਦੇ ਵਿਚ ਆਪਣੀ ਜਿੰਦ ਟਿਕਾਅ ਦਿੱਤੀ।

*ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ॥ ੨॥*

ਸਾਡੇ ਕੋਲ ਕੋਈ ਗੁਣ ਨਹੀਂ। ਜੇ ਅਸੀਂ ਸਮਝੀਏ ਕਿ ਅਸੀਂ ਗੁਣਾਂ ਕਰਕੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਸਵੀਕਾਰ ਹੋ ਜਾਵਾਂਗੇ ਤਾਂ ਨਹੀਂ, ਬਸ ਉਸਦੀ ਦਇਆਲਤਾ ਹੈ, ਸਾਡੇ ਗੁਣ ਨਹੀਂ। ਸਾਡੇ ਕੋਲ ਕੋਈ ਗੁਣ ਨਹੀਂ। ਪਰ ਪ੍ਰਮਾਤਮਾ ਦਾ ਸੁਭਾਅ ਹੈ ਕਿ ਔਗੁਣਾਂ ਨਾਲ ਭਰਿਆਂ ਹੋਇਆਂ ਨੂੰ ਔਗੁਣ ਦੇਖਕੇ ਵੀ ਦੇਈ ਜਾਂਦਾ ਹੈ।

*ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥*

ਆਪ ਜੀ ਸਾਡਾ ਭਲਾ ਕਰਦੇ ਹੋ, ਪਰ ਅਸੀਂ ਭਲੇ ਨੂੰ ਜਾਣਦੇ ਨਹੀਂ। ਅਸੀਂ ਕਹਿੰਦੇ ਹਾਂ ਵਿਅਕਤੀ ਤੌਰ 'ਤੇ ਪਰ ਪ੍ਰਮਾਤਮਾ ਕ੍ਰਿਪਾ ਕਰਦੇ ਹਨ ਲੰਮੀ ਨਦਰ ਨਾਲ। ਕਈ ਵਾਰੀ ਵਿਅਕਤੀ ਤੌਰ 'ਤੇ ਭਲੇ ਲਈ ਸਾਨੂੰ ਦੁੱਖ ਵੀ ਮਿਲਦਾ ਹੈ ਤੇ ਅਸੀਂ ਕਹਿੰਦੇ ਹਾਂ ਕਿ ਪ੍ਰਮਾਤਮਾ ਨੇ ਪਤਾ ਨਹੀਂ ਕੀ ਕੀਤਾ ਹੈ। ਜਦੋਂ ਥੋੜਾ ਜਿਹਾ ਲੰਮੀ ਨਜ਼ਰ ਨਾਲ ਦੇਖਕੇ ਘਟਨਾ ਵਾਪਰ ਜਾਏ, ਅਸੀਂ ਕਹਿੰਦੇ ਹਾਂ ਕਿ ਪ੍ਰਮਾਤਮਾ ਨੇ ਭਲਾ ਹੀ ਕੀਤਾ ਹੈ।

*ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ॥ ੩॥*

ਸੁੱਖ ਦੇਣ ਵਾਲੇ ਸਰਵ-ਵਿਆਪਕ ਵਾਹਿਗੁਰੂ, ਸਭ ਨੂੰ ਬਣਾਉਣ ਵਾਲੇ ਦਾਤਾ ਜੀ ! ਸਾਨੂੰ ਬੱਚਿਆਂ ਦੀ ਤਰ੍ਹਾਂ ਰੱਖ ਲੈ।

*ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ॥*

ਆਪ ਜੀ ਸਾਰੇ ਖ਼ਜ਼ਾਨਿਆਂ ਦੇ ਮਾਲਕ ਹੋ। ਦੁਨੀਆਂਦਾਰਾਂ ਦੇ, ਬਾਦਸ਼ਾਹਾਂ ਦੇ ਖ਼ਜ਼ਾਨੇ ਖ਼ਾਲੀ ਹੋ ਜਾਂਦੇ ਹਨ ਪਰ ਵਾਹਿਗੁਰੂ ਜੀ ! ਤੁਹਾਡਾ ਖ਼ਜ਼ਾਨਾ ਕਦੀ ਨਹੀਂ ਖ਼ਾਲੀ ਹੋਣਾ। ਜਿੰਨੇ ਵੀ ਜੀਵ-ਜੰਤ ਹਨ, ਸਾਰੇ ਤੇਰੇ ਖ਼ਜ਼ਾਨੇ ਕੋਲ ਖਲੋ ਕੇ ਝੋਲੀਆਂ ਅੱਡ ਕੇ ਮੰਗ ਰਹੇ ਹਨ।

*ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ॥ ੪॥ ੬॥ ੧੭॥*

ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸੱਚੇ ਪਾਤਿਸ਼ਾਹ ! ਸਾਡਾ ਹਾਲ ਇਹ ਹੈ ਕਿ ਅਸੀਂ ਮੈਲੇ ਹਾਂ, ਅਸੀਂ ਔਗੁਣਹਾਰੇ ਹਾਂ, ਅਸੀਂ ਭਲੇ ਨੂੰ ਭਲਾ ਕਰਕੇ ਨਹੀਂ ਜਾਣਦੇ, ਅਸੀਂ ਤੇਰੀ ਦਿੱਤੀ ਦਾਤ ਮਾਣ ਕੇ ਮੁਕਰਦੇ ਪਏ ਹਾਂ ਪਰ ਤੁਸੀਂ ਇਕ ਕ੍ਰਿਪਾ ਕਰੋ, ਆਪਣੀ ਬੰਦਗੀ ਕਰਨ ਵਾਲਿਆਂ ਦੇ ਪੈਰਾਂ ਵਿਚ ਰੱਖ ਲਉ। ਸਤਿਗੁਰ ਰਹਿਮਤ ਕਰਨ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ !

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆



# ਹਉ ਪਾਪੀ ਵਡ ਗੁਨਹਗਾਰੁ

ਸਲੋਕ ਮਹਲਾ ੩॥

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ, ਹਉ ਪਾਪੀ ਵਡ ਗੁਨਹਗਾਰੁ॥
ਹਰਿ ਜੀਉ ਲੇਖੈ ਵਾਰ ਨ ਆਵਈ, ਤੂੰ ਬਖਸਿ ਮਿਲਾਵਣਹਾਰੁ॥
ਗੁਰ ਤੁਠੈ ਹਰਿ ਪ੍ਰਭੁ ਮੇਲਿਆ ਸਭ ਕਿਲਵਿਖ ਕਾਟਿ ਵਿਕਾਰ॥
ਜਿਨਾ ਹਰਿ ਹਰਿ ਨਾਮੁ ਧਿਆਇਆ, ਜਨ ਨਾਨਕ ਤਿਨ੍ ਜੈਕਾਰੁ॥

(ਅੰਗ ੧੪੧੬)

Vol-8

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਹਜ਼ੂਰ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿ ਸੰਗੀ ਜਨੋਂ ! ਅੱਜ ਆਪ ਜੀ ਨੇ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦੀ ਮੁਬਾਰਿਕ ਰਸਨਾ ਤੋਂ ਉਚਾਰਣ ਕੀਤਾ ਹੋਇਆ ਸਲੋਕ, ਜੋ ਵਾਰਾਂ ਤੇ ਵਧੀਕ ਵਿਚ ਦਰਜ ਹੈ। ਅੱਜ ਦੇ ਇਸ ਸਲੋਕ ਦਾ ਸੰਖੇਪ ਭਾਵ ਇਸ ਪ੍ਰਕਾਰ ਹੈ। ਜਦੋਂ ਜਗਿਆਸੂ ਦਾ ਹਿਰਦਾ ਪ੍ਰਭੂ ਦੇ ਨਾਮ ਨੂੰ ਜੱਪ ਕੇ, ਨਿਰਮਲਤਾਈ ਵਿਚ ਆਉਂਦਾ ਹੈ ਤਾਂ ਉਸ ਦੇ ਅੰਦਰ ਇਤਨੀ ਨਿਰਮਾਣਤਾ ਪ੍ਰਵੇਸ਼ ਕਰਦੀ ਹੈ ਕਿ ਪ੍ਰਭੂ ਦੇ ਚਰਨਾਂ ਵਿਚ ਆਪਣੇ ਕੀਤੇ ਹੋਏ ਤੇ ਨਾ ਕੀਤੇ ਹੋਏ ਕਰਮਾਂ ਦਾ ਪਸਚਾਤਾਪ ਕਰਦਾ ਹੈ। ਫਿਰ ਉਸ ਪਛਤਾਵੇ ਦੇ ਵਿਚੋਂ ਇਕ ਭਾਵਨਾ ਵਾਲੀ ਅਰਦਾਸ ਉਪਜਦੀ ਹੈ। ਉਹ ਅਰਦਾਸ ਹੈ, ਅੱਜ ਦਾ ਸਲੋਕ। ਅਰਦਾਸ ਹੈ ਹੇ ਪ੍ਰਭੂ ! ਸਾਡੇ ਕੀਤੇ ਕਰਮਾਂ ਦਾ ਲੇਖਾ ਕਰੋ ਤੇ ਜਿੰਨੇ ਗੁਨਾਹ ਅਸੀਂ ਦਿਨ ਰਾਤ ਕਰਦੇ ਹਾਂ, ਲੇਖੇ ਦੇ ਨਾਲ ਕਦੀ ਵੀ ਸਾਡਾ ਪਾਰ ਉਤਾਰਾ ਨਹੀਂ ਹੋ ਸਕਦਾ। ਸਾਡੇ ਔਗੁਣਾਂ ਦਾ ਅੰਤ ਕੋਈ ਨਹੀਂ। ਤੁਸੀਂ ਕਿਰਪਾ ਕਰੋ, ਤੇ ਸਾਡੇ ਵਰਗੇ ਪਾਪੀਆਂ ਨੂੰ ਆਪਣੇ ਚਰਨਾਂ ਨਾਲ ਮਿਲਾ ਲਉ। ਤੇ ਜੇ ਲੇਖੇ ਵਾਲੇ ਪਾਸੇ ਪੈ ਗਏ, ਤਾਂ ਕਦੀ ਵੀ ਸਾਡੀ ਵਾਰੀ ਨਹੀਂ ਆ ਸਕਦੀ। ਉਸ ਪਿਆਰੇ ਪ੍ਰਭੂ ਦੇ ਚਰਨਾਂ ਵਿਚ ਅਸਥਾਨ ਮਿਲ ਸਕੇ। ਇਸ ਅੰਮ੍ਰਿਤ ਬਚਨ ਨੂੰ ਧੰਨ ਗੁਰੂ ਅਮਰਦਾਸ ਕਿਰਪਾਲੂ ਜੀ ਕਿਰਪਾ ਕਰਨ, ਆਪ ਵਿਚ ਵਰਤ ਕੇ ਵਿਚਾਰ ਕਰਾ ਲੈਣ। ਹਜ਼ੂਰ ਅਮਰਦਾਸ ਜੀ ਦੇ ਚਰਨਾਂ ਵਿਚ ਧਿਆਨ ਟਿਕਾਉਂਦੇ ਹੋਏ, ਕੋਈ ਵੀ ਰਸਨਾ ਦਾਤਾਰ ਜੀ ਦੇ ਨਾਮ ਤੋਂ ਵਾਂਝੀ ਨਾ ਰਹੇ। ਸਤਿਗੁਰੂ ਅਮਰਦਾਸ ਸੱਚੇ

ਪਾਤਿਸ਼ਾਹ ਜੀ ਦੇ ਚਰਨਾਂ ਵਿਚ ਇਕ ਅਰਦਾਸ ਕਰੋ। ਅਸੀਂ ਜੀਵ ਖਿਨ ਖਿਨ ਭੁੱਲਦੇ ਹਾਂ ਤੇ ਇਤਨੇ ਮਾੜੇ ਕਰਮ, ਇਤਨੀਆਂ ਵੱਡੀਆਂ ਭੁੱਲਾਂ ਆਪਣੇ ਜੀਵਨ ਵਿਚ ਕੀਤੀਆਂ ਹਨ ਕਿ ਅਸੀਂ ਔਗੁਣਾਂ ਨਾਲ ਭਰੇ ਹੋਏ ਜੀਵ ਕਦੀ ਵੀ ਛੁਟ ਨਹੀਂ ਸਕਦੇ।

*ਅਸੀ ਖਤੇ ਬਹੁਤੁ ਕਮਾਵਦੇ, ਅੰਤੁ ਨ ਪਾਰਾਵਾਰੁ॥*

(ਅੰਗ ੧੪੧੬)

ਸਾਡੇ ਔਗੁਣਾਂ ਦਾ, ਸਾਡੇ ਗੁਨਾਹਾਂ ਦਾ ਕੋਈ ਅੰਤ ਨਹੀਂ। ਅਸਲ ਵਿਚ ਇਹ ਸ਼ਬਦ ਨਹੀਂ, ਆਪਣੇ ਕੀਤੇ ਹੋਏ ਦਾ ਪਛਤਾਵਾ ਹੈ। ਜਿਹੜੇ ਅਸੀਂ ਕਰਮ ਕਰਦੇ ਹਾਂ, ਉਹਨਾਂ ਕੀਤੇ ਹੋਏ ਕਰਮਾਂ ਵੱਲ ਜੇ ਝਾਤੀ ਮਾਰੀਏ ਤਾਂ ਉਹ ਕੀਤੇ ਹੋਏ ਕਰਮ ਹੀ ਖ਼ਤਰਨਾਕ ਰੂਪ ਧਾਰਨ ਕਰਕੇ ਸਾਨੂੰ ਦਿਨ ਰਾਤ ਡਰਾਉਂਦੇ ਹਨ। ਤੇ ਫਿਰ ਉਸ ਵੇਲੇ ਮਨੁੱਖ ਦੇ ਮਨ ਵਿਚੋਂ ਪਛਤਾਵੇ ਦੀ ਇਕ ਤੜਪ ਪੈਦਾ ਹੁੰਦੀ ਹੈ ਪਰ ਚੇਤੇ ਰਖਿਉ, ਹਰ ਇਕ ਇਨਸਾਨ ਦੇ ਵਿਚ ਇਹ ਤੜਪ ਨਹੀਂ ਕਿ ਆਪਣੇ ਕੀਤੇ ਹੋਏ ਗੁਨਾਹਾਂ ਨੂੰ, ਭੁੱਲਾਂ ਨੂੰ, ਆਪਣੇ ਕੀਤੇ ਹੋਏ ਕਰਮਾਂ ਨੂੰ ਖਿੜੇ ਮੱਥੇ ਸਵੀਕਾਰ ਕਰਕੇ ਕਹਿ ਦੇਵੇ ਕਿ ਹੇ ਪ੍ਰਭੂ ! ਮੈਂ ਖ਼ੁਦ ਦੋਸ਼ੀ ਹਾਂ। ਇਹ ਸ਼ਬਦ ਉਹ ਕਹਿ ਸਕਦਾ ਹੈ ਜਿਸ ਦੇ ਅੰਦਰ ਪ੍ਰਮਾਤਮਾ ਦਾ ਭੈਅ ਤੇ ਮਨ ਦੀ ਨਿਰਮਲਤਾਈ ਆ ਜਾਏ। ਹਉਮੈ ਦਾ ਭਰਿਆ ਹੋਇਆ ਮਨ, ਹੰਕਾਰ ਦੇ ਵਿਚ ਖਚਤ ਹੋਇਆ ਮਨ, ਕਦੀ ਵੀ ਇਸ ਗੱਲ ਨੂੰ ਸਵੀਕਾਰ ਕਰਨ ਵਾਸਤੇ ਤਿਆਰ ਨਹੀਂ ਕਿ ਮੈਂ ਗੁਨਾਹਗਾਰ ਹਾਂ। ਹੁਣ ਆਪਾਂ ਦੇਖਾਂਗੇ ਕਿ ਕੀਤੇ ਹੋਏ ਕਰਮਾਂ ਦਾ ਪਛਤਾਵਾ ਹੈ। ਤੇ ਜਿਹੜੇ ਕੀਤੇ ਨਹੀਂ, ਉਹਨਾਂ ਦਾ ਪਛਤਾਵਾ ਕਿਹੜਾ। ਗੁਰਮਤਿ ਵਿਚ ਆਪਾਂ ਨੂੰ ਇਹ ਦੋਵੇਂ ਹੀ ਚੀਜ਼ਾਂ ਮਿਲਦੀਆਂ ਹਨ।

ਜਗਿਆਸੂ ਕੀਤੇ ਹੋਏ ਕਰਮਾਂ ਦਾ ਵੀ ਪਛਤਾਵਾ ਕਰਦਾ ਹੈ ਤੇ ਜਿਹੜੇ ਕਰਮ ਨਹੀਂ ਕੀਤੇ, ਉਹਨਾਂ ਦਾ ਵੀ ਪਛਤਾਵਾ ਕਰਕੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ। ਪਹਿਲੀ ਬੇਨਤੀ ਕਿ ਕੀਤੇ ਹੋਏ ਕਰਮਾਂ ਦਾ ਪਸਚਾਤਾਪ ਕੀ ਹੈ। ਕਿਹੜੇ ਕਰਮ ਹਨ ਜਿਨ੍ਹਾਂ ਨੂੰ ਕਰਨ ਤੋਂ ਬਾਅਦ ਜੀਵ ਇਕੋ ਦਮ ਪਛਤਾਵੇ ਵਿਚ ਆ ਕੇ ਪੁਕਾਰਦਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਉਸ ਕੀਤੇ ਹੋਏ ਕਰਮਾਂ ਦਾ ਜ਼ਿਕਰ ਹਜ਼ੂਰ ਨੇ ਕੀਤਾ ਹੈ।

ਆਪਾਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਬਚਨਾਂ ਵਿਚ ਗੁਰੂ ਰਾਮਦਾਸ ਜੀ ਦਾ ਇਕ ਅੰਮ੍ਰਿਤ ਸ਼ਬਦ ਪੜ੍ਹਦੇ ਹਾਂ। ਹਜ਼ੂਰ ਦੇ ਸ਼ਬਦਾਂ ਵਿਚ॥ ਰਹਾਉ॥ ਦੀਆਂ ਤੁੱਕਾਂ ਹਨ।

*ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ॥*

(ਅੰਗ ੧੬੭)

ਇਸਦਾ ਮਤਲਬ ਇਹ ਨੀਚ ਕਰਮ ਮੈਂ ਕਰ ਰਿਹਾ ਹਾਂ। ਇਹ ਨੀਚ ਕਰਮ ਮੈਂ ਦਿਨ ਰਾਤ ਕਰਦਾ ਹਾਂ। ਇਹਨਾਂ ਨੀਚ ਕਰਮਾਂ ਨੂੰ ਜਾਂ ਤੂੰ ਜਾਣਦਾ ਹੈਂ ਤੇ ਜਾਂ ਮੇਰਾ ਅੰਦਰ ਵਾਲਾ ਮਨ ਜਾਣਦਾ ਹੈ। ਸੱਚ ਜਾਣੀ, ਸਾਡੇ ਦੋਵਾਂ ਤੋਂ ਬਿਨਾਂ ਮੇਰੇ ਕੋਲ ਬੈਠੇ ਹੋਏ ਪਰਿਵਾਰ ਨੂੰ ਵੀ ਪਤਾ



ਨਹੀਂ ਕਿ ਮੇਰੇ ਇਹ ਕਰਮ ਕਿੰਨੇ ਕੁ ਨੀਚ ਹਨ। ਮਹਾਰਾਜ ਉਹ ਕਿਹੜੇ ਨੀਚ ਕਰਮ ਹਨ?

*ਮੇਰੇ ਰਾਮ ਇਹ ਨੀਚ ਕਰਮ ਹਰਿ ਮੇਰੇ॥*

ਤੇ ਅੱਗੇ ਬਚਨ ਕਰਦੇ ਹਨ ਕਿ

*ਗੁਣਵੰਤਾ ਹਰਿ ਹਰਿ ਦਇਆਲੁ*

ਵਾਹਿਗੁਰੂ ਜੀ ! ਕਰੋ ਕ੍ਰਿਪਾ, ਮੇਰੇ ਕਰਮਾਂ ਨੂੰ ਨਾ ਚਿਤਾਰੋ। ਮੈਂ ਮੰਨ ਲਿਆ ਜਿਹੜੇ ਇਹ ਮੈਂ ਨੀਚ ਕਰਮ ਕੀਤੇ ਹਨ

*ਗੁਣਵੰਤਾ ਹਰਿ ਹਰਿ ਦਇਆਲੁ ਕਰ ਕਿਰਪਾ ਬਖਸਿ ਅਵਗਣ ਸਭਿ ਮੇਰੇ॥*

(ਅੰਗ ੧੬੭)

ਹੁਣ ਉਹ ਨੀਚ ਕਰਮ ਕਿਹੜੇ ਹਨ? ਪਿਆਰਿਉ ! ਇਸ ਨੀਚ ਕਰਮ ਤੋਂ ਕੋਈ ਬਹੁਤ ਹੀ ਬਖ਼ਸ਼ੀ ਹੋਈ ਰੂਹ ਹੋਵੇ ਜਿਹੜੀ ਬੱਚ ਗਈ ਹੋਵੇ। ਨਹੀਂ ਤਾਂ ਸੱਚ ਜਾਣੋ, ਇਸ ਨੀਚ ਕਰਮ ਵਿਚ ਸਮੁੱਚਾ ਸੰਸਾਰ ਪ੍ਰਵਿਰਤ ਹੈ। ਮੇਰੇ ਗੁਰੂ ਰਾਮਦਾਸ ਜੀ ਨੇ ਉਸ ਨੀਚ ਕਰਮ ਦਾ ਜ਼ਿਕਰ ਕਰਦਿਆਂ ਹੋਇਆਂ ਕਿਹਾ ਕਿ ਸਭ ਤੋਂ ਪਹਿਲਾਂ ਨੀਚ ਕਰਮ ਇਹ ਹੈ ਕਿ ਮਨੁੱਖ ਨੂੰ ਜੋ ਰੱਬ ਨੇ ਦਿੱਤਾ ਹੈ, ਉਸ ਦੇ ਦਿੱਤੇ ਹੋਏ 'ਤੇ ਭਰੋਸਾ ਨਹੀਂ। ਸਭ ਤੋਂ ਵੱਡਾ ਨੀਚ ਕਰਮ ਇਹ ਹੈ ਕਿ ਆਪਣੇ ਘਰ ਵਿਚ ਸੰਤੁਸ਼ਟੀ ਨਾ ਰੱਖ ਕੇ ਦੂਸਰੇ ਦੇ ਘਰ ਵੱਲ ਝਾਤੀ ਮਾਰਨੀ ਸ਼ੁਰੂ ਕਰ ਦੇਵੇ। ਦੂਸਰੇ ਦੇ ਘਰ ਵੱਲ ਝਾਤੀ ਮਾਰਨ ਤੋਂ ਭਾਵ ਕੀ ਹੈ। ਆਪਣੇ ਘਰ ਪ੍ਰਮਾਤਮਾ ਨੇ ਸੁੱਕੀ ਦਿੱਤੀ, ਮਿਸੀ ਦਿੱਤੀ, ਉਹਨੂੰ ਛੱਕ ਕੇ ਪ੍ਰਮਾਤਮਾ ਦਾ ਸ਼ੁਕਰ ਕਰੇ ਤਾਂ ਇਹ ਇਕ ਗੁਣ ਬਣ ਜਾਏਗਾ। ਇਹ ਸ਼ੁਭ ਕਰਮ ਹੋਵੇਗਾ ਤੇ ਜੇ ਪ੍ਰਮਾਤਮਾ ਨੇ ਤੈਨੂੰ ਦਿੱਤਾ ਹੈ, ਉਹ ਤਾਂ ਛੱਕ ਕੇ ਸ਼ੁਕਰ ਨਾ ਕਰੇ ਤੇ ਆਪਣੇ ਗਵਾਂਢੀ ਦੇ ਧਨ ਪਦਾਰਥਾਂ ਵੱਲ, ਉਹਦੇ ਕੀਮਤੀ ਪਕਵਾਨ ਵੱਲ, ਉਹਦੇ ਘਰ ਦੇ ਸੁੱਖ ਵੱਲ ਦੇਖਕੇ ਤੂੰ ਆਪਣੇ ਘਰ ਦੇ ਇਸ ਸੁੱਖ ਨੂੰ ਠੋਕਰ ਮਾਰ ਦੇਵੇਂ, ਤੇ ਕੇਵਲ ਉਸ ਵੱਲ ਝਾਤੀ ਮਾਰਨੀ ਸ਼ੁਰੂ ਕਰ ਦੇਵੇਂ ਕਿ ਇਹਦੇ ਘਰ ਦਾ ਸੁੱਖ ਮੇਰੇ ਵੱਲ ਆ ਜਾਏ। ਸੱਚ ਜਾਣੀ, ਇਹ ਬਿਰਤੀ ਵੀ ਨੀਚ ਕਰਮ ਹੈ। ਇਹ ਸ਼ੁਭ ਕਰਮ ਨਹੀਂ। ਦੂਸਰੀ ਬੇਨਤੀ ਹੈ ਕਿ ਆਪਣੇ ਜੀਵਨ ਵਿਚ ਇਕ ਜੀਵਨ ਸਾਥੀ ਚੁਣਿਆ ਹੈ ਤੇ ਉਸ ਜੀਵਨ ਸਾਥੀ ਦਾ ਪੱਲਾ ਪਕੜ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪਣੇ ਮਾਪਿਆਂ ਦੇ ਸਾਹਮਣੇ, ਇਹ ਪ੍ਰਣ ਕੀਤਾ ਕਿ ਜਿਸ ਦੇ ਲੜ ਤੁਸੀਂ ਮੈਨੂੰ ਅੱਜ ਲਾਇਆ ਹੈ, ਮੇਰੀ ਜ਼ਿੰਦਗੀ ਦਾ ਸਹਾਰਾ ਕੇਵਲ ਹੁਣ ਇਹ ਹੈ। ਕਹਿਣ ਲੱਗੇ ਜਿਸ ਨੇ ਤੇਰੇ ਲੜ ਨੂੰ ਪਕੜ ਕੇ ਤੇਰੇ 'ਤੇ ਇਤਨਾ ਵੱਡਾ ਭਰੋਸਾ ਕੀਤਾ ਹੈ, ਤੂੰ ਉਸ ਵਾਲੇ ਪੱਖ ਤੋਂ ਹੱਟ ਕੇ ਪਰਾਏ ਘਰ ਵੱਲ ਝਾਤੀਆਂ ਮਾਰਨ ਲੱਗ ਪਿਆ। ਤੂੰ ਪਰ ਦਾਰਾ ਸੰਗ, ਪਰ ਕਿਰਿਆ ਵਾਲੇ ਪਾਸੇ ਖੱਚਤ ਹੋ ਗਿਆ। ਸੱਚ ਜਾਣੀ, ਇਹ ਤੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਨੀਚ ਕਰਮ ਹੈ।

*ਪੁੰਨ ਦਾਨ ਕਾ ਕਰੇ ਸਰੀਰੁ॥*

(ਅੰਗ ੯੫੨)

ਜਦੋਂ ਅਸੀਂ ਧਰਮ ਦੀ ਵਿਆਖਿਆ ਕਰਨ ਲੱਗਦੇ ਹਾਂ ਤਾਂ ਉਦੋਂ ਅਸੀਂ ਇਹ ਵੀ ਕਹਿੰਦੇ ਹਾਂ, ਕਿ ਪੁੰਨ ਕਰਨਾ ਬੜਾ ਵੱਡਾ ਧਰਮ ਹੈ। ਦਾਨ ਕਰਨਾ ਬੜਾ ਵੱਡਾ ਧਰਮ ਹੈ। ਗ਼ਰੀਬ ਲੋੜਵੰਦ ਦੀ ਮਦਦ ਕਰਨੀ ਬੜਾ ਵੱਡਾ ਧਰਮ ਹੈ। ਸਾਨੂੰ ਇਹ ਗੱਲਾਂ ਸਿਖਾਈਆਂ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਪੁੰਨ ਕਰੋ, ਦਾਨ ਕਰੋ, ਗ਼ਰੀਬਾਂ ਦੀ ਸੇਵਾ ਕਰੋ, ਦੁਖੀਆਂ ਤੇ ਰੋਗੀਆਂ ਦੀ ਮਦਦ ਕਰੋ। ਜੱਪ ਕਰ, ਤਪ ਕਰ, ਇਕ ਇਕ ਗੁਣ ਸਿਖਾਉਣ ਦੀ ਬਜਾਏ ਜੇ ਬੰਦੇ ਦਾ ਅੰਦਰ ਜਾਗ ਪਵੇ। ਜੇ ਪ੍ਰਮਾਤਮਾ ਦੇ ਸਿਮਰਨ ਵਿਚ ਜੁੜ ਜਾਏ। ਜੇ ਇਹ ਪ੍ਰਭੂ ਦੇ ਕੀਰਤਨ ਵਿਚ ਜੁੜ ਜਾਏ। ਫਿਰ ਚੇਤੇ ਰਖਿਉ, ਰੱਬ ਮਿਲ ਜਾਏ ਤੇ ਕੁਦਰਤੀ ਤੌਰ ਤੇ ਜਿਹੜੇ ਬਾਕੀ ਦੇ ਗੁਣ ਹਨ, ਉਹ ਆਪਣੇ ਆਪ ਹੀ ਅੰਦਰ ਪ੍ਰਵੇਸ਼ ਕਰ ਜਾਂਦੇ ਹਨ। ਜਿਹੜਾ ਹਿਰਦੇ ਵਿਚ ਰੱਬ ਦਾ ਸਿਮਰਨ ਹੈ, ਉਹ ਦਿਆਲੂ ਨਹੀਂ, ਉਹ ਪਰਉਪਕਾਰੀ ਨਹੀਂ, ਉਹ ਦਾਨ ਪੁੰਨ ਕਰਨ ਵਾਲਾ ਨਹੀਂ। ਇਹ ਕਾਰਣ ਹੈ ਕਿ ਲੋਕ ਬਾਹਰੋਂ ਦਾਨ ਪੁੰਨ ਆਪਣੇ ਵੱਲੋਂ ਤੀਰਥ ਇਸ਼ਨਾਨ, ਲੋੜਵੰਦ ਦੀ ਮਦਦ ਕਰਦੇ ਹਨ ਤੇ ਅੰਦਰ ਪਵਿੱਤਰ ਨਹੀਂ ਹੁੰਦਾ। ਅੰਦਰ ਪਵਿੱਤਰ ਨਾ ਹੋਏ, ਤਾਂ ਬਾਹਰ ਦਾ ਕੀਤਾ ਹੋਇਆ ਕਰਮ ਇਸ ਨੂੰ ਪਕੜ ਲੈਂਦਾ ਹੈ ਤੇ ਬਾਹਰ ਦੇ ਧਰਮ ਕਰਮ ਨੂੰ ਹੰਕਾਰ ਪਕੜਦਾ ਹੈ, ਫਿਰ ਕੀਤੇ ਹੋਏ ਕਰਮ ਵੀ ਨਿਹਫਲ ਚਲੇ ਜਾਂਦੇ ਹਨ।

*ਤੀਰਥ ਬਰਤ ਅਰੁ ਦਾਨ ਕਰਿ॥*

(ਅੰਗ ੧੪੨੮)

ਸਾਰੇ ਇਹ ਕੰਮ ਸ਼ੁਭ ਹਨ। ਇਹ ਕਰਮ ਕਰਨੇ ਚਾਹੀਦੇ ਸਨ। ਤੀਰਥ ਦਾ ਅੱਖਰੀ ਅਰਥ ਹੈ ਗੁਰੂ ਦੇ ਸ਼ਬਦ ਵਿਚ ਇਸ਼ਨਾਨ ਕਰਨਾ। ਸਤਿਗੁਰੂ ਗੁਰੂ ਤੇਗ਼ ਬਹਾਦਰ ਜੀ ਦਾ ਇਹ ਸਲੋਕ ਹੈ। ਉਹਨਾਂ ਨੇ ਬਾਣੀ ਵਿਚ ਮਨ ਨੂੰ ਸੁਚੇਤ ਕਰਦਿਆਂ ਵੀ ਕਿਹਾ ਹੈ-

*ਮਨ ਕੀ ਮਨ ਹੀ ਮਾਹਿ ਰਹੀ॥*
*ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥*

(ਅੰਗ ੬੩੧)

ਨਾ ਤੂੰ ਰੱਬ ਨੂੰ ਜਪਿਆ, ਨਾ ਤੂੰ ਤੀਰਥ ਸੇਵੇ, ਨਾ ਗੁਰੂ ਦੀ ਸੇਵਾ ਕੀਤੀ ਤੇ ਕਾਲ ਤੇ ਮੌਤ ਨੇ ਤੇਰੀ ਚੋਟੀ ਨੂੰ, ਤੇਰੇ ਸਿਰ ਨੂੰ ਆਣ ਕੇ ਪਕੜ ਲਿਆ। ਇਥੇ ਸਾਹਿਬ ਕਹਿੰਦੇ ਹਨ ਕਿ ਜਿਹੜੇ ਸੇਵਾ ਕਰਦੇ ਹਨ, ਤੇ ਜੇ ਉਹ ਅੰਦਰੋਂ ਨਹੀਂ ਜੁੜੇ, ਤੇ ਅੰਦਰ ਹਉਮੈ, ਗੁਮਾਨ ਤੇ ਹਉਮੈ ਦਾ ਬੀਜ ਅੰਕੁਰ ਪ੍ਰਗਟ ਹੋ ਗਿਆ ਤਾਂ ਉਹਨੂੰ ਸਾਹਿਬ ਕਹਿੰਦੇ ਹਨ-

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥*

(ਅੰਗ ੧੪੨੮)

ਜੇ ਅੰਦਰੋਂ ਨਹੀਂ ਜੁੜਿਆ ਤੇ ਫਿਰ ਬਾਹਰ ਦਾ ਤੀਰਥ ਕਈ ਵਾਰੀ ਮਲੀਨਤਾ ਬਣ



ਜਾਂਦਾ ਹੈ। ਹਜ਼ੂਰ ਦਾ ਬਚਨ ਅਸੀਂ ਪੜ੍ਹਦੇ ਹਾਂ-

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥* (ਅੰਗ ੭੮੯)

ਮਨ ਵਿਚ ਖੋਟ ਹੈ, ਕਪਟ ਹੈ, ਤਨ ਚੋਰ ਦਾ ਅਰਥ ਹੈ ਸਰੀਰ ਦੇ ਵਿਚ ਵਿਕਾਰ ਰੂਪੀ ਚੋਰ ਬੈਠੇ ਹਨ। ਜੇ ਬੰਦਾ ਅੰਦਰੋਂ ਨਿਰਮਲਤਾਈ ਲੈ ਕੇ ਚੱਲਦਾ ਤਾਂ ਤੀਰਥਾਂ 'ਤੇ ਜਾ ਕੇ ਮਨ ਅੰਦਰੋਂ ਭਟਕਣਾ ਨਹੀਂ ਸੀ। ਤੇ ਦੇਖੋ ਮਨੁੱਖ ਆਪਣੇ ਆਪ ਨੂੰ ਸਜ਼ਾ ਨਹੀਂ ਦੇਂਦਾ ਕਿ ਮੈਂ ਇਹ ਕਰਮ ਕੀਤੇ। ਦੂਜੇ ਦੇ ਕੀਤੇ ਹੋਏ ਕਰਮਾਂ ਨੂੰ ਸਜ਼ਾ ਦਵਾਉਣ ਲਈ ਇਹ ਬੜਾ ਉਤਾਵਲਾ ਹੈ। ਹੁਣ ਆਪਣੇ ਕੀਤੇ ਹੋਏ ਜਿਹੜੇ ਕਰਮ ਹਨ ਉਹਨਾਂ 'ਤੇ ਪਰਦਾ ਪੈ ਗਿਆ। ਉਹ ਕਿਸੇ ਨੂੰ ਦਿੱਸਦੇ ਨਹੀਂ। ਦੂਜੇ ਦੇ ਕੀਤੇ ਹੋਏ ਜਿਹੜੇ ਕਰਮ ਹਨ, ਉਹ ਸਾਹਮਣੇ ਆ ਗਏ। ਜਿਸ ਦੇ ਕਰਮ ਸਾਹਮਣੇ ਆ ਗਏ ਉਹ ਅਪਰਾਧੀ ਬਣ ਗਿਆ। ਜਿਸ ਨੇ ਆਪਣੇ ਕਰਮਾਂ ਉੱਤੇ ਪਰਦੇ ਪਾ ਲਏ, ਸੱਚ ਜਾਣੋ, ਉਹ ਬੰਦਾ ਜਿਹੜਾ ਆਪਣੇ ਆਪ ਨੂੰ ਧਰਮੀ ਕਹਿਣ ਲੱਗ ਪਿਆ। ਦੇਖੋ ਧਨ ਵਾਲੇ ਦੇ ਕੀਤੇ ਹੋਏ ਕੁਕਰਮ ਉਹਨਾਂ ਦੇ ਉੱਤੇ ਪਰਦੇ ਪੈ ਜਾਂਦੇ ਹਨ। ਗ਼ਰੀਬ ਬੰਦੇ ਦੀ ਨਿੱਕੀ ਜਹੀ ਕੀਤੀ ਹੋਈ ਗ਼ਲਤੀ ਵੀ ਬਹੁਤ ਵੱਡਾ ਗੁਨਾਹ ਸਮਝਿਆ ਜਾਂਦਾ ਹੈ। ਹਜ਼ੂਰ ਨੇ ਅੰਮ੍ਰਿਤ ਬਾਣੀ ਵਿਚ ਕ੍ਰਿਪਾਲਤਾ ਕੀਤੀ ਹੈ।

*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥*
*ਬਾਹਰਿ ਧੋਤੀ ਤੂਮੜੀ*

ਬਾਹਰੋਂ ਜੇ ਕੋਈ ਤੂੰਬੜੀ ਨੂੰ ਧੋ ਦੇਵੇ ਤਾਂ ਕੀ ਉਹਦੇ ਅੰਦਰ ਦੀ ਕੁੜੱਤਨ ਚਲੀ ਜਾਏਗੀ?

*ਬਾਹਰ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥*

(ਅੰਗ ੭੮੯)

ਜਿਸ ਬੰਦੇ ਨੇ ਗੁਨਾਹ ਕੀਤੇ ਆਪਣੇ ਅੰਦਰ ਨੂੰ ਸਜ਼ਾ ਦਿਵਾਉਣੀ ਹੋਵੇ ਤਾਂ ਉਹ ਆਪਣੇ ਗੁਨਾਹਾਂ ਨੂੰ ਛੁਪਾਏਗਾ। ਹਜ਼ੂਰ ਨੇ ਕਿਹਾ-

*ਸੋ ਗਿਰਹੀ ਜੋ ਨਿਗ੍ਰਹੁ ਕਰੈ॥*
*ਜਪੁ ਤਪੁ ਸੰਜਮੁ ਭੀਖਿਆ ਕਰੈ॥*
*ਪੁੰਨ ਦਾਨ ਕਾ ਕਰੇ ਸਰੀਰੁ॥*
*ਸੋ ਗਿਰਹੀ ਗੰਗਾ ਕਾ ਨੀਰੁ॥*

(ਅੰਗ ੯੫੨)

ਗ੍ਰਿਹਸਤੀ ਗੰਗਾ ਦੇ ਪਾਣੀ ਦੀ ਤਰ੍ਹਾਂ ਨਿਰਮਲ ਹੈ। ਅੱਜ ਦੇ ਸਲੋਕ ਵਿਚ ਕੀਤੇ ਹੋਏ

ਕਰਮਾਂ ਦਾ ਪਸਚਾਤਾਪ ਹੈ। ਮੈਂ ਬੇਨਤੀ ਕੀਤੀ ਹੈ ਕਿ ਸਭ ਤੋਂ ਪਹਿਲਾਂ ਮੇਰੇ ਨੀਚ ਕਰਮ ਹਨ। ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਸੁਰਾ ਅਤੇ ਸੁੰਦਰੀ ਚੇਤੇ ਰੱਖੋ ਇਹਨਾਂ ਪਦਾਰਥਾਂ ਵਿਚ ਸਾਡਾ ਅੰਦਰ ਖੱਚਤ ਹੈ। ਇਸਤਰੀ ਵਿਚ ਤੇ ਸੋਨੇ ਵਿਚ ਸਾਡਾ ਅੰਦਰ ਪ੍ਰਵਿਰਤ ਹੈ। ਇਹਨਾਂ ਕੀਤੇ ਹੋਏ ਕਰਮਾਂ ਦਾ ਪਛਤਾਵਾ ਕਰ। ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਦਾਤਾਰ ਜੀ ਪ੍ਰਭੂ ਦੇ ਚਰਨਾਂ ਵਿਚੋਂ ਜੇ ਕੋਈ ਬੰਦਾ ਕੁਕਰਮੀ ਹੈ, ਉਹਨੂੰ ਅਰਦਾਸ ਕਰਨ ਦੀ ਜੁਗਤ ਹਜ਼ੂਰ ਨੇ ਦੱਸੀ ਹੈ। ਹਜ਼ੂਰ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਅਸੀਂ ਪੜ੍ਹਦੇ ਹਾਂ। ਤੇ ਉਹਨਾਂ ਨੇ ਪਸਚਾਤਾਪ ਕਰਨ ਲਈ ਇਕ ਸ਼ਬਦ ਕਿਹਾ ਹੈ। ਕਹਿੰਦੇ ਹਨ ਕਿ ਕਦੀ ਤੂੰ ਅਰਦਾਸ ਕਰ- ***ਗਲੀ ਅਸੀ ਚੰਗੀਆ*** ਗੱਲਾਂ ਕਰਕੇ ਅਸੀਂ ਧਰਮੀ ਹਾਂ।

*ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*

(ਅੰਗ ੮੫)

ਇਹ ਹੈ ਸਾਡਾ ਇਕ ਗੁਨਾਹ। ਅਸੀਂ ਕਰਮਾਂ ਕਰਕੇ ਧਰਮੀ ਨਹੀਂ ਹਾਂ। ਜਿਹੜੀ ਤੇਰੇ ਦਰ 'ਤੇ ਪ੍ਰਵਾਨ ਹੋਈਆਂ ਸੁਹਾਗਣਾਂ ਹਨ, ਉਹਨਾਂ ਵਰਗਾ ਭੇਖ ਬਣਾ ਕੇ ਆਪਨੇ ਆਪ ਨੂੰ ਸਮਝਦੇ ਹਨ, ਕੀ ਅਸੀਂ ਸੁਹਾਗਣਾਂ ਨਹੀਂ? ਸਾਡੇ ਕਰਮ ਇਹੋ ਜਿਹੇ ਨੀਚ ਹਨ। ਇਹ ਹੈ ਕੀਤੇ ਹੋਏ ਕਰਮਾਂ ਦਾ ਪਛਤਾਵਾ। ਹਜ਼ੂਰ ਨੇ ਅੰਮ੍ਰਿਤ ਬਾਣੀ ਵਿਚ ਕਿਹਾ ਹੈ ਕਿ ਉਹ ਕੀਤੇ ਜਿਹੜੇ ਕਰਮ ਹਨ, ਇਹਨਾਂ ਦਾ ਪਛਤਾਵਾ ਆਪਨੇ ਅੰਦਰ ਆਤਮਾ ਤੋਂ ਕੀਤਾ ਜਾਏ ਤੇ ਰੱਬ ਗੁਨਾਹ ਬਖ਼ਸ਼ਦਾ ਹੈ।

ਰੱਬੀ ਪਿਆਰੇ ਇਕ ਬਹੁਤ ਸਹਣੀ ਉਦਾਹਰਣ ਦੇਂਦੇ ਹਨ। ਦੇਖੋ ਮਨੁੱਖ ਆਪਨੇ ਸੰਸਾਰ ਵਿਚ ਵਿਚਰ ਜਾਏ। ਕੋਈ ਨੁਕਸਾਨ ਹੋ ਜਾਏ ਤੇ ਰੋਂਦਾ ਹੈ। ਧਨ ਚਲਾ ਜਾਏ ਤੇ ਅੱਖਾਂ ਵਿਚੋਂ ਨੀਰ ਰੁਕਦਾ ਨਹੀਂ। ਘਰ ਦਾ ਕੋਈ ਜੀਅ ਚਲਾ ਜਾਏ ਤਾਂ ਅੰਦਰ ਰੁਕਦਾ ਨਹੀਂ। ਜੇ ਕੋਈ ਕੀਮਤੀ ਵਸਤੂ ਚੱਲੀ ਜਾਏ ਤਾਂ ਮਨੁੱਖ ਦਿਨ ਰਾਤ ਵਿਲਕਦਾ ਹੈ। ਸੱਚੇ ਪਾਤਿਸ਼ਾਹ ਕਿਰਪਾਲੂ ਜੀ ! ਮੇਹਰ ਕਰਦੇ ਹਨ। ਕਹਿੰਦੇ ਹਨ ਕਿ ਧਨ ਚਲਾ ਜਾਏ ਤੇਰੀਆਂ ਅੱਖਾਂ ਚੋਂ ਨੀਰ ਨਿਕਲਦਾ ਹੈ। ਪਰ ਚੇਤੇ ਰੱਖੀਂ, ਰੋਣ ਨਾਲ ਕਦੀ ਧਨ ਵਾਪਸ ਨਹੀਂ ਆਇਆ। ਪਿਆਰਿਉ ! ਸੰਸਾਰ ਦੀ ਕੋਈ ਚੀਜ਼ ਚੱਲੀ ਜਾਏ, ਅੱਖਾਂ ਦਾ ਪਾਣੀ ਜਿੰਨਾ ਮਰਜ਼ੀ ਵਗਾ ਲਈਏ, ਉਹ ਗਏ ਹੋਏ ਕੀਮਤੀ ਪਦਾਰਥ, ਧਨ ਜ਼ਮੀਨ, ਪਰਿਵਾਰ ਦੇ ਜੀਅ ਵਾਪਸ ਨਹੀਂ ਆਉਂਦੇ। ਪਰ ਤੂੰ ਕੁਕਰਮ ਕੀਤੇ ਹਨ ਤੇ ਕਿਤੇ ਗੁਰੂ ਦੇ ਚਰਨਾਂ 'ਤੇ ਗਿਰ ਕੇ ਪਸਚਾਤਾਪ ਦੇ ਚਾਰ ਅੱਥਰੂ ਸੁੱਟ ਦੇਵੇਂ ਤਾਂ ਇਹਨਾਂ ਅੱਥਰੂਆਂ ਵਿਚ ਇਤਨੀ ਤਾਕਤ ਹੈ ਕਿ ਤੈਨੂੰ ਕਰੋੜਾਂ ਜਨਮਾਂ ਤੋਂ ਵਿਛੜੇ ਹੋਏ ਰੱਬ ਦੇ ਚਰਨਾਂ ਵਿਚ ਜੋੜ ਸਕਦੇ ਹਨ। ਦੁਨੀਆਂ ਦੇ ਅੱਥਰੂ ਸੁੱਟਣ ਨਾਲ ਨਹੀਂ। ਪਰ ਜੇ ਤੇਰੀਆਂ ਅੱਖਾਂ ਵਿਚੋਂ ਪਸਚਾਤਾਪ ਦੀਆਂ ਚਾਰ ਬੂੰਦਾਂ ਡਿੱਗ ਪਈਆਂ ਤਾਂ



ਇਹਨਾਂ ਬੂੰਦਾਂ ਵਿਚ ਇਤਨੀ ਤਾਕਤ ਹੈ ਕਿ ਤੇਰੇ ਕਰੋੜਾਂ ਜਨਮਾਂ ਦੇ ਕੀਤੇ ਹੋਏ ਕਲੰਕਾਂ ਨੂੰ ਧੋ ਕੇ ਰੱਖ ਦੇਵੇ। ਹਾਂ, ਜੇਕਰ ਕਿਤੇ ਤੇਰਾ ਅੰਦਰ ਪਸਚਾਤਾਪ ਵਿਚ ਜੁੜ ਜਾਏ। ਸਤਿਗੁਰੂ ਤਾਂ ਸਮਰੱਥ ਹਨ, ਉਹਨਾਂ ਨੇ ਸਾਨੂੰ ਸ਼ਬਦ ਵਿਚ ਸਮਝਾਇਆ ਹੈ ਕਿ ਤੂੰ ਪਸਚਾਤਾਪ ਕਿਵੇਂ ਕਰ। ਪਸਚਾਤਾਪ ਹੈ ਦਾਤਾ !

*ਮੈ ਕੀਤਾ ਨ ਜਾਤਾ ਹਰਾਮਖੋਰੁ॥*

ਤੇਰੇ ਕੀਤੇ ਨੂੰ ਜਾਣਿਆ ਨਹੀਂ, ਇਹ ਨੀਚ ਕਰਮ ਹੈ।

*ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥*
*ਨਾਨਕੁ ਨੀਚੁ ਕਹੈ ਬੀਚਾਰੁ॥*

(ਅੰਗ ੨੪)

*ਕਹੋ ਕਬੀਰ ਮੇਰੇ ਮਾਧਵਾ ਤੂੰ ਸਰਬ ਬਿਆਪੀ॥*
*ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥*

(ਅੰਗ ੮੫੬)

ਕੀਤੇ ਹੋਏ ਕਰਮਾਂ ਦਾ ਪਛਤਾਵਾ ਹੈ-

*ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ॥*
*ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥ ੧॥*
*ਰਾਮ ਗੁਸਈਆ ਜੀਅ ਕੇ ਜੀਵਨਾ॥*
*ਮੋਹਿ ਨਾ ਬਿਸਾਰਹੁ ਮੈ ਜਨੁ ਤੇਰਾ॥*

(ਅੰਗ ੩੪੫)

ਮੇਰੀ ਸੰਗਤ ਪੋਚ ਸੋਚ ਦਾ ਅੱਖਰੀ ਅਰਥ ਹੁੰਦਾ ਹੈ ਮਾੜੀ ਤੇ ਨਖਿਧ। ਜਿਹੜੇ ਮੈਂ ਨੀਚ ਕਰਮ ਕਰਦਾ ਹਾਂ, ਹੇ ਪ੍ਰਮਾਤਮਾ ! ਭੈੜੀ ਸੰਗਤ ਵਿਚ ਭੈੜੇ ਕਰਮ ਕਰਨ ਨਾਲ ਮੇਰਾ ਕਦੀ ਛੁਟਕਾਰਾ ਨਹੀਂ ਹੋ ਸਕਦਾ। ਜਿੰਨੀ ਵੀ ਰੱਬ ਵੱਲ ਚੱਲਣ ਦੀ ਗੱਲ ਸੀ ਉਹ ਤਾਂ ਮੈਂ ਜ਼ਿੰਦਗੀ ਵਿਚ ਅਪਨਾਈ ਨਹੀਂ ਤੇ ਹਰ ਕਰਮ ਹੀ ਪੁੱਠਾ ਕੀਤਾ। ਜ਼ਿੰਦਗੀ ਨੂੰ ਜੀਵਨ ਨਾਲ ਜੀਵਨ ਦੇਣ ਵਾਲਿਆ !

*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥*
*ਮੇਰੀ ਹਰੋ ਬਿਪਤਿ ਜਨ ਕਰਹੁ ਸੁਭਾਈ॥*
*ਚਰਣ ਨਾ ਛਾਡਉ ਸਰੀਰ ਕਲ ਜਾਈ॥*

(ਅੰਗ ੩੪੫)

ਮੇਰੀ ਇਸ ਮੁਸੀਬਤ ਨੂੰ ਕੱਢ ਦੇ ਤੇ ਜਿਹੜੇ ਮੈਂ ਕੁਕਰਮ ਕੀਤੇ ਹਨ, ਮੇਰੇ ਸਾਹਮਣੇ ਮੂੰਹ ਅੱਡ ਕੇ ਖਲੋਤੇ ਹਨ। ਇੰਝ ਲੱਗਦਾ ਹੈ ਕਿ ਮੈਨੂੰ ਦੂਜੇ ਕਿਸੇ ਨੇ ਮਾਰਨਾ ਨਹੀਂ, ਮੇਰੇ ਕੀਤੇ

ਹੋਏ ਕਰਮਾਂ ਨੇ ਹੀ ਮੈਨੂੰ ਨਿਗਲ ਜਾਣਾ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਕਿਹਾ ਹੈ ਕਿ ਦੂਜੇ ਤੈਨੂੰ ਕਿਸੇ ਨਹੀਂ ਮਾਰਨਾ। ਜਿਸ ਦਿਨ ਵੀ ਤੂੰ ਮਰਨਾ ਹੈ- *ਕਤਿਕਿ ਕਰਮ ਕਮਾਵਣੇ* ਦੂਜੇ ਦੇ ਕਰਮਾਂ ਵੱਲ ਨਾ ਝਾਤੀ ਮਾਰੀਂ, ਆਪਣੇ ਕਰਮਾਂ ਵੱਲ ਦੇਖ।

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*

ਤੇਰੇ ਘਰ ਕਲੇਸ਼ ਪੈਂਦਾ ਹੈ, ਤੇਰੇ ਘਰ ਰੋਗ ਆਉਂਦਾ ਹੈ। ਤੇਰਾ ਘਰ ਅੰਤ ਨੂੰ ਖ਼ਰਾਬ ਹੁੰਦਾ ਹੈ ਤੇ ਤੂੰ ਲੋਕਾਂ ਨੂੰ ਉਲ੍ਹਾਮੇ ਦੇਣ ਲੱਗ ਪੈਂਦਾ ਹੈਂ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

(ਅੰਗ ੧੩੫)

ਤੂੰ ਰੱਬ ਨੂੰ ਭੁਲਾਉਣ ਵਾਲਾ ਕਰਮ ਤਾਂ ਆਪ ਕੀਤਾ। ਆਪਣੇ ਕੀਤੇ ਹੋਏ ਕਰਮਾਂ ਦੀ ਤੂੰ ਸਜ਼ਾ ਭੁਗਤ ਚੁੱਕਾ ਹੈਂ। ਹਜ਼ੂਰ ਨੇ ਅੱਜ ਬਖ਼ਸ਼ਿਸ਼ ਕੀਤੀ ਕਿ ਪ੍ਰਭੂ ਦੇ ਚਰਨਾਂ ਵਿਚ ਇਕ ਬੇਨਤੀ ਕਰ। ਹੇ ਮਾਲਕ ! ਇਹ ਮੇਰੇ ਨੀਚ ਕਰਮ ਹਨ ਮੈਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਪਛਤਾਵਾ ਹੈ। ਪਿਆਰਿਓ ! ਜਿਨ੍ਹਾਂ ਨੇ ਵੀ ਕੀਤੇ ਹੋਏ ਕਰਮਾਂ ਦਾ ਪਛਤਾਵਾ ਕੀਤਾ ਹੈ, ਮੇਰੇ ਪ੍ਰਮਾਤਮਾ ਨੇ ਉਹਨਾਂ ਦੇ ਗੁਨਾਹਾਂ ਨੂੰ ਬਖ਼ਸ਼ ਦਿੱਤਾ ਹੈ। ਪਰ ਕੇਵਲ ਉਹ ਜ਼ੁਬਾਨੀ ਸ਼ਬਦ ਨਾ ਹੋਣ। ਅਰਦਾਸ ਆਪਣੇ ਹਿਰਦੇ ਵਿਚੋਂ ਨਿਕਲੇ, ਤੇ ਉਹ ਅਰਦਾਸ ਕੇਵਲ ਗੁਰਦੁਆਰੇ ਦੀ ਛੱਤ ਤੱਕ ਸੀਮਤ ਨਾ ਰਹੇ। ਉਹ ਸਪੀਕਰ ਰਾਹੀਂ ਮਹੱਲੇ ਤੱਕ ਸੀਮਤ ਨਾ ਰਹੇ। ਅੰਦਰੋਂ ਨਿਕਲੇ ਅਰਦਾਸ ਤੇ ਰੱਬ ਦੇ ਬੂਹੇ ਦੀ ਕੁੰਡੀ ਖੋਲ੍ਹ ਕੇ ਉਹਦੇ ਹਿਰਦੇ ਨੂੰ ਜਾ ਵਿੰਨ੍ਹੇ। ਅਸਲ ਵਿਚ ਇਹ ਹੈ ਕੀਤਾ ਹੋਇਆ ਪਛਤਾਵਾ। ਪਛਤਾਵਾ ਦਾ ਅਰਥ ਇਹ ਨਹੀਂ, ਕਿ ਸਵੇਰੇ ਮੈਂ ਕਰਮ ਕੁਕਰਮ ਕੀਤੇ, ਰਾਤ ਕੁਕਰਮ ਕੀਤੇ, ਸਵੇਰੇ ਕੀਤੇ ਹੋਏ ਕੁਕਰਮ ਦੀ ਮੈਂ ਦੇਗ ਬਣਾ ਕੇ ਗੁਰੂ ਕੋਲ ਆ ਗਿਆ ਕਿ ਸੱਚੇ ਪਾਤਿਸ਼ਾਹ ! ਕੁਝ ਕੁਕਰਮ ਕੀਤੇ ਹਨ, ਬਖ਼ਸ਼ ਦਿਉ। ਮੈਂ ਭੁੱਲ ਕੀਤੀ ਹੈ 1000 ਰੁਪਇਆ ਤੇਰੇ ਚਰਨਾਂ ਵਿਚ ਰੱਖਦਾ ਹਾਂ। ਹੁਣ ਸਵਾਲ ਤਾਂ ਇਹ ਸੀ ਕਿ ਉਹ ਕੁਕਰਮ ਕਰਨ ਤੋਂ ਬਾਅਦ ਭੁੱਲ ਨਾ ਕਰਦਾ। ਤੇ ਅਸੀਂ ਭੁੱਲ ਕੀਤੀ, ਸੁਖਮਨੀ ਸਾਹਿਬ ਦਾ ਪਾਠ ਕੀਤਾ, ਦੇਗ ਕਰਾਈ ਤੇ ਰੱਬ ਨੇ ਸਾਡੀਆਂ ਭੁੱਲਾਂ ਬਖ਼ਸ਼ ਦਿੱਤੀਆਂ, ਫਿਰ ਉਹੀ ਕੁਕਰਮ ਨਹੀਂ। ਗੁਰੂ ਸਾਹਿਬ ਨੇ ਬਾਣੀ ਵਿਚ ਇਕ ਬਚਨ ਕਿਹਾ ਹੈ ਕਿ ਜਿਨ੍ਹਾਂ ਨੇ ਪਸਚਾਤਾਪ ਕੀਤਾ, ਉਹਨਾਂ ਨੇ ਪਛਤਾਵੇ ਤੋਂ ਬਾਅਦ ਉਹ ਮੱਤ ਮੰਗੀ ਜਿਸ ਮੱਤ ਵਿਚ ਕਦੀ ਮਲੀਨ ਫੁਰਨਾ ਨਾ ਆਏ। ਹਜ਼ੂਰ ਦਾ ਬਚਨ ਪੜ੍ਹੋ-

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥*

ਲੱਖਾਂ ਗ਼ਲਤੀਆਂ ਕਰਦਾ ਹੈ। ਹੁਣ ਅਗਲੀ ਤੁੱਕ ਹੈ-

*ਕਰਿ ਉਪਦੇਸੁ ਝਿੜਕੇ ਬਹੁ ਭਾਤੀ*

ਹੁਣ ਇਹ ਦੋ ਸ਼ਬਦ ਸਾਹਮਣੇ ਆਉਂਦੇ ਹਨ-

*ਕਰ ਓਪਦੇਸ ਝਿੜਕੇ ਬਹੁ ਭਾਤੀ*

ਹੁਣ ਇਸਦਾ ਮਤਲਬ ਝਿੜਕ ਇਕ ਤਰ੍ਹਾਂ ਦੀ ਨਹੀਂ, ਬਹੁ ਭਾਤੀ ਦਾ ਅਰਥ ਹੈ ਪ੍ਰਮਾਤਮਾ ਕਈ ਤਰ੍ਹਾਂ ਨਾਲ ਝਿੜਕਾਂ, ਕਈ ਤਰ੍ਹਾਂ ਦੀਆਂ ਝਿੜਕਾਂ ਮਾਰ ਦੇਂਦਾ ਹੈ। ਹੁਣ ਉਹਦੀ ਝਿੜਕ ਵਿਚ ਦੁੱਖ ਨਹੀਂ। ਉਹਦੀ ਝਿੜਕ ਦੇ ਵਿਚ ਸਾਡੇ ਅੰਦਰ ਦਾ ਸੁੱਖ ਹੈ। ਕਦੀ ਨਾ ਕਹੀਏ ਕਿ ਪ੍ਰਮਾਤਮਾ ਸਾਡੇ ਨਾਲ ਵੈਰ ਕਮਾਉਂਦਾ ਹੈ। ਉਹਦੀ ਝਿੜਕ ਵਿਚ ਕਿੰਨਾ ਕੁ ਸੁੱਖ ਹੈ।

*ਕਰ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥*

ਜਿਨ੍ਹਾਂ ਨੇ ਆਪਣੇ ਅੰਦਰੋਂ ਪਛਤਾਵਾ ਕੀਤਾ, ਫਿਰ ਉਹ ਕਹਿੰਦੇ ਹਨ-

*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥*

(ਅੰਗ ੬੨੪)

ਮੈਂ ਇਕ ਅਰਜ਼ ਕੀਤੀ ਸੀ ਕਿ ਪਰਨੇ ਦਾ ਅਰਥ ਕੀ ਹੈ। ਗੱਲ ਵਿਚ ਪਰਨਾ ਪਾ ਕੇ ਕਥਾ ਕਰਦੇ ਹਾਂ, ਅਰਦਾਸ ਕਰਦੇ ਹਾਂ। ਘਰਾਂ ਵਿਚ ਵੀ ਕਈ ਵਾਰ ਗੁਰਮੁਖ ਗਲ੍ਹ ਵਿਚ ਪਰਨਾ ਪਾ ਕੇ ਅਰਦਾਸ ਕਰਦੇ ਹਨ। ਭਾਵੇਂ ਅਸੀਂ ਕਹਿੰਦੇ ਹਾਂ ਕਿ ਇਹ ਪਰਚਾਰਕ ਦੀ ਵਰਦੀ ਹੈ, ਪਰ ਨਹੀਂ, ਇਹਦਾ ਕੋਈ ਅੰਤਰੀਕ ਭਾਵ ਹੈ। ਗਲ੍ਹ ਵਿਚ ਪਰਨਾ ਕਿੰਨ੍ਹਾਂ ਦੇ ਪਾਇਆ ਜਾਂਦਾ ਹੈ। ਵੈਸੇ ਇਹਨੂੰ ਪਰਨਾ ਸ਼ਬਦ ਵੀ ਕਹਿੰਦੇ ਹਾਂ, ਹਜ਼ੂਰੀਆ ਸ਼ਬਦ ਵੀ ਕਹਿੰਦੇ ਹਾਂ, ਪੱਲਾ ਸ਼ਬਦ ਵੀ ਕਹਿੰਦੇ ਹਾਂ। ਪਰਨੇ ਦਾ ਅੱਖਰੀ ਅਰਥ ਹੁੰਦਾ ਹੈ ਸਹਾਰਾ। ਗਲ੍ਹ ਵਿਚ ਪਰਨੇ ਦਾ ਮਤਲਬ ਇਹ ਹੈ ਕਿ ਭਾਵੇਂ ਇੱਜ਼ਤ ਮਾਨ ਦੇ ਦੇ, ਭਾਵੇਂ ਆਪਣੇ ਚਰਨਾਂ ਵਿਚ ਰੱਖ ਲੈ, ਮੈਂ ਅਸਲ ਵਿਚ ਤੇਰੇ ਚਰਨਾਂ ਵਿਚ ਸਮਰਪਣ ਹੋਣਾ ਹੈ। ਹੁਣ ਗਲ੍ਹ ਵਿਚ ਪਰਨਾ ਪਾ ਕੇ ਅਰਦਾਸ ਕਰਦੇ ਹਾਂ। ਇਹਦਾ ਭਾਵ ਇਹ ਹੈ ਕਿ ਇਕ ਤਾਂ ਨਿਮਰਤਾ ਦਾ ਪੁੰਜ ਹੈ। ਦੂਸਰਾ ਹੈ ਹੇ ਪ੍ਰਭੂ ! ਜਿਹੜਾ ਬੰਦਾ ਗ਼ਲਤੀ ਕਰਦਾ ਹੈ, ਸਾਡੇ ਸਮਾਜ ਦੀ ਇਕ ਰੀਤ ਹੈ ਕਿ ਜਿਸ ਬੰਦੇ ਨੇ ਗ਼ਲਤੀ ਕੀਤੀ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਗਲ੍ਹ ਵਿਚ ਪਰਨਾ ਪਾਉ। ਇਹਦਾ ਭਾਵ ਇਹ ਹੈ ਕਿ ਹੇ ਪ੍ਰਭੂ ! ਅਸੀਂ ਅਰਦਾਸ ਕਰਨ ਤੋਂ ਪਹਿਲਾਂ ਆਪਣੇ ਗਲ੍ਹ ਵਿਚ ਪਰਨਾ ਪਾ ਕੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਜਾਏ। ਕਿਸੇ ਦੇ ਕਹਿਣ ਦੀ ਲੋੜ ਨਹੀਂ, ਅਸੀਂ ਖ਼ੁਦ ਹੀ ਮੰਨਣ ਲਈ ਤਿਆਰ ਹੋ ਗਏ ਹਾਂ। ਅਸੀਂ ਆਪਣੀ ਜ਼ਿੰਦਗੀ ਵਿਚ ਕਈ ਭੁੱਲਾਂ ਕੀਤੀਆਂ। ਕੀਤੇ ਹੋਏ ਦਾ ਪਛਤਾਵਾ ਵੀ ਅੰਦਰ ਨੂੰ ਨਿਰਮਲ ਕਰ ਦੇਂਦਾ ਹੈ। ਅਰਦਾਸ ਕਰੇ ਕਿ ਢਾਲ ਬੜੀ ਸੋਹਣੀ ਬਣ ਜਾਵੇ ਤੇ ਗੈਂਡੇ ਦੀ ਖੱਲ ਦੀ ਢਾਲ ਬਣੀ ਹੈ।

ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਨੰਦਪੁਰ ਆਣ ਕੇ ਉਹਨੇ ਢਾਲ ਭੇਟਾ ਕੀਤੀ। ਹਜ਼ੂਰ ਨੇ ਉਸ ਢਾਲ ਨੂੰ ਬੜਾ ਨਜ਼ਦੀਕ ਨਾਲ ਤੱਕਿਆ। ਕਿਰਪਾਲੂ ਦਾਤਾ ਜੀ ਢਾਲ ਦੇਖਣ ਤੋਂ ਬਾਅਦ ਕਹਿਣ ਲੱਗੇ ਕਿ ਢਾਲ ਤਾਂ ਬੜੀ ਮਜ਼ਬੂਤ ਹੈ। ਤੇ ਲਾਲ ਸਿੰਘ ਇਕ ਦਮ ਕਹਿਣ ਲੱਗਾ ਕਿ ਇਤਨੀ ਮਿਹਨਤ ਕਰ ਕੇ ਬਣਾਈ ਹੈ। ਇਹਦੇ ਵਿਚੋਂ ਕੋਈ ਵੀ ਗੋਲੀ ਨਿਕਲ ਨਹੀਂ ਸਕਦੀ। ਜਿਤਨੀ ਮਰਜ਼ੀ ਤੇਜ਼ ਗੋਲੀ ਆਵੇ, ਢਾਲ ਨੂੰ ਤੋੜ ਨਹੀਂ

ਸਕਦੀ। ਹਜ਼ੂਰ ਮੁਸਕਰਾ ਕੇ ਕਹਿਣ ਲੱਗੇ, ਨਹੀਂ ਲਾਲ ਸਿੰਘ, ਜੇ ਗੋਲੀ ਛੱਡਣ 'ਤੇ ਆਈਏ ਤਾਂ ਢਾਲ ਵਿਚੋਂ ਨਿਕਲ ਸਕਦੀ ਹੈ। ਹੁਣ ਇਥੇ ਬੰਦਾ ਦੇਖੋ ਭੁੱਲ ਕਰ ਰਿਹਾ ਹੈ ਅਚਨਚੇਤ। ਉਸ ਨੂੰ ਪਤਾ ਨਹੀਂ ਮੈਂ ਕੀ ਕਹਿ ਰਿਹਾ ਹਾਂ। ਇਹਨੂੰ ਸਾਹਿਬ ਨੇ ਕਿਹਾ-

*ਨਰੁ ਅਚੇਤ ਪਾਪ ਤੇ ਡਰੁ ਰੇ॥*

(ਅੰਗ ੨੨੦)

ਅਚੇਤ ਪਾਪ ਕਰਦੇ ਹਨ, ਜਿਸ ਦਾ ਕੋਈ ਪਤਾ ਨਹੀਂ ਕਿ ਮੈਂ ਕੀ ਕਰ ਰਿਹਾ ਹਾਂ। ਹਜ਼ੂਰ ਨੇ ਕਿਹਾ ਕਿ ਜੇ ਢਾਲ ਵਿਚੋਂ ਗੋਲੀ ਕੱਢਣੀ ਚਾਹੀਏ ਤਾਂ ਨਿਕਲ ਸਕਦੀ ਹੈ। ਕਹਿਣ ਲੱਗਾ, ਸਵਾਲ ਹੀ ਨਹੀਂ ਪੈਦਾ ਹੋ ਸਕਦਾ। ਇਸ ਢਾਲ ਵਿਚੋਂ ਗੋਲੀ ਨਿਕਲ ਹੀ ਨਹੀਂ ਸਕਦੀ। ਤੇ ਗੱਲਾਂ ਗੱਲਾਂ ਵਿਚ ਇਹ ਵੀ ਕਹਿ ਗਿਆ ਕਿ ਮਹਾਰਾਜ ! ਤੁਸੀਂ ਗੋਲੀ ਚਲਾ ਕੇ ਦੇਖੋ, ਤੁਹਾਡੀ ਗੋਲੀ ਵੀ ਨਹੀਂ ਨਿਕਲ ਸਕਦੀ। ਹੁਣ ਇਤਨਾ ਪਤਾ ਨਹੀਂ ਮਨਾ ਕਿ ਤੂੰ ਗੱਲ ਕਿਸ ਨਾਲ ਕਰਦਾ ਪਿਆ ਹੈਂ। ਉਹ ਜੋਤ ਹੈ ਜਿਹੜੀ ਆਉਂਦੇ ਹੋਏ ਪੱਥਰ ਨੂੰ ਪੰਜਾ ਲਾਏ ਤਾਂ ਉਹ ਵੀ ਮੋਮ ਬਣਕੇ ਪੰਜੇ ਵਿਚ ਧੱਸ ਜਾਂਦੇ ਹਨ। ਜਿਹੜੀ ਆਪਣੇ ਪੰਜੇ ਨੂੰ ਪੱਥਰ ਵਿਚ ਧਸਾ ਸਕਦੀ ਹੈ, ਉਹ ਚੇਤੇ ਰੱਖੀਂ, ਉਹ ਤੀਰ ਨਾਲ ਪੱਥਰ ਦੇ ਦੋ ਟੁੱਕੜੇ ਵੀ ਕਰ ਸਕਦੀ ਹੈ। ਸਮਰੱਥ ਗੁਰੂ ਹੈ। ਤੁਸੀਂ ਭਾਵੇਂ ਚਲਾ ਕੇ ਦੇਖੋ। ਸਤਿਗੁਰੂ ਮੁਸਕਰਾ ਪਏ। ਗੁਰੂ ਸਾਹਿਬ ਨੂੰ ਪਤਾ ਹੈ ਕਿ ਗੋਲੀ ਨਿਕਲਣੀ [illegible]

ਸਮਰੱਥ ਗੁਰੂ ਫੇਰ ਸਿੱਖ 'ਤੇ ਪਰਦੇ ਪਾਉ[illegible]ਨ ਕਿ ਮਿਹਨਤ ਕਰਕੇ ਢਾਲ ਲੈ ਕੇ ਆਇਆ ਹੈ। ਜੇ ਕਿਤੇ ਅੱਜ ਗੋਲੀ ਕੱਢ ਦਿੱਤੀ ਤੇ ਢਾਲ ਦੇ ਹੋ ਗਏ ਟੁੱਕੜੇ ਤਾਂ ਇਹਦੀ ਮਿਹਨਤ ਜਾਂਦੀ ਰਹੇਗੀ। ਭਾਵਨਾ ਨਾਲ ਇਹਨੇ ਢਾਲ ਬਣਾਈ ਹੈ। ਇਹ ਗੱਲ ਵੱਖਰੀ ਹੈ ਕਿ ਹੁਣ ਗੱਲ ਕਰਦਿਆਂ ਉਹ ਅੰਦਰੋਂ ਭਾਵਨਾ ਚੱਲੀ ਗਈ ਹੈ। ਢਾਲ ਬਣਾਉਂਦਿਆਂ ਤਾਂ ਭਾਵਨਾ ਸੀ। ਗੱਲ ਨੂੰ ਢਾਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਗੋਲੀ ਮਾਰਨੀ ਹੈ। ਢਾਲ ਇਤਨੀ ਮਜ਼ਬੂਤ ਹੈ ਕਿ ਗੋਲੀ ਇਹਦੇ ਵਿਚੋਂ ਲੰਘਣੀ ਨਹੀਂ। ਘਰਵਾਲੀ ਦਾ ਅੰਦਰ ਭਾਵਨਾ ਵਾਲਾ ਸੀ। ਉਹ ਇਕੋ ਦਮ ਪਤੀ ਨੂੰ ਝੰਜੋੜ ਕੇ ਕਹਿਣ ਲੱਗੀ ਕਿ ਜੋ ਤੁਸੀਂ ਬੋਲਿਆ ਹੈ, ਉਹ ਬੇਹੋਸ਼ੀ ਵਿਚ ਤਾਂ ਨਹੀਂ ਬੋਲ ਆਏ ਹੋ, ਹੋਸ਼ ਸੀ ਤੁਹਾਨੂੰ? ਕਹਿਣ ਲੱਗਾ ਕਿ ਮੈਂ ਹੋਸ਼ ਵਿਚ ਬੋਲ ਕੇ ਆਇਆ ਹਾਂ। ਪਤਨੀ ਕਹਿਣ ਲੱਗੀ ਕਿ ਤੁਸੀਂ ਹੋਸ਼ ਵਿਚ ਅਜੇ ਵੀ ਨਹੀਂ। ਅਜੇ ਵੀ ਤੁਸੀਂ ਹਉਮੈ ਦੇ ਵਿਚ ਬੋਲਦੇ ਹੋ। ਕਿਹੜੇ ਸਮਰੱਥ ਗੁਰੂ ਨੂੰ ਕਹਿ ਕੇ ਆਏ ਹੋ ਕਿ ਢਾਲ ਵਿਚੋਂ ਗੋਲੀ ਕੱਢ ਕੇ ਦਿਖਾਉ। ਚੇਤੇ ਰਖਿਉ, ਉਹ ਚਾਹੇ ਤੇ ਪੱਥਰਾਂ ਦੇ ਸੀਨੇ ਚੀਰ ਕੇ ਰੱਖ ਦੇਵੇ। ਤੁਹਾਡੀ ਢਾਲ ਦੀ ਤਾਂ ਉਹਦੇ ਸਾਹਮਣੇ ਤਾਕਤ ਹੀ ਕੋਈ ਨਹੀਂ। ਮਨ ਵਿਚ ਆ ਗਿਆ ਕਿ ਗੱਲ ਤਾਂ ਮਨਾ ਠੀਕ ਹੈ। ਜੇ ਮੇਰੀ ਘਰਵਾਲੀ ਕਹਿੰਦੀ ਹੈ ਤਾਂ ਠੀਕ ਹੈ। ਮੈਂ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਬੋਲ ਕੇ ਆਇਆ ਹਾਂ।

ਹੁਣ ਦੂਸਰੇ ਦਿਨ ਢਾਲ ਲੈ ਕੇ ਤੁਰਿਆ ਤੇ ਨਿੰਮੋਝੂਣਾ ਰਾਤ ਨੀਂਦ ਕਿਥੇ ਪਵੇ। ਕਿ ਮਨਾ ! ਤੂੰ ਕਹਿ ਕੇ ਕੀ ਆਇਆ ਹੈਂ। ਤੇਰੀ ਹਸਤੀ ਕੀ ਹੈ ਕਿ ਸ਼ਹਿਨਸ਼ਾਹ ਦੇ ਸਾਹਮਣੇ ਖਲੋ



ਕੇ ਸ਼ਬਦ ਕਹਿ ਦੇਵੇਂ। ਹੁਣ ਤੁਰਿਆ ਜਾਂਦਾ ਹੈ ਢਾਲ ਲੈ ਕੇ ਭਾਈ ਲਾਲ ਸਿੰਘ। ਸਿੱਖ ਸੰਗਤ ਅੱਜ ਇਕੱਠੀ ਹੈ। ਹਜ਼ੂਰ ਕਿਰਪਾਲੂ ਜੀ ਨੇ ਕਿਹਾ ਕਿ ਰੱਖੋ ਢਾਲ। ਢਾਲ ਰੱਖ ਦਿੱਤੀ ਕੰਬਦੇ ਹੱਥਾਂ ਦੇ ਨਾਲ, ਪਰ ਜ਼ਬਾਨ ਦੇ ਵਿਚ ਅੱਜ ਦਮ ਨਹੀਂ ਸੀ। ਨੀਵੀਂ ਪਾ ਲਈ। ਨਾ ਢਾਲ ਵੱਲ ਦੇਖਦਾ ਹੈ, ਨਾ ਗੁਰੂ ਵੱਲ ਦੇਖਦਾ ਹੈ। ਹੱਥ ਜੋੜ ਕੇ ਕਹਿੰਦਾ ਹੈ ਕਿ ਗੁਰੂ ਜੀ ! ਜੇ ਮੈਂ ਤੇਰੇ ਸਾਹਮਣੇ ਬੋਲ ਗਿਆ ਤਾਂ ਤੇਰਾ ਬੱਚਾ ਹਾਂ, ਮੈਨੂੰ ਬਖ਼ਸ਼। ਹਜ਼ੂਰ ਨੇ ਅਵਾਜ਼ ਦਿੱਤੀ ਆਲਮ ਸਿੰਘ, ਇਹਦੀ ਢਾਲ ਵਿਚੋਂ ਗੋਲੀ ਕੱਢੋ। ਭਾਈ ਆਲਮ ਸਿੰਘ ਨੇ ਬੰਦੂਕ ਚੁੱਕੀ ਤੇ ਗੋਲੀ ਚਲਾਏ ਤੇ ਢਾਲ ਦਾ ਨਿਸ਼ਾਨਾ ਸਹੀ ਨਾ ਲੱਗੇ। ਨਿਸ਼ਾਨੇ 'ਤੇ ਗੋਲੀ ਵਜੇ ਨਾ ਜਾ ਕੇ। ਹਜ਼ੂਰ ਕਿਰਪਾਲੂ ਜੀ ਸੱਚੇ ਪਾਤਿਸ਼ਾਹ ਕਹਿਣ ਲੱਗੇ ਕਿ ਲਿਆ ਆਲਮ ਸਿੰਘ, ਮੈਨੂੰ ਪਕੜਾ ਬੰਦੂਕ ਮੈਂ ਇਹਦੀ ਢਾਲ ਵਿਚੋਂ ਗੋਲੀ ਕੱਢ ਕੇ ਦਿਖਾਵਾਂ। ਜਦੋਂ ਹਜ਼ੂਰ ਨੇ ਬੰਦੂਕ ਪਕੜੀ ਤਾਂ ਲਾਲ ਸਿੰਘ ਚਰਨਾਂ ਵਿਚ ਢਹਿ ਪਿਆ ਤੇ ਕਹਿਣ ਲੱਗਾ, ਬਾਬਾ ਦੇਖ ਇਹ ਢਾਲ ਤੇ ਬੰਦੂਕ ਦੀ ਗੱਲ ਸੀ। ਗੱਲ ਤਾਂ ਤੇਰੀ ਤੇ ਤੇਰੇ ਸਿੱਖ ਦੀ ਹੈ। ਹਜ਼ੂਰ ਹੱਸ ਕੇ ਉਥੇ ਕਹਿਣ ਲੱਗੇ ਲਾਲ ਸਿੰਘ, ਗੱਲ ਕੱਲ ਵੀ ਢਾਲ ਦੀ ਤੇ ਗੱਲ ਅੱਜ ਵੀ ਢਾਲ ਦੀ ਨਹੀਂ ਹੈ। ਕੱਲ ਵੀ ਗੱਲ ਤੇਰੀ ਤੇ ਮੇਰੀ ਸੀ, ਅੱਜ ਵੀ ਗੱਲ ਤੇਰੀ ਤੇ ਮੇਰੀ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਕੱਲ ਤੂੰ ਢਾਲ ਪਕੜ ਕੇ ਇਕੱਲੀ ਮੇਰੀ ਮੇਰੀ ਕੂਕਦਾ ਪਿਆ ਸੀ। ਅੱਜ ਢਾਲ ਪਕੜੀ ਜਦੋਂ ਢਾਲ ਲੈ ਕੇ ਤੂੰ ਆਇਆ ਤਾਂ ਤੇਰੀ ਮੇਰੀ ਮਰ ਚੁੱਕੀ ਸੀ। ਹਜ਼ੂਰ ਕਿਰਪਾਲੂ ਜੀ ਗੋਲੀ ਦਾ ਨਿਸ਼ਾਨਾ ਦਾਗਦੇ ਪਏ ਹਨ। ਸਮਰੱਥ ਗੁਰੂ ਹੈ ਉਹ ਅਸਲ ਵਿਚ ਚੋਜ ਵਰਤਾ ਕੇ ਕਹਿੰਦੇ ਹਨ ਕਿ ਦੇਖ ਸਿੱਖਾ, ਜੇ ਕਿਤੇ ਤੂੰ ਗੁਰੂ ਦੇ ਸਾਹਮਣੇ ਇਸ ਤਰ੍ਹਾਂ ਬੋਲ ਵੀ ਪਵੇਂ ਤੇ ਪਸਚਾਤਾਪ ਕਰੇਂ ਤਾਂ ਗੁਰੂ ਫੇਰ ਵੀ ਢੱਕ ਦੇਵੇਗਾ, ਬੰਦੂਕ ਪਕੜ ਕੇ ਜਦੋਂ ਗੋਲੀ ਚਲਾਉਣ ਲੱਗੇ ਤੇ ਨਿਸ਼ਾਨਾ ਬਣਾਉਂਦੇ ਹਨ ਤਾਂ ਨਿਸ਼ਾਨਾ ਦਿੱਸਦਾ ਨਹੀਂ। ਕਦੀ ਬੰਦੂਕ ਦੀ ਨਾਲ ਨੂੰ ਥੱਲੇ, ਕਦੀ ਉੱਤੇ, ਕਦੀ ਖੱਬੇ, ਕਦੀ ਸੱਜੇ, ਇਕੋ ਦਮ ਫੇਰ ਬੰਦੂਕ ਥੱਲੇ ਰੱਖ ਦਿੱਤੀ। ਸਿੱਖ ਸੰਗਤ ਸੋਚੀਂ ਪੈ ਗਈ ਕਿ ਬਣੇਗਾ ਕੀ ਤੇ ਲਾਲ ਸਿੰਘ ਖਲੋਤਾ ਢਾਲ ਦੇ ਕੋਲ ਕੰਬੀ ਜਾਵੇ। ਹਜ਼ੂਰ ਨੇ ਫੇਰ ਬੰਦੂਕ ਚੁੱਕੀ ਫੇਰ ਥੱਲੇ ਰੱਖੀ। ਜਦੋਂ ਤੀਸਰੀ ਵਾਰ ਨਿਸ਼ਾਨਾ ਨਾ ਬਣਾਇਆ ਤਾਂ ਸਿੱਖਾਂ ਨੇ ਕਿਹਾ ਕਿ ਸੱਚੇ ਪਾਤਿਸ਼ਾਹ ! ਮਾਜਰਾ ਕੀ ਹੈ? ਕਹਿਣ ਲੱਗੇ ਕਿ ਸੱਚ ਜਾਣੋ, ਢਾਲ ਦਿਸਦੀ ਹੀ ਨਹੀਂ। ਨੌਵਾਂ ਪਾਤਿਸ਼ਾਹੀਆਂ ਦੇ ਹੱਥ ਢਾਲ ਉੱਤੇ ਲੱਗੇ ਹਨ। ਕੋਈ ਥਾਂ ਹੀ ਨਹੀਂ ਜਿਸ ਥਾਂ 'ਤੇ ਮੈਂ ਗੋਲੀ ਦਾ ਨਿਸ਼ਾਨਾ ਬਣਾਵਾਂ। ਕਹਿਣ ਲੱਗੇ ਲਾਲ ਸਿੰਘ ਦਾ ਅੰਦਰ ਤਾਂ ਗੁਰੂ ਨੇ ਹੱਥ ਦੇ ਕੇ ਪੂਰੀ ਤਰ੍ਹਾਂ ਢੱਕ ਲਿਆ। ਢਾਲ ਤਾਂ ਰਹੀ ਨਹੀਂ, ਗੁਰੂ ਦੇ ਤਾਂ ਕੇਵਲ ਪਵਿੱਤਰ ਹੱਥ ਹੀ ਹਨ। ਗੁਰੂ ਮੇਹਰ ਕਰੇ। ਮੇਹਰ ਦਾ ਹੱਥ ਸਿਰ ਉੱਤੇ ਰੱਖੇ ਤਾਂ ਸਾਰੇ ਕੀਤੇ ਹੋਏ ਕੁਕਰਮ ਗੁਰੂ ਮਾਫ਼ ਕਰ ਦੇਂਦਾ ਹੈ। ਭੁੱਲਾਂ ਚੁੱਕਾਂ ਦੀ ਖਿਮਾ !

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

# ਈਹਾ ਊਹਾ ਤੁਹਾਰੋ ਧੋਰਾ

ਸੋਰਠਿ ਮਹਲਾ ੫ ਘਰੁ ੨ ॥

*ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥*
*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥ ੧॥*
*ਮਾਧੌ ਤੂ ਠਾਕੁਰੁ ਸਿਰਿ ਮੋਰਾ॥*
*ਈਹਾ ਊਹਾ ਤੁਹਾਰੋ ਧੋਰਾ॥ ਰਹਾਉ॥*
*ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥*
*ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥ ੨॥*
*ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥*
*ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥ ੩॥*
*ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥*
*ਅਨਦ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥੪॥੭॥੧੧॥*

(ਅੰਗ ੬੧੩)

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਸਤਿਗੁਰੂ ਜੀ ਨੇ ਜੋ ਪਾਵਨ ਪਵਿੱਤਰ ਹੁਕਮ ਸੱਚਖੰਡਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਮੁੱਚੇ ਸਿੱਖ ਜਗਤ ਦੀ ਝੋਲੀ ਵਿਚ ਪਾਇਆ ਹੈ, ਇਹ ਅਮੋਲਕ ਪਵਿੱਤਰ ਬਚਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਦੀ ਮੁਬਾਰਕ ਰਸਨਾ ਤੋਂ ਉਚਾਰਨ ਕੀਤੇ ਹੋਏ ਹਨ। ਇਸ ਪਾਵਨ ਪਵਿੱਤਰ ਸ਼ਬਦ ਦੇ ਅੰਦਰ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਉਸ ਪਾਰਬ੍ਰਹਮ ਪ੍ਰਮੇਸ਼ਰ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਸਾਨੂੰ ਜੁਗਤ ਸਿਖਾਈ ਹੈ। ਦੂਜਾ ਇਸ ਪਵਿੱਤਰ ਸ਼ਬਦ ਦੇ ਅੰਦਰ ਉਸ ਪਾਰਬ੍ਰਹਮ ਪ੍ਰਮੇਸ਼ਰ ਦੇ ਚਰਨਾਂ ਉੱਪਰ ਪੂਰਨ ਭਰੋਸਾ, ਲੋਕ ਅਤੇ ਪ੍ਰਲੋਕ ਸਿਰ ਉੱਪਰ ਖਲੋ ਕੇ ਰਹਿਮਤਾਂ ਕਰਨ ਵਾਲੇ ਪ੍ਰਮੇਸ਼ਰ ਦੀ ਯਾਦ ਵਿਚ ਜੁੜਨਾ ਦੱਸਿਆ ਹੈ। ਆਰੰਭਿਕ ਤੁੱਕਾਂ ਵਿਚ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਨ-

*ਮਾਤ ਗਰਭ ਮਹਿ ਆਪਨ ਸਿਮਰਨੁ ਦੇ।*

ਪ੍ਰਭੂ ਜੀ ! ਮਾਤਾ ਦੇ ਗਰਭ ਵਿਚ ਆਪ ਜੀ ਨੇ ਆਪਣੇ ਸਿਮਰਨ ਦੀ ਦਾਤ ਦਿੱਤੀ।



ਇਸ ਜੀਵ ਦੀ ਲਿਵ ਮਾਤਾ ਦੇ ਉਦਰ ਦੀ ਅੱਗ ਵਿਚ ਆਪ ਜੀ ਦੇ ਨਾਲ ਜੁੜੀ ਰਹੀ ਤੇ ਉਸ ਲਿਵ ਦੇ ਮਿਲਾਪ ਕਰਕੇ ਤਹ ਤੁਮ ਰਾਖਨਹਾਰੇ ਉਸ ਅੱਗ ਦੇ ਵਿਚ ਆਪ ਜੀ ਸਾਡੇ ਰੱਖਵਾਲੇ ਬਣੇ।

*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥ ੧॥*

ਜਿਵੇਂ ਆਪ ਜੀ ਨੇ ਮਾਤਾ ਦੀ ਉਦਰ ਦੀ ਅੱਗ ਵਿਚ ਕਈ ਮਹੀਨੇ ਇਸ ਮਾਸ ਦੇ ਟੁੱਕੜੇ ਨੂੰ, ਇਸ ਤਨ ਨੂੰ ਤੱਤੀ ਹਵਾ ਨਾ ਲੱਗਣ ਦਿੱਤੀ। ਵਾਹਿਗੁਰੂ ਜੀ ! ਜਨਮ ਹੋਇਆ, ਅੱਜ ਬਾਹਰ ਦੀ ਅੱਗ ਇਸ ਸੰਸਾਰ ਦੀ ਅੱਗ ਵਿਆਪਨ ਲੱਗੀ ਹੈ। ਜੇ ਉਸ ਅੱਗ ਵਿਚ ਆਪ ਜੀ ਨੇ ਬਚਾਇਆ ਹੈ ਤਾਂ ਤੁਹਾਡੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਬਾਹਰ ਦੀ ਅੱਗ ਤੋਂ ਵੀ ਸਾਨੂੰ ਬਚਾਉ।

ਆਰੰਭ ਵਿਚ ਮੈਂ ਬੇਨਤੀ ਕੀਤੀ ਸੀ ਕਿ ਆਪਾਂ ਸ਼ਬਦ ਦੇ ਇਹ ਜੋ ਦੋ ਪਦੇ ਹਨ, ਇਥੇ ਰੁੱਕ ਕੇ ਥੋੜੀ ਵਿਚਾਰ ਕਰਨੀ ਚਾਹਾਂਗੇ।

*ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥*
*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥ ੧॥*

ਮਾਤਾ ਦੀ ਉਦਰ ਦੀ ਅੱਗ ਵਿਚ ਜਿਵੇਂ ਬਚਾਇਆ, ਇਸੇ ਤਰ੍ਹਾਂ ਕ੍ਰਿਪਾ ਕਰੋ ਇਸ ਸੰਸਾਰ ਸਮੁੰਦਰ ਦੀ ਅੱਗ ਤੋਂ ਬਚਾ ਲਉ। ਪਹਿਲੀ ਬੇਨਤੀ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਨੇ ਕਈ ਤਰ੍ਹਾਂ ਦੀ ਅੱਗ ਮੰਨੀ ਹੈ। ਜਦੋਂ ਅਸੀਂ ਜਪੁ ਜੀ ਸਾਹਿਬ ਦਾ ਗਿਆਨ ਖੰਡਿ ਪੜ੍ਹਦੇ ਹਾਂ, ਹਜ਼ੂਰ ਨੇ ਉਸ ਵਿਚ ਕਾਦਰ ਦੀ ਰਚੀ ਹੋਈ ਇਸ ਕੁਦਰਤ ਵਿਚ ਕਿੰਨੇ ਕੁ ਤੱਤ ਹਨ, ਕਿੰਨੇ-ਕੁ ਖੰਡ ਬ੍ਰਹਿਮੰਡ ਹਨ, ਕਿੰਨੀਆਂ ਕਰਮ ਭੂਮੀਆਂ ਹਨ ਤੇ ਕਿੰਨੀਆਂ ਜ਼ਮੀਨਾਂ ਅਜਿਹੀਆਂ ਹਨ ਜਿਨ੍ਹਾਂ ਉੱਪਰ ਜੀਵ ਦਾ ਵਸੇਬਾ ਨਹੀਂ। ਉਥੇ ਹਜ਼ੂਰ ਨੇ ਜਿੱਥੇ ਧਰਤੀਆਂ ਦੀ, ਚੰਦਰਮਾ ਦੀ, ਸੂਰਜ ਦੀ ਗੱਲ ਕੀਤੀ ਹੈ ਤੇ ਧੰਨ ਗੁਰੂ ਨਾਨਕ ਸਾਹਿਬ ਜੀ ਨੇ ਫ਼ੁਰਮਾਇਆ ਹੈ-

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*

(ਜਪੁ ਜੀ ਸਾਹਿਬ)

ਹੇ ਇਨਸਾਨ ! ਪਤਾ ਨਹੀਂ ਕਿੰਨੀ ਤਰ੍ਹਾਂ ਦੀ ਪ੍ਰਮਾਤਮਾ ਨੇ ਪਵਨ ਪੈਦਾ ਕਰ ਦਿੱਤੀ। ਕੇਤੇ ਦਾ ਅਰਥ ਹੈ ਜਿਸਦੀ ਕੋਈ ਸੀਮਾ ਨਹੀਂ। ਦੂਜਾ ਬਚਨ ਕਿੰਨੇ ਤਰ੍ਹਾਂ ਦਾ ਪਾਣੀ ਹੈ ਤੇ ਤੀਜੀ ਗੱਲ ਕਹੀ ਪ੍ਰਮਾਤਮਾ ਨੇ ਪਤਾ ਨਹੀਂ ਕਿੰਨੇ ਤਰ੍ਹਾਂ ਦੀ ਅੱਗ ਪੈਦਾ ਕਰ ਦਿੱਤੀ।

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*

(ਜਪੁ ਜੀ ਸਾਹਿਬ)

ਕਈ ਤਰ੍ਹਾਂ ਦੀ ਅੱਗ ਹੈ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹਾਂਗੇ ਤਾਂ

ਇਕ ਤਾਂ ਅੱਗ ਸਾਨੂੰ ਇਹ ਮਿਲੇਗੀ ਜਿਸਨੂੰ ਜਠਰਾਗਨ ਕਿਹਾ ਜਾਂਦਾ ਹੈ, ਜਠਰ ਦੀ ਅਗਨੀ, ਸਰੀਰ ਦੇ ਅੰਦਰ ਦੀ ਤਪਸ਼। ਸਾਡੇ ਅੰਦਰ ਦੀ ਜੋ ਤਪਸ਼ ਹੈ, ਸਾਡੀ ਜਠਰਾਗਨ ਜੋ ਹੈ ਉਹ ਸਾਡੇ ਛਕੇ ਹੋਏ ਭੋਜਨ ਨੂੰ ਪਚਾਉਣ ਵਿਚ ਸਾਡੀ ਮਦਦ ਕਰਦੀ ਹੈ। ਦੂਜਾ, ਅਸੀਂ ਦੇਖਦੇ ਹਾਂ ਕਿ ਜੰਗਲ ਨੂੰ ਕਦੀ ਬਾਂਸ ਆਪਸ ਵਿਚ ਰਗੜਦੇ ਹਨ, ਉਹਨਾਂ ਵਿਚੋਂ ਉਤਪੰਨ ਹੋਈ ਅੱਗ ਕਈ ਵਾਰੀ ਸਾਰੇ ਜੰਗਲ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਹੈ। ਉਸਨੂੰ ਕਿਹਾ ਜਾਂਦਾ ਹੈ ਦਾਵਾ ਅਗਨੀ। ਤੀਜਾ, ਇਕ ਹੈ ਬੜਵਾ ਅਗਨੀ। ਸਮੁੰਦਰ ਦੇ ਪਾਣੀ ਵਿਚ ਅੱਗ ਦਾ ਉਹ ਸਥਾਨ ਜਿੱਥੇ ਪਤਾ ਨਹੀਂ ਰੋਜ਼ ਦਾ ਕਿੰਨਾ ਪਾਣੀ ਸੜੀ ਜਾਂਦਾ ਹੈ। ਪਾਣੀ ਵਿਚ ਲੱਗੀ ਹੋਈ ਉਸ ਅੱਗ ਨੂੰ ਕਿਹਾ ਜਾਂਦਾ ਹੈ ਬੜਵਾ ਅਗਨੀ। ਚੌਥਾ ਅਸੀਂ ਦੇਖਦੇ ਹਾਂ ਕਿ ਜਿਹੜੇ ਆਪਣੇ ਘਰਾਂ ਵਿਚ ਜਾਂ ਅਸੀਂ ਕਿਸੇ ਬਾਹਰ ਮੁੱਖੀ ਕਿਸੇ ਜੱਲਣਸ਼ੀਲ ਪਦਾਰਥ ਵਿਚੋਂ ਅੱਗ ਪੈਦਾ ਕਰਦੇ ਹਾਂ ਤੇ ਉਸ ਲਈ ਵੀ ਸ਼ਬਦ ਵਰਤੇ ਜਾਂਦੇ ਹਨ ਇਸ ਅੱਗ ਸੰਬੰਧੀ। ਇਹ ਹਨ ਬਾਹਰ ਦੀਆਂ ਕੁਝ ਅੱਗਾਂ। ਪਰ ਜਦੋਂ ਅਸੀਂ ਬਾਣੀ ਦੀ ਹੋਰ ਡੂੰਘਾਈ ਵਿਚ ਜਾਂਦੇ ਹਾਂ ਪਿਆਰਿਉ ! ਕੁਝ ਹੋਰ ਅੱਗਾਂ ਵੀ ਬੰਦੇ ਦੇ ਅੰਦਰ ਹਨ। ਉਹ ਅੱਗ ਕਿਹੋ ਜਿਹੀ ਹੈ? ਉਹ ਅੱਗ ਦਿੱਸਦੀ ਨਹੀਂ।

ਪਹਿਲੀ ਅੱਗ ਨੂੰ ਗੁਰੂ ਜੀ ਨੇ ਬਾਣੀ ਵਿਚ ਦੱਸਿਆ ਹੈ ਹਿੰਸਾ। ਜਦੋਂ ਕੋਈ ਇਨਸਾਨ ਗੁੱਸੇ ਦੇ ਵਿਚ ਆਇਆ ਹੋਇਆ ਹਿੰਸਾ ਕਰ ਜਾਏ, ਕਿਸੇ ਨੂੰ ਸਰੀਰਕ ਤੌਰ 'ਤੇ ਮਾਰਨ ਦਾ ਯਤਨ ਕਰ ਜਾਏ, ਕਿਸੇ ਨੂੰ ਫਿੱਕੇ ਬੋਲ ਬੋਲ ਕੇ ਅੰਦਰ ਨੂੰ ਸਾੜਨ ਦਾ ਯਤਨ ਕਰੇ, ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਉਹ ਇਕ ਅੱਗ ਹੈ ਜਿਹੜੀ ਬੰਦਾ ਹੱਥਾਂ ਨਾਲ ਤੇ ਆਪਣੀ ਜ਼ਬਾਨ ਤੇ ਅੱਖਾਂ ਤੋਂ ਬਾਹਰ ਕੱਢ ਦੇਵੇ। ਉਸ ਤੋਂ ਅਗਲੀ ਅੱਗ ਨੂੰ ਹਜ਼ੂਰ ਨੇ ਕਿਹਾ ਹੈ ਗੁੱਸੇ ਦੀ ਅੱਗ, ਕ੍ਰੋਧ। ਤੀਜੀ ਅੱਗ ਹਜ਼ੂਰ ਨੇ ਕਿਹਾ ਹੈ ਮੋਹ ਦੀ, ਜਿਸਨੂੰ ਪਾਵਕ ਸਾਗਰ ਕਿਹਾ ਹੈ। ਪ੍ਰਸ਼ਨ ਆਏਗਾ ਕਿ ਕਿਹੜੀ ਸਮੁੰਦਰ ਦੀ ਅੱਗ, ਬਾਹਰ ਤਾਂ ਲੋਕ ਸੁੱਖੀ ਹਨ? ਗੁਰੂ ਗ੍ਰੰਥ ਸਾਹਿਬ ਕਹਿੰਦੇ ਨਹੀਂ, ਹਿੰਸਾ ਦੀ ਅਗਨੀ, ਲਾਲਚ ਦੀ ਅਗਨੀ, ਕ੍ਰੋਧ ਦੀ ਅਗਨੀ, ਮੋਹ ਦੀ ਅਗਨੀ, ਇਹ ਇਨਸਾਨ ਦੇ ਅੰਦਰ ਅੱਗ ਦੀਆਂ ਲਹਿਰਾਂ ਹਨ ਤੇ ਕੋਈ ਭਾਗਾਂ ਵਾਲਾ ਇਹਨਾਂ ਤੋਂ ਬੱਚ ਕੇ ਜਾਦਾ ਹੈ, ਨਹੀਂ ਤਾਂ ਬਾਹਰੋਂ ਸੀਤਲ ਦਿੱਸਦੇ ਹੋਏ ਲੋਕ ਵੀ ਇਸਦੇ ਵਿਚ ਗ੍ਰਸੇ ਗਏ।

ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਜੀ ਜਿਨ੍ਹਾਂ ਦੀ ਅੰਮ੍ਰਿਤ ਬਾਣੀ, ਜਿਨ੍ਹਾਂ ਦਾ ਪਾਵਨ ਪਵਿੱਤਰ ਇਤਿਹਾਸ ਸਾਡੇ ਅੰਦਰ ਨੂੰ ਝੰਜੋੜਦਾ ਹੈ ਕਿ ਸਤਿਗੁਰ ਜੀ ਹਰ ਉਸ ਇਨਸਾਨ ਨੂੰ ਜਾ ਕੇ ਮਿਲੇ ਕਿ ਜਿਹੜੇ ਤੁਰੇ ਸਨ ਪਰ ਰਸਤੇ ਵਿਚ ਰੁੱਕ ਗਏ। ਕੁਝ ਅਜਿਹੇ ਸਨ ਜਿਹੜੇ ਤੁਰੇ ਹੀ ਨਹੀਂ ਤੇ ਕੁਝ ਅਜਿਹੇ ਸਨ ਜਿਹੜੇ ਅੱਜ ਦੇ ਪਾਪਾਂ ਵਿਚ ਗ਼ਲਤਾਨ ਸਨ, ਮੇਰੇ ਬਾਬੇ ਨਾਨਕ ਨੇ ਉਹਨਾਂ ਪਾਪੀਆਂ ਦੇ ਦਰਵਾਜ਼ੇ ਵੀ ਖੜਕਾਏ।

ਅੱਜ ਜਦੋਂ ਅਸੀਂ ਗੁਰਮਤਿ ਦੇ ਨਜ਼ਰੀਏ ਨਾਲ ਦੇਖਦੇ ਹਾਂ, ਮੰਨ ਲਉ ਕਿਸੇ ਕੀਰਤਨੀਏ ਦੀ, ਕਿਸੇ ਜੱਪਣ ਵਾਲੇ ਦੀ ਨੀਅਤ ਰਾਸ ਹੈ, ਉਹ ਕਿਸੇ ਦਾਰੂ ਪੀਣ ਵਾਲੇ



ਦੇ ਘਰ ਬੈਠ ਪ੍ਰਮਾਤਮਾ ਦੀ ਗੱਲ ਕਰੇ, ਮੇਰਾ ਖ਼ਿਆਲ ਹੈ ਅੱਜ ਸਿੱਖ ਜਗਤ ਉਸਨੂੰ ਪ੍ਰਵਾਨ ਨਹੀਂ ਕਰੇਗਾ। ਦੂਜੇ ਦਿਨ ਉਸ ਬੰਦੇ ਨੂੰ ਬਾਜ਼ਾਰ ਵਿਚ ਖਿੱਚਿਆ ਜਾਵੇਗਾ ਕਿ ਤੂੰ ਉਸ ਦਾਰੂ ਪੀਣ ਵਾਲੇ ਦੇ ਕੋਲ ਖਲੋਤਾ ਸੀ। ਇਕ ਪਾਪ ਕਰਨ ਵਾਲਾ ਬੰਦਾ ਹੈ, ਜੇ ਕੋਈ ਪ੍ਰਮਾਤਮਾ ਦੀ ਗੱਲ ਉਸ ਪਾਪੀ ਦੇ ਕੋਲ ਕਰ ਦੇਵੇ ਤਾਂ ਸਾਡੇ ਹਾਜ਼ਮੇ ਉਸਨੂੰ ਬਰਦਾਸ਼ਤ ਨਹੀਂ ਕਰਨਗੇ। ਅਸੀਂ ਉਸ ਬੰਦੇ ਦੇ ਨਾਲ ਖਲੋਤੇ ਹੋਏ ਦੇਖਕੇ, ਉਸਦੇ ਨਾਲ ਤੁਲਨਾ ਕਰਕੇ, ਉਸਨੂੰ ਪਾਪੀ ਕਹਿ ਕੇ ਥਾਂ ਥਾਂ 'ਤੇ ਉਸਦੀ ਭੰਡੀ ਕਰਾਂਗੇ। ਇਹ ਸਾਡਾ ਸੁਭਾਅ ਹੈ ਕਿ ਅਸੀਂ ਜਿਹੜੇ ਲੋਕ ਆਚਰਣ ਤੋਂ ਡਿੱਗੇ ਹਨ, ਉਹਨਾਂ ਨੂੰ ਕਦੀ ਵੀ ਆਪਣੇ ਨਾਲ ਲਾਣ ਲਈ ਤਿਆਰ ਨਹੀਂ, ਪਰ ਮੈਂ ਬੇਨਤੀ ਕਰਾਂ, ਮੇਰਾ ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਉਹਨਾਂ ਦੇ ਦਰਵਾਜ਼ਿਆਂ 'ਤੇ ਖ਼ੁਦ ਚੱਲ ਕੇ ਗਿਆ ਜਿਹੜੇ ਜ਼ਿੰਦਗੀ ਤੋਂ ਡਿੱਗੇ ਸਨ। ਜੇ ਡਾਕਟਰ ਨੇ ਮਰੀਜ਼ ਕੋਲ ਨਹੀਂ ਜਾਣਾ ਤਾਂ ਤੰਦਰੁਸਤ ਬੰਦਿਆਂ ਵਿਚ ਬੈਠੇ ਹੋਏ ਡਾਕਟਰ ਦੀ ਕੀ ਕੀਮਤ ਹੋਵੇਗੀ। ਜੇ ਸਕੂਲ ਵਿਚ ਇਕ ਮਾਂ ਆਪਣੇ ਬੱਚੇ ਨੂੰ ਲੈ ਕੇ ਆਈ ਹੈ। ਉਸਨੂੰ ਅਜੇ ਕੋਈ ਅੱਖਰ ਬੋਧ ਨਹੀਂ, ਉਸਨੂੰ ਕੋਈ ਅੰਕਾਂ ਦਾ ਬੋਧ ਨਹੀਂ ਤੇ ਜੋ ਵਿਦਿਆਰਥੀ ਜਿਹੜਾ ਇਕ ਦਿਨ ਵੀ ਕਦੀ ਪੜ੍ਹਿਆ ਨਹੀਂ, ਜਿਸਨੇ ਬੌਧਿਕ ਤੱਲ 'ਤੇ ਸੋਚਿਆ ਨਹੀਂ ਤੇ ਉਸਤਾਦ ਇਹ ਕਹੇ ਕਿ ਮਾਈ, ਆਪਣੇ ਪੁੱਤਰ ਨੂੰ ਸਕੂਲ ਤੋਂ ਬਾਹਰ ਲੈ ਜਾ। ਕਿਉਂ? ਤੇਰਾ ਪੁੱਤਰ ਅਨਪੜ੍ਹ ਹੈ। ਪਿਆਰਿਉ ! ਸਕੂਲ ਅਨਪੜ੍ਹ ਬੰਦਿਆਂ ਨੂੰ ਪੜ੍ਹਾਉਣ ਲਈ ਬਣਾਏ ਗਏ ਹਨ। ਹਸਪਤਾਲ ਰੋਗੀਆਂ ਨੂੰ ਅਰੋਗ ਕਰਨ ਲਈ ਬਣਾਏ ਗਏ ਹਨ। ਯਾਦ ਰੱਖਿਉ, ਧਰਮ ਅਸਥਾਨ ਵੀ ਇਸ ਕਰਕੇ ਬਣਾਏ ਗਏ ਕਿ ਜਿਨ੍ਹਾਂ ਪਾਪੀਆਂ ਦੇ ਅੰਦਰ ਨੂੰ ਕਿਤੇ ਵੀ ਸ਼ਾਂਤੀ ਨਹੀਂ ਮਿਲੀ, ਇਸ ਥਾਂ 'ਤੇ ਆਉਣ ਤੇ ਰੱਬ ਮੇਹਰ ਕਰੇ, ਇਸ ਪਾਪ ਵਾਲੀ ਬਿਰਤੀ ਤੋਂ ਹੱਟ ਕੇ ਧਰਮ ਵਾਲੇ ਪਾਸੇ ਤੁਰ ਪੈਣ। ਜੇ ਇਕ ਬੰਦਾ ਪਾਪ ਕਰਨ ਵਾਲਾ ਆ ਜਾਏ ਮੇਰਾ ਖ਼ਿਆਲ ਸਾਰੇ ਦੇਖਣ ਲੱਗ ਪੈਣਗੇ ਕਿ ਇਹ ਬੰਦਾ ਗੁਰਦੁਆਰੇ ਕਿਵੇਂ ?

ਇਕ ਸੱਜਣ ਨੇ ਬੜੇ ਸੋਹਣੇ ਸ਼ਬਦ ਕਹੇ। ਉਹ ਲਿਖਦਾ ਹੈ ਕਿ ਅੱਜ ਤੱਕ ਅਸੀਂ ਇਹ ਸੁਣਿਆ ਹੈ ਕਿ ਜਦੋਂ ਇਨਸਾਨ ਨੂੰ ਪਿਆਸ ਲੱਗਦੀ ਹੈ ਤਾਂ ਪਿਆਸਾ ਬੰਦਾ ਹਮੇਸ਼ਾ ਖੂਹ ਦੇ ਕੋਲ ਚੱਲ ਕੇ ਜਾਂਦਾ ਹੈ। ਪਰ ਨਾਲ ਉਹਨਾਂ ਨੇ ਇਕ ਬਚਨ ਹੋਰ ਕਿਹਾ ਹੈ। ਚੇਤੇ ਰੱਖੋ, ਪਿਆਸੇ ਬੰਦੇ ਆਪ ਖੂਹ ਕੋਲ ਚੱਲਕੇ ਜਾਂਦੇ ਹਨ ਪਰ ਗੁਰੂ ਨਾਨਕ ਸਾਹਿਬ ਤਾਂ ਸੱਚ ਦੇ ਅੰਮ੍ਰਿਤ ਦਾ ਉਹ ਖੂਹ ਹਨ ਜਿਹੜੇ ਪਿਆਸਿਆਂ ਦੇ ਕੋਲ ਖ਼ੁਦ ਚੱਲ ਕੇ ਗਏ। ਜਿਨ੍ਹਾਂ ਨੂੰ ਪਿਆਸ ਸੀ, ਉਹਨਾਂ ਦੇ ਦਰਵਾਜ਼ਿਆਂ 'ਤੇ ਪਹੁੰਚੇ।

ਹਜ਼ੂਰ ਦੀ ਪਵਿੱਤਰ ਬਾਣੀ ਵਿਚ ਇਕ ਪ੍ਰਮਾਣ ਹੈ। ਵਿਚਾਰ ਚੱਲ ਰਹੀ ਹੈ ਕਿ ਬਾਹਰ ਵੀ ਅੱਗ ਹੈ ਤੇ ਇਨਸਾਨ ਦੇ ਅੰਦਰ ਵੀ ਅੱਗ ਹੈ। ਸਤਿਗੁਰ ਨੇ ਅੰਮ੍ਰਿਤ ਬਾਣੀ ਵਿਚ ਇਹ ਬਚਨ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਨਾਨਕ ਦੀ ਰਸਨਾ ਤੋਂ ਉਚਾਰਨ ਕੀਤੇ ਬਚਨ ਤੇ ਇਤਿਹਾਸ ਇਸ ਸ਼ਬਦ ਦੀ ਭੂਮਿਕਾ ਇਹ ਦੱਸਦਾ ਹੈ ਕਿ ਹਜ਼ੂਰ ਜਦੋਂ ਹਰਿਦੁਆਰ ਗਏ ਹਨ ਤੇ ਉਥੇ ਇਕ ਵੈਸ਼ਨਵ ਸਾਧ ਸੀ, ਜਿਹੜਾ ਜ਼ਮੀਨ ਨੂੰ ਪੁੱਟ ਕੇ ਚੂਲੇ ਬਣਾਉਂਦਾ

ਹੈ। ਲੱਕੜ ਨੂੰ ਧੋ ਕੇ ਬਾਲਦਾ ਹੈ ਤੇ ਜਦੋਂ ਉਹ ਚੌਂਕਾ ਤਿਆਰ ਕਰਕੇ ਭੋਜਨ ਤਿਆਰ ਕਰਦਾ ਹੈ ਤੇ ਉਸ ਵੇਲੇ ਉਸ ਚੌਂਕੇ ਦੇ ਚਾਰ ਚੁਫੇਰੇ ਮੰਤਰ ਪੜ੍ਹ ਕੇ ਲਕੀਰਾਂ ਖਿੱਚਦਾ ਹੈ ਕਿ ਕੋਈ ਬਦ-ਰੂਹ ਇਸ ਚੌਂਕੇ ਵਿਚ ਨਾ ਆ ਜਾਏ। ਉਸ ਨੇ ਲਕੀਰਾਂ ਖਿੱਚੀਆਂ। ਹਜ਼ੂਰ ਗੁਰੂ ਨਾਨਕ ਸਾਹਿਬ ਨੇ ਕਿਹਾ ਮਰਦਾਨਿਆ ! ਆਪਾਂ ਵੀ ਜੇ ਭੋਜਨ ਤਿਆਰ ਕਰਨਾ ਹੈ ਤਾਂ ਅੱਗ ਦੀ ਲੋੜ ਪੈਣੀ ਹੈ। ਇਕ ਕ੍ਰਿਪਾ ਕਰ, ਜਾ ਉਸਦੇ ਕੋਲੋਂ ਬੱਲਦੀ ਹੋਈ ਇਕ ਲੱਕੜ ਹੀ ਲੈ ਆ। ਭਾਈ ਮਰਦਾਨਾ ਜੀ ਗਏ ਤੇ ਜਿਸ ਵੇਲੇ ਉਸ ਵੈਸ਼ਨਵ ਸਾਧ ਦੇ ਚੌਂਕੇ ਵਿਚ ਉਹਨਾਂ ਨੇ ਅਜੇ ਪੈਰ ਪਾਉਣਾ ਸੀ, ਤਨ ਦਾ ਪਰਛਾਵਾਂ ਚੌਂਕੇ 'ਤੇ ਪਿਆ ਤੇ ਜਿਹੜਾ ਰਾਮ ਨਾਮ ਦੀ ਰੱਟ ਲਾਈ ਬੈਠਾ ਸੀ, ਸ਼ਾਂਤੀ ਸ਼ਾਂਤੀ ਕੂਕਦਾ ਸੀ, ਭਾਈ ਸਾਹਿਬ ਦੇ ਪਰਛਾਵਾਂ ਪੈਣ ਦੀ ਦੇਰ ਹੈ ਕਿ ਬੱਲਦੀ ਹੋਈ ਇਕ ਲੱਕੜ ਭਾਈ ਸਾਹਿਬ ਦੇ ਤਨ 'ਤੇ ਮਾਰਨ ਲੱਗਾ। ਭਾਈ ਮਰਦਾਨਾ ਜੀ ਪਿੱਛੇ ਹੋ ਗਏ। ਉਹ ਦੌੜ ਕੇ ਗੁਰੂ ਨਾਨਕ ਸਾਹਿਬ ਕੋਲ ਆ ਗਏ ਤੇ ਇਹ ਸੱਜਣ ਜਿਹੜਾ ਸ਼ਾਂਤੀ ਦੀ ਗੱਲ ਕਰਦਾ ਸੀ ਬੱਲਦੀ ਹੋਈ ਅੱਗ ਲੈ ਕੇ ਬਾਬੇ ਨਾਨਕ ਦੇ ਕੋਲ ਭਾਈ ਮਰਦਾਨੇ ਨੂੰ ਫੂਕਣ ਲਈ ਆ ਗਿਆ।

ਹਜ਼ੂਰ ਨੇ ਦੇਖਿਆ ਕਿ ਉਸ ਬੰਦੇ ਦੇ ਮੱਥੇ 'ਤੇ ਤਿਊੜੀ ਸੀ, ਉਸ ਦੀਆਂ ਅੱਖਾਂ ਵਿਚ ਖ਼ੂਨ ਉਤਰਿਆ ਸੀ। ਗ਼ੁੱਸੇ ਨਾਲ ਉਸਦੇ ਹੱਥ ਕੰਬਦੇ ਪਏ ਸਨ। ਉਸ ਦੀ ਜ਼ਬਾਨ ਥਥਲਾਂਦੀ ਪਈ ਸੀ। ਕ੍ਰੋਧ ਨਾਲ ਬੋਲ ਸ਼ੁੱਧ ਨਹੀਂ ਸਨ ਨਿਕਲ ਰਹੇ। ਹਜ਼ੂਰ ਦੇ ਜਦੋਂ ਕੋਲ ਗਿਆ ਤਾਂ ਸਾਹਿਬ ਨੇ ਉੱਠ ਕੇ ਕਿਹਾ ਕਿ ਭਲੇ ਪੁਰਖਾ ! ਇਹ ਰੱਬ ਦਾ ਕੀਰਤਨ ਕਰਨ ਵਾਲਾ ਕੀਰਤਨੀਆ ਤੇ ਤੂੰ ਬੱਲਦੀ ਹੋਈ ਅੱਗ ਲੈ ਕੇ ਇਸਦੇ ਪਿੱਛੇ ਕਿਉਂ ਦੌੜਿਆ ਆਇਆ ਹੈਂ? ਕਹਿਣ ਲੱਗਾ ਮੈਂ ਇਸ ਬੰਦੇ ਨੂੰ ਜੀਉਂਦੇ ਨੂੰ ਸਾੜ ਦੇਣਾ ਹੈ। ਮਹਾਰਾਜ ਕਹਿੰਦੇ ਹਨ ਕਿ ਕਰਦਾ ਰੱਬ ਦੀ ਕੀਰਤੀ ਤੇ ਸਾੜਨ ਲਈ ਤੁਰ ਪਿਆ ਹੈਂ। ਇਸਦਾ ਗੁਨਾਹ ਕੀ ਹੈ? ਉਸਨੇ ਕਿਹਾ ਇਸ ਸ਼ੂਦਰ ਦਾ ਪਰਛਾਵਾਂ ਪੈ ਗਿਆ ਹੈ, ਮੇਰਾ ਚੌਂਕਾ ਭਰਸ਼ਟਿਆ ਗਿਆ ਹੈ ਤੇ ਮੈਂ ਇਸਨੂੰ ਇਸ ਦੇ ਕੀਤੇ ਦੀ ਸਜ਼ਾ ਦੇਣ ਆਇਆ ਹਾਂ। ਹਜ਼ੂਰ ਨੇ ਕਿਹਾ ਮਰਦਾਨਿਆ ! ਤਾਰ ਨੂੰ ਸੁਰ ਕਰ। ਅੱਜ ਇਹ ਵੀ ਦੁਨੀਆਂ ਨੂੰ ਪਤਾ ਲੱਗ ਜਾਏ ਕਿ ਕਈ ਵਾਰੀ ਉੱਪਰੋਂ ਸ਼ਾਂਤੀ ਦੇ ਗੀਤ ਗਾਉਣ ਵਾਲਿਆਂ ਦੇ ਅੰਦਰ ਵੀ ਕ੍ਰਾਂਤੀ ਦੀ ਅੱਗ ਭੜਕਦੀ ਪਈ ਹੈ। ਹਜ਼ੂਰ ਨੇ ਕਿਹਾ ਮੈਨੂੰ ਹੁਣ ਪਤਾ ਲੱਗਾ ਹੈ ਕਿ ਜਿਹੜੀ ਅੱਗ ਤੂੰ ਆਪਣੇ ਹੱਥ ਵਿਚ ਫੜੀ ਹੈ, ਇਹ ਇਕੱਲੀ ਬਾਹਰ ਦੀ ਲੱਕੜ ਨਹੀਂ, ਇਹ ਤਾਂ ਤੇਰੀ ਅੰਦਰ ਦੀ ਅੱਗ ਦਾ ਇਕ ਭਾਂਬੜ ਬੱਲਦਾ ਪਿਆ ਹੈ।

ਉਥੇ ਹਜ਼ੂਰ ਨੇ ਅੰਮ੍ਰਿਤ ਬੋਲ ਉਚਾਰਨ ਕੀਤੇ। ਕਹਿਣ ਲੱਗੇ ਕਿ ਬਾਹਰ ਦੇ ਚੌਂਕੇ ਬਚਾਉਣ ਵਾਲਿਆ ! ਅੰਦਰ ਦੇ ਚੌਂਕੇ ਤੇਰੇ ਭਰਸ਼ਟੇ ਪਏ ਹਨ ਤੇ ਸ਼ਬਦ ਕਿਹਾ-

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥*

(ਅੰਗ ੯੧)



ਇੰਨਾ ਤੱਪਿਆ ਪਿਆ ਹੈਂ ਤੂੰ ਪਿਆਰਿਆ ਕਿ ਸੇਕ ਤੇਰੀਆਂ ਅੱਖਾਂ ਤੋਂ ਬਾਹਰ ਆ ਗਿਆ ਹੈ। ਬਾਹਰ ਦੀਆਂ ਲੱਕੜਾਂ ਧੋਣ ਦੀ ਥਾਂ ਆਪਣੇ ਮਨ ਨੂੰ ਧੋਣ ਦਾ ਯਤਨ ਕਰ, ਜਿੱਥੇ ਅੱਗ ਦੀਆਂ ਚਿੰਗਿਆੜੀਆਂ ਪਈਆਂ ਹਨ। ਤੇਰੇ ਸ਼ਰਧਾਲੂ ਮੱਥਾ ਟੇਕਦੇ ਹਨ ਤੇ ਪ੍ਰਗਟ ਨਹੀਂ ਹੁੰਦੀਆਂ ਪਰ ਜਦੋਂ ਤੇਰੇ ਅੰਦਰ ਦਵੈਸ਼ ਆਉਂਦੀ ਹੈ ਤਾਂ ਨਿੱਕੀਆਂ ਚਿੰਗਿਆੜੀਆਂ ਵੀ ਅੱਜ ਅੱਗ ਬਣ ਗਈਆਂ।

ਪਿਆਰਿਉ ! ਇਹ ਇਕੱਲੀ ਵੈਸ਼ਨਵ ਸਾਧ ਦੀ ਕਹਾਣੀ ਨਹੀਂ, ਇਹ ਹਕੀਕਤ ਵਿਚ ਸੱਚਾਈ ਹੈ ਕਿ ਮੇਰੇ ਵਰਗਾ ਬੰਦਾ ਵੀ ਬਾਹਰੋਂ ਵਾਹਿਗੁਰੂ ਵਾਹਿਗੁਰੂ ਕਹੇ, ਅਸੀਂ ਕਹਿੰਦੇ ਹਾਂ ਸਾਰੇ ਪਰ ਇਕ ਅਰਦਾਸ ਕਰੀਏ ਸੱਚੇ ਪਾਤਿਸ਼ਾਹ ! ਜਿਹੜੀ ਮੈਂ ਤੇਰੇ ਨਾਮ ਦੀ ਗੱਲ ਆਪਣੀ ਜੀਭ ਨਾਲ ਕਰਦਾ ਹਾਂ, ਇਹ ਕਿਤੇ ਤੀਲਾਂ ਦੀ ਡੱਬੀ ਨਾ ਬਣ ਜਾਏ, ਇਹ ਜੀਭ ਕੇਵਲ ਨਾਮ ਨੂੰ ਗਾਏ। ਸਾਹਿਬ ਨੇ ਫ਼ੁਰਮਾਇਆ-

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥*
*ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥*

(ਅੰਗ ੯੧)

ਇਹ ਵੀ ਇਕ ਅੱਗ ਹੈ। ਸਾਹਿਬ ਨੇ ਕਿਹਾ

*ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥*

ਇਹ ਅੱਗ ਦੀਆਂ ਨਦੀਆ ਅਗਿ।

*ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥*

(ਅੰਗ ੧੪੭)

ਜਿਹੜੇ ਇਸ ਅੱਗ ਵਿਚ ਪੈ ਗਏ ਉਹ ਸੜ ਗਏ। ਜਿਹੜੇ ਬਖ਼ਸ਼ੀਸ਼ ਲੈ ਕੇ ਨਾਮ ਵਾਲੇ ਪਾਸੇ ਜੁੜੇ, ਉਹ ਇਸ ਅੱਗ ਤੋਂ ਬੱਚ ਗਏ।

ਬਾਣੀ ਵਿਚ ਕੁਝ ਅਰਦਾਸਾਂ ਹਨ ਜਿਹੜੀਆਂ ਆਪਾਂ ਆਪਣੇ ਜੀਊਂਦੇ ਜੀਅ ਆਪਣੇ ਕਰਮ ਵਾਸਤੇ ਕਰਨੀਆਂ ਹਨ, ਆਪਣੇ ਅੰਦਰ ਦੇ ਬਚਾਅ ਲਈ ਕਰਨੀਆਂ ਹਨ। ਇਹ ਅੱਗ ਕਿਉਂ ਸਾਡੇ ਅੰਦਰ ਵਿਆਪਦੀ ਹੈ? ਆਪ ਰੋਜ਼ ਰਹਿਰਾਸ ਸਾਹਿਬ ਜੀ ਦਾ ਪਾਠ ਕਰਦੇ ਹੋ ਤੇ ਗੁਰੂ ਨਾਨਕ ਸਾਹਿਬ ਦਾ ਇਕ ਸ਼ਬਦ ਅਸੀਂ ਪੜ੍ਹਦੇ ਹਾਂ। ਉਹ ਸ਼ਬਦ ਹੈ-

*ਤਿਤੁ ਸਰਵਰੜੈ ਭਈਲੇ ਨਿਵਾਸਾ*

ਸਰਵਰੜੈ ਦਾ ਅਰਥ ਹੈ ਉਹ ਸਰੋਵਰ ਜਿਹੜਾ ਬੜਾ ਖ਼ਤਰਨਾਕ ਹੈ। ਸਾਡਾ ਉਸ ਸਰੋਵਰ ਦੇ ਵਿਚ ਨਿਵਾਸ ਹੈ।

*ਪਾਣੀ ਪਾਵਕੁ ਤਿਨਹਿ ਕੀਆ॥*

ਉਸ ਕਾਦਰ ਨੇ ਇਸ ਸਰੋਵਰ ਵਿਚ ਪਾਣੀ ਦੀ ਥਾਂ 'ਤੇ ਅੱਗ ਦੀਆਂ ਲਹਿਰਾਂ ਪੈਦਾ ਕਰ ਦਿੱਤੀਆਂ ਹਨ। ਉਸਨੂੰ ਤ੍ਰਿਸ਼ਨਾ ਕਹਿ ਲਉ, ਈਰਖਾ ਕਹਿ ਲਉ, ਕ੍ਰੋਧ ਕਹਿ ਲਉ, ਵਾਸ਼ਨਾ ਕਹਿ ਲਉ।

*ਪੰਕਜੁ ਮੋਹ ਪਗੁ ਨਹੀ ਚਾਲੈ॥*

ਮੋਹ ਦਾ ਕਿੱਕਰ ਹੈ ਇਸ ਸਰੋਵਰ ਦੇ ਕਿਨਾਰੇ। ਜਦੋਂ ਚੱਲਣ ਦਾ ਯਤਨ ਕਰਦੇ ਹਾਂ ਤਾਂ ਸਾਡੇ ਪੈਰ ਤੁਰਦੇ ਨਹੀਂ। ਗੁਰੂ ਸਾਹਿਬ ਕਹਿੰਦੇ ਹਨ ਕਿ ਇਕੱਲਾ ਤੂੰ ਨਹੀਂ,

*ਹਮ ਦੇਖਾ ਤਹ ਡੂਬੀਅਲੇ॥*

(ਅੰਗ ੩੫੭)

ਗੁਰੂ ਸਾਹਿਬ ਕਹਿੰਦੇ ਹਨ ਕਿ ਅਸੀਂ ਦੇਖਿਆ ਹੈ ਤੇ ਸਾਡੇ ਦੇਖਦਿਆਂ-ਦੇਖਦਿਆਂ ਪਤਾ ਨਹੀਂ ਕਿੰਨੇ-ਕੁ ਲੋਕ ਇਸ ਅੱਗ ਦੇ ਸਰੋਵਰ ਵਿਚ ਸੜ ਗਏ। ਡੁੱਬਣ ਦਾ ਕਾਰਨ ਇਕੋ ਸੀ-

*ਮਨੁ ਏਕੁ ਨ ਚੇਤਸਿ ਮੂੜ ਮਨਾ॥*
*ਹਰਿ ਬਿਸਰਤ ਤੇਰੇ ਗੁਣ ਗਲਿਆ॥*

(ਅੰਗ ੩੫੭)

ਜਦੋਂ ਤੂੰ ਰੱਬ ਨੂੰ ਭੁੱਲ ਗਿਆ ਤੇ ਅੱਗ ਸਾਨੂੰ ਵਿਆਪੀ। ਜੇ ਮਾਂ ਦੀ ਉਦਰ ਦੀ ਅੱਗ ਵਿਚ ਸਿਮਰਨ ਹੈ ਤਾਂ ਨੌਂ ਮਹੀਨੇ ਉਹ ਅੱਗ ਇਸ ਬੰਦੇ ਨੂੰ ਨਹੀਂ ਸਾੜ ਸਕਦੀ ਤੇ ਜੇ ਮਾਂ ਦੇ ਗਰਭ ਵਾਲਾ ਸਿਮਰਨ ਇਸ ਸੰਸਾਰ ਵਿਚ ਆ ਜਾਏ ਤਾਂ ਚੇਤੇ ਰੱਖਿਉ, ਬਾਹਰ ਦੀ ਅੱਗ ਵੀ ਕਦੀ ਨਹੀਂ ਸਾੜ ਸਕਦੀ।

ਇਤਿਹਾਸ ਦੀ ਇਕ ਘਟਨਾ ਹੈ। ਜਿਸ ਦਿਨ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋਈ ਸੀ, ਧੰਨ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਨੇ ਕੀਤੀ ਤੇ ਉਸ ਵੇਲੇ ਬੜਾ ਵੱਡਾ ਲੰਗਰ ਲਾਇਆ ਗਿਆ। ਸੰਗਤ ਬਹੁਤ ਦੂਰੋਂ ਦੂਰੋਂ ਆਈ। ਇਹ ਚੇਤੇ ਰੱਖਿਉ ਕਿ ਸੱਚੇ ਪਾਤਿਸ਼ਾਹ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਪਹਿਲਾਂ ਕਰਾਈ ਹੈ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਾਅਦ ਵਿਚ ਹੋਇਆ ਹੈ। ਇਕ ਸੱਜਣ ਨੇ ਤਾਂ ਹਰਿਮੰਦਰ ਸਾਹਿਬ ਦੀ ਪਹਿਲਾਂ ਬਣੀ ਹੋਈ ਇਮਾਰਤ ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਬਾਅਦ ਵਿਚ ਸੰਪਾਦਨ ਹੋਣਾ ਇਸਦੇ ਸੰਬੰਧੀ ਵਿਚਾਰ ਰੱਖੇ ਸਨ ਕਿ ਸਿੱਖਾ ! ਤੈਨੂੰ ਘੱਟੋ ਘੱਟ ਇਤਿਹਾਸ ਦੇ ਇਹਨਾਂ ਦੋ ਤੱਥਾਂ ਤੋਂ ਸਮਝ ਪੈ ਜਾਣੀ ਚਾਹੀਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਾਅਦ ਤੇ ਹਰਿਮੰਦਰ ਸਾਹਿਬ ਪਹਿਲਾਂ ਕਿਉਂ ਬਣਾ ਦਿੱਤਾ। ਗੁਰੂ ਸਾਹਿਬ ਦਾ ਸਤਿਕਾਰ ਸਿਖ ਲੈ ਤੇ ਇਸ ਘਟਨਾ ਤੋਂ ਸਿਖ ਕਿ ਜਿਸਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ, ਅਜੇ ਉਹ ਹੋਂਦ ਵਿਚ ਨਹੀਂ, ਪੋਥੀਆਂ ਹਨ ਪਰ



ਜਿਸ ਥਾਂ 'ਤੇ ਪ੍ਰਕਾਸ਼ ਕੀਤਾ ਜਾ ਰਿਹਾ ਹੈ, ਉਹ ਥਾਂ ਪਹਿਲਾਂ ਤਿਆਰ ਕਰ ਦਿੱਤੀ, ਕਿਉਂਕਿ ਸ਼ਬਦ-ਗੁਰੂ ਦਾ ਸਤਿਕਾਰ ਇੰਨਾ ਕੀਤਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਬਾਅਦ ਵਿਚ ਤੇ ਪ੍ਰਕਾਸ਼ ਵਾਲੀ ਪਵਿੱਤਰ ਥਾਂ ਪਹਿਲਾਂ ਹੀ ਹਜ਼ੂਰ ਨੇ ਬਣਾ ਦਿੱਤੀ। ਕਿਸੇ ਨੂੰ ਇਸਦਾ ਅਦਬ ਕਰਨ ਦੀ ਜਾਚ ਆ ਜਾਏ। ਜਿਸ ਵੇਲੇ ਇਹ ਹਰਿਮੰਦਰ ਸਾਹਿਬ ਮੁਕੰਮਲ ਹੋਇਆ, ਹਜ਼ੂਰ ਨੇ ਸੰਗਤ ਨੂੰ ਬੁਲਾਇਆ, ਲੰਗਰ ਲਾਇਆ ਗਿਆ, ਬੜੀ ਦੂਰ ਦੂਰ ਤੋਂ ਸੰਗਤ ਆਈ। ਉਸ ਦਿਨ ਕੁਝ ਬ੍ਰਾਹਮਣ ਆਏ ਜਿਹੜੇ ਕਰਮ ਕਾਂਡੀ ਸਨ। ਗੁਰੂ ਅਰਜਨ ਸਾਹਿਬ ਨੂੰ ਆ ਕੇ ਆਖਿਆ ਕਿ ਮਹਾਰਾਜ ! ਤੁਸੀਂ ਇਮਾਰਤ ਬਣਾਈ ਹੈ ਤੇ ਪਹਿਲਾਂ ਜਦੋਂ ਸਨਾਤਨੀ ਵੀਰ ਕੋਈ ਇਮਾਰਤ ਬਣਾਉਂਦੇ ਸਨ ਤਾਂ ਪਹਿਲਾਂ ਸਥਾਨ ਉਹ ਕੱਢ ਕੇ ਰੱਖਦੇ ਸਨ ਆਪਣੇ ਪ੍ਰੋਹਤ ਦਾ। ਕਹਿਣ ਲੱਗੇ ਮਹਾਰਾਜ ! ਇੰਨੀ ਸੋਹਣੀ ਇਮਾਰਤ ਬਣਾਈ ਤੇ ਅਸੀਂ ਪ੍ਰੋਹਤ ਹਾਂ, ਸਾਡੇ ਲਈ ਤੁਸੀਂ ਥਾਂ ਕਿਉਂ ਨਹੀਂ ਕੱਢਿਆ? ਸਤਿਗੁਰੂ ਨੇ ਉਥੇ ਹੱਸ ਕੇ ਕਿਹਾ ਕਿ ਸਾਡਾ ਪ੍ਰੋਹਤ ਇਕ ਹੈ। ਅਸੀਂ ਉਸਨੂੰ ਲੰਗਰ ਛਕਾ ਦਿੱਤਾ ਹੈ। ਉਸ ਦੇ ਲਈ ਥਾਲ ਕੱਢਿਆ। ਕੌਣ? ਉਥੇ ਗੁਰੂ ਦਾ ਇਕ ਸਿੱਖ ਸੀ, ਇਤਿਹਾਸ ਦੀਆਂ ਦੋ ਸਤਰਾਂ ਹਨ, ਉਹ ਲਿਖਦੇ ਹਨ-

ਹਮਰਾ ਪ੍ਰੋਹਤ ਭਾਈ ਬੰਨੋ॥
ਸਭ ਸਿੱਖ ਸੰਗਤ ਸਤਿ ਕਰ ਮੰਨੋ॥

ਸਾਡੀ ਗੱਲ ਸਤਿ ਮੰਨੋ ਕਿ ਸਾਡਾ ਪ੍ਰੋਹਤ ਹੈ ਭਾਈ ਬੰਨੋ। ਮੈਂ ਇਸ ਕਰਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਇਆ ਵਿਚ ਵੀ ਕਦੀ ਲਿਵ ਟੁੱਟੇ ਨਾ। ਫਿਰ ਅੱਗ ਅੱਗ ਨਹੀਂ ਰਹਿੰਦੀ, ਇਸ ਅੱਗ ਤੋਂ ਸੰਸਾਰ ਤਰ ਜਾਂਦਾ ਹੈ। ਆਪ ਨੂੰ ਪਤਾ ਹੈ ਭਾਈ ਬੰਨੋ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿਚ ਨਾਲ ਰਹੇ।

ਹਜ਼ੂਰ ਨੂੰ ਕਿਸੇ ਸਿੱਖ ਨੇ ਪ੍ਰਸ਼ਨ ਕੀਤਾ ਸੀ ਕਿ ਮਹਾਰਾਜ ! ਕੋਈ ਅਜਿਹਾ ਹੈ ਜਿਹੜਾ ਮਾਇਆ ਵਿਚ ਵੀ ਰਹੇ ਤੇ ਇਸ ਅੱਗ ਨਾਲ ਸੜੇ ਵੀ ਨਾ। ਚਿੱਕੜ ਵਿਚ ਵੀ ਰਹੇ ਪਰ ਭਿੱਜੇ ਕਦੀ ਨਾ। ਪਰਿਵਾਰ ਵਿਚ ਵੀ ਰਹੇ ਤੇ ਮੋਹ ਦੀਆਂ ਤੰਦਾਂ ਕਦੀ ਵਿਆਪਣ ਨਾ। ਦੁਨੀਆਂ ਦੀਆਂ ਗੱਲਾਂ ਬੋਲ-ਕੁਬੋਲ ਵੀ ਸੁਣੀ ਜਾਏ, ਪਰ ਅੰਦਰ ਕਦੀ ਹਿੱਲੇ ਨਾ। ਬਾਹਰ ਦੇ ਹਾਲਾਤ ਵੀ ਮਾੜੇ ਬਣ ਜਾਣ, ਪਰ ਅੰਦਰ ਦਾ ਨੇਮ ਕਦੀ ਟੁੱਟੇ ਨਾ। ਗੁਰੂ ਸਾਹਿਬ ਨੇ ਕਿਹਾ ਕਿ ਬਹੁਤ ਹਨ। ਫਿਰ ਕ੍ਰਿਪਾ ਕਰਕੇ ਕਿਸੇ ਦੇ ਦਰਸ਼ਨ ਕਰਾਉ। ਆਪ ਤਾਂ ਗੁਰੂ ਹੋ, ਕੋਈ ਸਿੱਖ ਵੀ ਅਜਿਹਾ ਹੈ? ਸੱਚੇ ਪਾਤਿਸ਼ਾਹ ਜੀ ਨੇ ਉਸਨੂੰ ਭਾਈ ਬੰਨੋ ਵੱਲ ਭੇਜਿਆ।

ਭਾਈ ਬੰਨੋ ਕਰਦੇ ਸਨ ਘਿਉ ਦਾ ਕੰਮ। ਜਦੋਂ ਇਹ ਗਿਆ ਤਾਂ ਭਾਈ ਸਾਹਿਬ ਆਪਣੀ ਦੁਕਾਨ ਦੀ ਗੱਦੀ 'ਤੇ ਬੈਠੇ ਹਨ। ਇਕ ਗਾਹਕ ਘਿਉ ਖ਼ਰੀਦਣ ਆਇਆ ਹੈ। ਕੁਝ ਕੁ ਪੈਸਿਆਂ ਦਾ ਰੌਲਾ ਹੈ ਤੇ ਭਾਈ ਸਾਹਿਬ ਉਸ ਨਾਲ ਬਹਿਸਦੇ ਪਏ ਹਨ ਕਿ ਨਾ ਤਾਂ ਮੈਂ ਇਕ ਪੈਸਾ ਤੇਰੇ ਕੋਲੋਂ ਵੱਧ ਲੈਣਾ ਹੈ ਤੇ ਨਾ ਆਪਣੇ ਹੱਥ ਵਿਚ ਫੜ ਕੇ ਘੱਟ ਜੋਖਣਾ ਹੈ। ਵੱਧ ਮੈਂ ਲੈਣਾ ਨਹੀਂ, ਘੱਟ ਮੈਂ ਦੇਣਾ ਨਹੀਂ ਤੇ ਇਹ ਘਿਉ ਬੜਾ ਕੀਮਤੀ ਹੈ। ਉਹ ਸਿੱਖ ਖਲੋ ਕੇ

ਦੇਖ ਰਿਹਾ ਸੀ ਤੇ ਮਨ ਵਿਚ ਸ਼ੰਕਾ ਹੋ ਗਈ ਕਿ ਸੱਚੇ ਪਾਤਿਸ਼ਾਹ ਨੇ ਕਿਸ ਕੋਲ ਮੈਨੂੰ ਭੇਜ ਦਿੱਤਾ ਹੈ, ਜਿਹੜਾ ਕਿੰਨਾ ਸਮਾਂ ਹੋ ਗਿਆ ਹੈ ਘਿਉ ਦੀ ਇਕ ਪਲੀ ਖ਼ਾਤਰ ਝਗੜੀ ਜਾਂਦਾ ਹੈ। ਇਹ ਕਿਵੇਂ ਮਾਇਆ ਵਿਚ ਨਿਰਲੇਪ ਹੋਵੇਗਾ?

ਮੁੱਕਦੀ ਗੱਲ, ਉਹ ਝਗੜਾ ਮੁੱਕਿਆ ਤੇ ਜਦੋਂ ਉਸ ਸਿੱਖ ਦੀ ਵਾਰੀ ਆਈ ਤਾਂ ਭਾਈ ਸਾਹਿਬ ਨੇ ਪੁੱਛਿਆ ਕਿ ਦੱਸ ਬਈ, ਤੂੰ ਵੀ ਘਿਉ ਲੈਣ ਆਇਆ ਹੈਂ? ਕਿੰਨਾ ਲੈਣ ਆਇਆ ਹੈਂ? ਉਸਨੇ ਹੱਥ ਜੋੜ ਕੇ ਕਿਹਾ ਕਿ ਮੈਂ ਘਿਉ ਨਹੀਂ ਲੈਣ ਆਇਆ, ਮੈਂ ਅੰਦਰ ਦਾ ਇਕ ਸਵਾਲ ਲੈ ਕੇ ਆਇਆ ਸੀ ਤੇ ਮੇਰਾ ਖ਼ਿਆਲ ਹੈ ਸ਼ਾਇਦ ਮੇਰਾ ਅੱਜ ਸ਼ੰਕਾ ਨਹੀਂ ਨਿਕਲਣਾ। ਭਾਈ ਸਾਹਿਬ ਨੇ ਕੱਪੜੇ ਨਾਲ ਹੱਥ ਪੂੰਝ ਲਏ ਤੇ ਕਹਿਣ ਲੱਗੇ, ਦੱਸ ਤੇਰਾ ਸਵਾਲ ਕੀ ਹੈ? ਕਹਿੰਦਾ ਹੈ ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਇਆ ਹਾਂ। ਇੰਨੇ ਸ਼ਬਦ ਕਹਿਣ ਦੀ ਦੇਰ ਸੀ ਕਿ ਭਾਈ ਸਾਹਿਬ ਗੱਦੀ ਤੋਂ ਥੱਲੇ ਆ ਗਏ। ਕਹਿਣ ਲੱਗੇ, ਮੇਰੇ ਗੁਰੂ ਜੀ ਦੇ ਦਰ ਤੋਂ ਆਇਆ ਹੈਂ, ਆ ਜੀ ਆਇਆਂ ਨੂੰ, ਦੱਸ ਕੀ ਸੇਵਾ ਕਰਾਂ? ਅੱਖਾਂ ਪਾਣੀ ਨਾਲ ਭਿੱਜ ਗਈਆਂ। ਜਿਹੜਾ ਇਕ ਘੜੀ ਪਹਿਲਾਂ ਇੰਝ ਪ੍ਰਤੀਤ ਹੁੰਦਾ ਸੀ ਕਿ ਮਾਇਆ ਵਿਚ ਗ੍ਰਸਿਆ ਹੈ, ਉਹ ਬੈਰਾਗ ਵਿਚ ਚਲਾ ਗਿਆ। ਕਹਿਣ ਲੱਗੇ ਚੱਲ ਗੁਰਮੁੱਖਾ ਘਰ। ਘਰ ਲੈ ਗਏ। ਕਹਿਣ ਲੱਗੇ ਸੇਵਾ ਮੈਂ ਤੁਹਾਡੀ ਕੀ ਕਰਾਂ ? ਸਿੱਖ ਨੇ ਕਿਹਾ ਕਿ ਮੈਂ ਇਸ਼ਨਾਨ ਕਰਨਾ ਹੈ। ਕਹਿਣ ਲੱਗੇ, ਪਾਣੀ ਕੋਸਾ ਕਰਾਂ ਜਾਂ ਠੰਢੇ ਨਾਲ ਕਰੋਗੇ ? ਕਹਿੰਦਾ ਪਾਣੀ ਨਾਲ ਤਾਂ ਰੋਜ਼ ਕਰਦੇ ਹਾਂ, ਘਿਉ ਦੇ ਵਪਾਰੀ ਦੇ ਘਰ ਆਏ ਹਾਂ, ਅਸੀਂ ਘਿਉ ਨਾਲ ਇਸ਼ਨਾਨ ਕਰਾਂਗੇ।

ਭਾਈ ਬੰਨੋ ਹੱਸ ਪਏ। ਕਹਿਣ ਲੱਗੇ ਕਿ ਸੱਚੇ ਪਾਤਿਸ਼ਾਹ ! ਅੱਜ ਕਿਰਤ ਵੀ ਸਫਲ ਕਰਨ ਲਈ ਮੌਕਾ ਦੇ ਦਿੱਤਾ ਜੇ। ਉਸਨੇ ਆਵਾਜ਼ ਦਿੱਤੀ ਗੁਰੂ ਕੇ ਸਿੱਖਾ, ਆ ਇਸ਼ਨਾਨ ਕਰ। ਜਦੋਂ ਉਹ ਬਸਤਰ ਲੈ ਕੇ ਖੂਹੇ ਕੋਲ ਗਏ, ਇਸ਼ਨਾਨ ਤਾਂ ਕੀ ਕਰਨਾ ਸੀ, ਜਿਹੜੀ ਫੱਟੀ ਨਵੀਂ ਰੱਖੀ ਸੀ, ਭਾਈ ਸਾਹਿਬ ਨੇ ਦੇਖਦਿਆਂ ਦੇਖਦਿਆਂ ਘਿਉ ਦੇ ਦੋ ਕੁੱਪੇ ਫੱਟੀ ਉੱਤੇ ਰੋੜ ਕੇ ਫੱਟੀ ਸਾਫ਼ ਕਰ ਦਿੱਤੀ। ਉਹ ਹੈਰਾਨ ਹੋ ਗਿਆ। ਉਹ ਕਹਿਣ ਲੱਗਾ, ਸਿੱਖਾ ! ਮੈਨੂੰ ਬਖ਼ਸ਼ ਦੇਈਂ, ਮੈਂ ਗ਼ਲਤੀ ਨਾਲ ਸ਼ੰਕਾ ਕਰ ਬੈਠਾ, ਪਰ ਮੇਰੀ ਇਕ ਗੱਲ ਹੋਰ ਮਨੋਂ ਕੱਢ ਦੇਈਂ ਕਿ ਦੁਕਾਨ 'ਤੇ ਬੈਠਾ ਇਕ ਗਾਹਕ ਨਾਲ ਥੋੜੇ ਜਿਹੇ ਘਿਉ ਦੀ ਖ਼ਾਤਰ ਇੰਨੀ ਬਹਿਸ ਕਰਦਾ ਪਿਆ ਸੀ, ਇਥੇ ਮੇਰੇ ਬਿਨਾਂ ਪੁੱਛਣ ਤੋਂ ਘਿਉ ਕਿਉਂ ਡੋਲ੍ਹ ਦਿੱਤਾ? ਕਹਿਣ ਲੱਗਾ, ਡੋਲ੍ਹਿਆ ਨਹੀਂ। ਜਿਸ ਫੱਟੀ 'ਤੇ ਸਿੱਖ ਨੇ ਇਸ਼ਨਾਨ ਕਰਨਾ ਹੈ, ਮੈਂ ਫੱਟੀ ਵੀ ਘਿਉ ਨਾਲ ਧੋਣੀ ਚਾਹੁੰਦਾ ਹਾਂ। ਕਹਿਣ ਲੱਗਾ, ਉਥੇ ਮੇਰੀ ਕਿਰਤ ਸੀ, ਇਥੇ ਮੇਰਾ ਧਰਮ ਹੈ। ਉਸ ਗੱਦੀ 'ਤੇ ਬੈਠਿਆ ਮੇਰਾ ਸੰਸਾਰ ਸੀ, ਇਸ ਫੱਟੀ ਵਾਲੇ ਪਾਸੇ ਮੇਰਾ ਨਿਰੰਕਾਰ ਹੈ। ਪਿਆਰਿਉ ! ਇਹ ਹੈ ਉਹ ਅਵਸਥਾ। ਸਾਹਿਬ ਕਹਿਣ ਲੱਗੇ-

*ਮਾਧੌ ਤੂ ਠਾਕੁਰੁ ਸਿਰਿ ਮੋਰਾ॥*

ਇੱਥੇ ਤੇ ਉਥੇ ਤੂੰ ਮੈਨੂੰ ਸਹਾਰਾ ਦੇਈਂ।



*ਈਹਾ ਊਹਾ ਤੁਹਾਰੋ ਧੋਰਾ॥ ਰਹਾਉ॥*

ਇਸ ਲੋਕ ਵਿਚ ਤੇ ਪਰਲੋਕ ਵਿਚ ਮੈਨੂੰ ਤੇਰਾ ਸਹਾਰਾ ਹੈ।

*ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥*

ਕਹਿੰਦੇ ਹਨ, ਇਸ ਜੀਵ ਦੀ ਫ਼ਿਤਰਤ ਹੈ ਕਿ ਜਿਸਨੇ ਕੀਤਾ ਪ੍ਰਮਾਤਮਾ ਨੇ ਕੀਤਾ।

*ਕੀਤੇ ਕਉ ਮੇਰੈ ਸੰਮਾਨੈ*

ਜਿਹੜੀ ਚੀਜ਼ ਕੀਤੀ ਗਈ, ਕਰਤੇ ਨੇ ਜਿਹੜੀ ਕਿਰਤ ਕੀਤੀ। ਮੇਰੈ ਦਾ ਅਰਥ ਹੈ ਪਹਾੜ। ਬਣੀ ਹੋਈ ਚੀਜ਼ ਨੂੰ ਬਣਾ ਦਿੱਤਾ ਪਹਾੜ-

*ਕਰਣਹਾਰੁ ਤ੍ਰਿਣੁ ਜਾਨੈ॥*

ਤੇ ਜਿਸ ਪ੍ਰਮਾਤਮਾ ਨੇ ਕੀਤੀ, ਉਹ ਤਿਣਕਾ ਬਣ ਗਿਆ।

*ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ॥ ੨॥*

ਤੁਸੀਂ ਦਾਤੇ ਹੋ, ਸਾਰੀ ਸ੍ਰਿਸ਼ਟੀ ਮੰਗਤਿਆਂ ਦੀ ਹੈ। ਸਗਲੀ ਦੇ ਅਰਥ ਸ੍ਰਿਸ਼ਟੀ ਕਰੀਏ। ਸਾਰੀ ਦੁਨੀਆਂ ਤੁਹਾਡੇ ਦਰ ਤੋਂ ਮੰਗਦੀ ਪਈ ਹੈ ਦਾਤਾ ਜੀ।

*ਦਾਨੁ ਦੇਹਿ ਪ੍ਰਭ ਭਾਨੈ॥ ੨॥*

ਜੋ ਤੁਹਾਨੂੰ ਚੰਗਾ ਲੱਗਾ, ਜਿਸਨੂੰ ਤੁਸੀਂ ਜੋ ਦੇਣਾ ਚਾਹਿਆ, ਆਪਣੀ ਮਰਜ਼ੀ ਨਾਲ ਦਿੱਤਾ। ਵਾਹਿਗੁਰੂ ਜੀ ਜਿਹੜਾ ਤੁਹਾਨੂੰ ਚੰਗਾ ਲੱਗੇ, ਉਸਨੂੰ ਤੁਸੀਂ ਦਾਤ ਬਖ਼ਸ਼ ਦਿੰਦੇ ਹੋ।

*ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ॥*

ਉਹ ਲੋਕ ਅਸੀਂ ਜ਼ਰੂਰ ਚੇਤੇ ਰੱਖੀਏ ਜਿਹੜੇ ਦਾਤਾਂ ਨੂੰ ਪਹਾੜ ਤੇ ਦਾਤੇ ਨੂੰ ਤਿਣਕਾ ਸਮਝਦੇ ਹਨ। ਪ੍ਰਮੇਸ਼ਰ ਇਹ ਬੰਦਾ ਐਵੇਂ ਮਾਣ ਕਰ ਬੈਠਦਾ ਹੈ, ਮੈਂ ਇੰਨਾ ਕੁਝ ਪ੍ਰਾਪਤ ਕੀਤਾ, ਮੈਂ ਇੰਨਾ ਕੁਝ ਇਕੱਠਾ ਕੀਤਾ। ਇਸ ਗੱਲ ਨੂੰ ਚੇਤੇ ਰੱਖਣਾ ਕਿ ਜਿਸ ਰੱਬ ਨੂੰ ਤਿਣਕਾ ਸਮਝਦਾ ਹੈ, ਚਾਰ ਦਾਤਾਂ ਲੈ ਕੇ ਉਸਦੇ ਕੋਲ ਇੰਨੀ ਤਾਕਤ ਹੈ-

*ਹਰਨ ਭਰਨ ਜਾ ਕਾ ਨੇਤ੍ਰ ਫੋਰੁ॥*

(ਸੁਖਮਨੀ ਸਾਹਿਬ)

ਅੱਖ ਝਮਕੇ ਤਾਂ ਜੱਲ-ਥੱਲ ਕਰ ਦੇਵੇ।

*ਖਿਨ ਮਹਿ ਅਵਰੁ ਖਿਨੈ ਮਹਿ ਅਵਰਾ*

ਇਕ ਖਿਨ ਵਿਚ ਪਤਾ ਨਹੀਂ ਉਸਨੇ ਕੀ ਦਾ ਕੀ ਕਰ ਦੇਣਾ ਹੈ। ਤੇਰੇ ਮਨ ਨੂੰ ਕੋਈ ਨਹੀਂ ਜਾਣਦਾ। ਤੂੰ ਮਾਣ ਨਾ ਕਰ ਤੇ ਅਗਲੀ ਤੁੱਕ ਉਸ ਪ੍ਰਮਾਤਮਾ ਦੀ ਸਿਫ਼ਤ ਵਿਚ ਬੋਲਿਆ ਕਰ।

*ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ॥ ੩॥*

ਉਸਨੂੰ ਤਿੱਲਾ ਨਾ ਬਣਾ, ਉਸਨੂੰ ਕਹਿ ਤੇਰੇ ਵਰਗਾ ਕੋਈ ਨਹੀਂ। ਗਹਿਰ ਗੰਭੀਰੋ ਡੂੰਘੇ ਜਿਗਰੇ ਵਾਲਾ। ਤੇਰੇ ਜਿਹੜੇ ਖੇਡ ਹਨ ਅਚਰਜ ਹਨ, ਤੂੰ ਸਭ ਤੋਂ ਉੱਚਾ ਹੈਂ, ਤੇਰੇ ਤੱਕ ਇੰਦਰਿਆਂ ਦੀ ਪਹੁੰਚ ਨਹੀਂ। ਪ੍ਰਭੂ ਜੀ ! ਤੇਰਾ ਅਜੇ ਤੱਕ ਕਿਸੇ ਨੇ ਪਾਰ ਨਹੀਂ ਪਾਇਆ।

*ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ॥*

ਜਿਨ੍ਹਾਂ ਉੱਪਰ ਤੁਹਾਡੀ ਕ੍ਰਿਪਾਲਤਾ ਹੋ ਜਾਏ, ਉਹਨਾਂ ਨੂੰ ਤੁਸੀਂ ਸਤਿਸੰਗਤ ਵਿਚ ਮਿਲਾ ਦਿੰਦੇ ਹੋ। ਜਿਹੜੇ ਆਪ ਜੀ ਨੇ ਸੰਗਤ ਵਿਚ ਮਿਲਾ ਦਿੱਤੇ, ਉਹਨਾਂ ਨੇ ਆਪ ਜੀ ਦੀ ਪਵਿੱਤਰ ਬਾਣੀ ਸੁਣੀ।

*ਅਨਦ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ॥ ੪॥ ੭॥ ੧੧॥*

ਉਸ ਪ੍ਰਮਾਤਮਾ ਨੂੰ ਜਿਹੜਾ ਕਿਸੇ ਕਿਸਮ ਦੀ ਵਾਸ਼ਨਾ ਵਿਚ ਨਹੀਂ, ਉਸਨੂੰ ਦੇਖਿਆਂ, ਉਸਦੇ ਪ੍ਰਤਾਪ ਨੂੰ ਦੇਖਿਆਂ, ਹਿਰਦੇ ਵਿਚ ਆਨੰਦ ਪੈਦਾ ਹੋ ਗਿਆ। ਗੁਰਮੁਖੋ ! ਅੱਜ ਦੇ ਹੁਕਮ ਦਾ ਤੱਤ ਭਾਵ ਇਹ ਹੈ ਕਿ ਪ੍ਰਮਾਤਮਾ ਦੀ ਦਿੱਤੀ ਹੋਈ ਦਾਤ ਨੂੰ ਕਦੀ ਭੁੱਲੀਏ ਨਾ। ਉਸਦੀ ਯਾਦ ਨੂੰ ਹਿਰਦੇ ਵਿਚ ਵਸਾਈਏ ਤੇ ਸਰਬ ਕਲਾ ਸਮਰੱਥ ਉਸਨੂੰ ਸਮਝੀਏ। ਤਾਕਤ ਲੈ ਕੇ ਮਾਣ ਨਾ ਕਰੀਏ। ਸਤਿਗੁਰ ਕ੍ਰਿਪਾ ਕਰਨ। ਭੁੱਲਾਂ ਚੁੱਕਾਂ ਲਈ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★



# ਹਰਿ ਅੰਮ੍ਰਿਤ ਹਰਿ ਜਲੁ ਪਾਇਆ

ਰਾਗੁ ਸੂਹੀ ਮਹਲਾ ੪ ਘਰੁ ੧
ੴ ਸਤਿਗੁਰ ਪ੍ਰਸਾਦਿ॥

*ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ॥*
*ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ॥ ੧॥*
*ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ॥*
*ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ॥ ੧॥ ਰਹਾਉ॥*
*ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ॥*
*ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ॥ ੨॥*
*ਰਾਮ ਨਾਮੁ ਸਭ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ॥*
*ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸਕੇ॥ ੩॥*
*ਹਮਰੀ ਜਾਤਿ ਪਾਤਿ ਗੁਰੁ ਸਤਿਗੁਰ ਹਮ ਵੇਚਿਓ ਸਿਰੁ ਗੁਰ ਕੇ॥*
*ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ॥ ੪॥ ੧॥*

(ਅੰਗ ੭੩੧)

Vol-5

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਜੁਗੋ ਜੁੱਗ ਅਟੱਲ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਜੋ ਪਾਵਨ ਪਵਿੱਤਰ ਹੁਕਮ ਸੱਚਖੰਡਿ ਸ੍ਰੀ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਆਪ ਜੀ ਨੇ ਸਰਵਨ ਕੀਤਾ ਹੈ, ਇਹ ਅੰਮ੍ਰਿਤ ਬਚਨ ਸੋਢੀ ਸੁਲਤਾਨ ਸਾਹਿਬ ਸ੍ਰੀ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਹਜ਼ੂਰ ਦੇ ਪਾਵਨ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਸੂਹੀ ਦੇ ਅੰਦਰ ਦਰਜ ਹੈ। ਕਿਉਂਕਿ ਸ਼ਬਦ ਵਿਚਾਰ ਮਨ ਨੂੰ ਟਿਕਾਉਣ ਦੇ ਲਈ, ਇਸ ਮਨ ਨੂੰ ਪ੍ਰਮੇਸ਼ਰ ਦੇ ਚਰਨਾਂ ਵਿਚ ਜੋੜਨ ਦੇ ਲਈ ਬਹੁਤ ਸਹਾਇਕ ਹੈ। ਭਾਵੇਂ ਅਸੀਂ ਆਪਣੇ ਜ਼ਿੰਦਗੀ ਦੇ ਮਨੋਰਥ ਨੂੰ ਸਫਲ ਕਰਨ ਲਈ ਗੁਰੂ ਜੀ

ਦੀ ਅੰਮ੍ਰਿਤ ਬਾਣੀ ਦਾ ਪਾਠ ਆਪ ਕਰਦੇ ਹਾਂ ਤੇ ਜਾਂ ਕੋਈ ਗੁਰਬਾਣੀ ਦਾ ਪਾਠ ਕਰਦਾ ਹੋਵੇ, ਉਸ ਪਾਠ ਨੂੰ ਆਪਣੇ ਕੰਨਾਂ ਨਾਲ ਸਰਵਨ ਕਰਦੇ ਹਾਂ। ਦੂਸਰਾ ਹੈ ਕਿ ਗੁਰੂ ਦੇ ਸ਼ਬਦ ਦਾ ਕੀਰਤਨ ਹੋਵੇ ਤੇ ਉਸ ਕੀਰਤਨ ਨੂੰ ਵੀ ਆਪਾਂ ਇਕਾਗਰਤਾ ਨਾਲ ਸੁਣਦੇ ਹਾਂ। ਤੀਜਾ ਹੈ ਕਿ ਗੁਰੂ ਦੇ ਅੰਮ੍ਰਿਤ ਬੋਲ ਦੀ ਵਿਚਾਰ ਪ੍ਰੇਮ ਭਾਵਨਾ ਨਾਲ ਕੀਤੀ ਜਾਏ ਤਾਂ ਉਸਨੂੰ ਬੜੇ ਧਿਆਨ ਨਾਲ ਇਕਾਗਰਤਾ ਨਾਲ ਸੁਣਿਆ ਜਾਂਦਾ ਹੈ। ਭਾਵੇਂ ਇਹਨਾਂ ਤਿੰਨਾਂ ਦੇ ਵਿਚ ਗੁਰੂ ਸ਼ਬਦ ਦੀ ਪ੍ਰਧਾਨਤਾ ਹੀ ਹੈ। ਬਾਣੀ ਦਾ ਪਾਠ ਹੋਵੇਗਾ ਤਾਂ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ ਸ਼ਬਦ ਹਨ। ਜੇ ਉਸ ਬਾਣੀ ਨੂੰ ਗਾਇਨ ਕੀਤਾ ਜਾਵੇਗਾ ਕੀਰਤਨ ਰੂਪ ਅੰਦਰ ਤਾਂ ਵੀ ਗੁਰੂ ਜੀ ਦੇ ਅੰਮ੍ਰਿਤ ਅਮੋਲਕ ਸ਼ਬਦ ਰਤਨ ਹਨ। ਜੇਕਰ ਆਪਾਂ ਵਿਚਾਰ ਵੀ ਕਰਦੇ ਹਾਂ ਤੇ ਗੁਰਮਤਿ ਵਿਚ ਵਿਚਾਰ ਦਾ ਧੁਰਾ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਸ਼ਬਦ ਨੂੰ ਸਮਝਣਾ ਅਤੇ ਆਪਣੇ ਅੰਦਰ ਨੂੰ ਸਮਝਾਉਣਾ ਹੈ।

ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਨੇ ਇਸਦੇ ਮੁਤੱਲਕ ਸਿੱਖਾਂ ਨੂੰ ਆਤਮਕ ਉਪਦੇਸ਼ ਦ੍ਰਿੜ੍ਹ ਕਰਾਉਂਦਿਆਂ ਇਹ ਕ੍ਰਿਪਾ ਭਰੇ ਬਚਨ ਕਹੇ ਹਨ ਕਿ ਗੁਰੂ ਦੇ ਸ਼ਬਦ ਦੀ ਬਾਣੀ ਦਾ ਪਾਠ ਕਰਨਾ ਇਸ ਤਰ੍ਹਾਂ ਹੈ ਜਿਵੇਂ ਇਕ ਖੂਹ ਦੇ ਨਾਲ ਖੇਤੀ ਨੂੰ ਸਿੰਜਣਾ ਹੋਵੇ। ਗੁਰੂ ਦੀ ਬਾਣੀ ਦਾ ਕੀਰਤਨ ਇਸ ਪ੍ਰਕਾਰ ਹੈ ਕਿ ਜਿਵੇਂ ਕਾਲੀ ਘਟਾ ਉਮੜ ਕੇ ਆਈ ਹੋਵੇ। ਮੋਹਲੇਧਾਰ ਵਰਖਾ ਹੋਵੇ ਤੇ ਪਿਆ ਹੋਇਆ ਮੀਂਹ ਸਾਰੀ ਮਿੱਟੀ ਨੂੰ, ਕੂੜੇ ਕਰਕਟ ਨੂੰ ਰੋੜ ਕੇ ਲੈ ਜਾਏ ਤੇ ਥਾਂ ਨੂੰ ਬਿਲਕੁਲ ਸਾਫ਼ ਕਰ ਦੇਵੇ। ਤੀਜਾ ਗੁਰੂ ਦੇ ਸ਼ਬਦ ਦੀ ਵਿਚਾਰ ਇਸ ਤਰ੍ਹਾਂ ਹੈ ਕਿ ਜਿਵੇਂ ਮਾਨੋ ਜ਼ਮੀਨ ਵੀ ਉਪਜਾਊ ਹੋਵੇ ਤੇ ਜ਼ਮੀਨ ਵਾਹੀ ਹੋਵੇ। ਉਸ ਉਪਜਾਊ ਵਾਹੀ ਹੋਈ ਜ਼ਮੀਨ ਦੇ ਉੱਪਰ ਬੱਦਲ ਟਿੱਕ ਕੇ ਨਿੰਮੀ ਨਿੰਮੀ ਕਣੀਆਂ ਦੀ ਬਰਸਾਤ ਹੁੰਦੀ ਹੋਵੇ ਤੇ ਜਿੰਨੀਆਂ ਵੀ ਬੂੰਦਾਂ ਉਸ ਧਰਤੀ ਵਿਚ ਪੈਣਗੀਆਂ, ਉਹ ਧਰਤੀ ਦੀ ਤਹਿ ਤੱਕ ਆਪਣੇ ਆਪ ਹੀ ਰਚੀ ਜਾਂਦੀਆਂ ਹਨ।

ਦੇਖੋ ਜਿਹੜਾ ਖੂਹ ਦਾ ਪਾਣੀ ਹੈ ਇਸਦੇ ਵਿਚ ਕੋਈ ਸ਼ੱਕ ਨਹੀਂ ਕਿ ਇਹ ਜਲ ਖੇਤੀ ਨੂੰ ਪ੍ਰਫੁੱਲਤ ਕਰ ਦੇਵੇ, ਪਰ ਖੂਹ ਦਾ ਪਾਣੀ ਕੁਝ-ਕੁ ਖੇਤਾਂ ਤੱਕ ਸੀਮਤ ਹੈ, ਕੁਝ-ਕੁ ਖੇਤਾਂ ਨੂੰ ਉਸ ਪਾਣੀ ਦੇ ਨਾਲ ਤਾਕਤ ਮਿਲਦੀ ਹੈ, ਪਰ ਉੱਚੇ ਟਿੱਬਿਆਂ 'ਤੇ ਖੂਹ ਦਾ ਜਲ ਨਹੀਂ ਪਹੁੰਚਿਆ। ਜਦੋਂ ਕੋਈ ਨਿੱਜੀ ਤੌਰ 'ਤੇ ਨਿਤਨੇਮ ਕਰਦਾ ਹੈ, ਗੁਰੂ ਦੀ ਬਾਣੀ ਪੜ੍ਹਦਾ ਹੈ ਤਾਂ ਉਸਨੂੰ ਆਪ ਸੁੱਖ ਮਿਲਦਾ ਹੈ ਤੇ ਜਿਹੜੇ ਉਸਦੇ ਨਜ਼ਦੀਕ ਬੈਠਣ ਵਾਲੇ ਹਨ, ਬਾਣੀ ਸੁਣਨ ਦੇ ਨਾਲ ਉਹਨਾਂ ਦੇ ਅੰਦਰ ਨੂੰ ਵੀ ਸਕੂਨ ਮਿਲਦਾ ਹੈ। ਦੂਜਾ ਕਿ ਅੰਮ੍ਰਿਤ ਬਾਣੀ ਦਾ ਕੀਰਤਨ ਇਕ ਮੋਹਲੇਧਾਰ ਬਰਸਾਤ ਹੈ ਕਿ ਜਿਵੇਂ ਨਿਰੰਤਰ ਮੋਟੀਆਂ ਮੋਟੀਆਂ ਕਣੀਆਂ ਪਾਣੀ ਦੀਆਂ ਧਰਤੀ 'ਤੇ ਵਰਸਣ ਤੇ ਉਸ ਮੈਲ ਤੇ ਕੂੜੇ ਨੂੰ ਰੋੜ ਕੇ ਲੈ ਜਾਣਗੀਆਂ ਤੇ ਜਦੋਂ ਅੰਮ੍ਰਿਤ ਬਾਣੀ ਦਾ ਰੱਸ-ਭਿੰਨਾ ਕੀਰਤਨ ਹੁੰਦਾ ਹੈ ਤਾਂ ਮੋਹਲੇਧਾਰ ਬਰਸਾਤ ਦੀ ਤਰ੍ਹਾਂ ਮਨੁੱਖ ਦੀ ਮਾਨਸਿਕ ਮੈਲ ਨੂੰ ਜਿਹੜੀ ਕਈ ਜਨਮਾਂ ਦੀ ਚੰਬੜੀ ਹੈ, ਗੁਰੂ ਦੀ ਬਾਣੀ ਦਾ ਕੀਰਤਨ ਉਸਨੂੰ ਵੀ ਰੋੜ ਕੇ ਲੈ ਜਾਂਦਾ ਹੈ। ਤੀਸਰਾ ਕਿ ਦੇਖੋ ਕਥਾ ਹੋਵੇ ਗੁਰੂ ਦੇ ਸ਼ਬਦ ਦੀ ਤਾਂ ਇਹ



ਇਸ ਤਰ੍ਹਾਂ ਹੈ ਕਿ ਜਿਵੇਂ ਕੀਰਤਨ ਦੇ ਨਾਲ ਅੰਦਰ ਦੀ ਸਵੱਛਤਾ ਮਿਲੀ, ਜ਼ਮੀਨ ਤਿਆਰ ਹੋ ਗਈ ਤੇ ਗੁਰੂ ਦੇ ਸ਼ਬਦ ਦਾ ਇਕ ਇਕ ਬੋਲ ਜਿਹੜਾ ਹੈ ਧੁਰ ਮਨੁੱਖ ਦੀ ਅੰਤਰ ਆਤਮਾ ਵਿਚ ਧੱਸਦਾ ਜਾਂਦਾ ਹੈ। ਨਿੰਮੀ ਨਿੰਮੀ ਕਣੀ ਦੀ ਤਰ੍ਹਾਂ ਧੁਰ ਅੰਦਰ ਸਾਡੇ ਗੁਰੂ ਦਾ ਸ਼ਬਦ ਚਲਾ ਜਾਏ।

ਅੱਜ ਗੁਰੂ ਰਾਮਦਾਸ ਜੀ ਕ੍ਰਿਪਾਲੂ ਤਰੁੱਠੇ ਤੇ ਉਹਨਾਂ ਨੇ ਸਾਨੂੰ ਸੂਹੀ ਰਾਗ ਦੇ ਅੰਦਰ ਪਾਵਨ ਪਵਿੱਤਰ ਹੁਕਮ ਦੀ ਦਾਤ ਬਖ਼ਸ਼ੀ। ਕਰੋ ਬਖ਼ਸ਼ਿਸ਼, ਉਚਾਰਨ ਕਰੋ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ !

ਰਾਗ ਸੂਹੀ ਮਹਲਾ ੪ ਘਰੁ ੧ ॥
ੴ ਸਤਿਗੁਰ ਪ੍ਰਸਾਦਿ ॥

*ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥*

ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਨੇ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਦੀ ਤਰਤੀਬ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨਾ ਵਿਚ ਦਿੱਤੀ ਹੈ, ਉਸ ਅਨੁਸਾਰ ਪਹਿਲਾਂ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਆਉਂਦੇ ਹਨ। ਉਹਨਾਂ ਤੋਂ ਬਾਅਦ ਫਿਰ ਗੁਰੂ ਅਮਰਦਾਸ ਜੀ ਦੇ ਪਾਵਨ ਪਵਿੱਤਰ ਸ਼ਬਦ ਆਉਂਦੇ ਹਨ। ਕਿਉਂਕਿ ਗੁਰੂ ਅੰਗਦ ਦੇਵ ਸੱਚੇ ਪਾਤਿਸ਼ਾਹ ਜੀ ਦੇ ਸਲੋਕ ਹਨ ਤੇ ਸਲੋਕਾਂ ਨੂੰ ਹਜ਼ੂਰ ਨੇ ਵਾਰਾਂ ਦੇ ਵਿਚ ਵੱਖ ਵੱਖ ਥਾਵਾਂ 'ਤੇ ਆਪ ਦਰਜ ਕੀਤਾ ਹੈ। ਗੁਰੂ ਅਮਰਦਾਸ ਜੀ ਦੇ ਸ਼ਬਦਾਂ ਤੋਂ ਬਾਅਦ ਧੰਨ ਗੁਰੂ ਰਾਮਦਾਸ ਜੀ ਦੇ ਸ਼ਬਦ ਦਰਜ ਕੀਤੇ ਗਏ ਹਨ। ਗੁਰੂ ਰਾਮਦਾਸ ਜੀ ਦੇ ਸ਼ਬਦਾਂ ਤੋਂ ਬਾਅਦ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਨੇ ਆਪਣੇ ਪਾਵਨ ਪਵਿੱਤਰ ਸ਼ਬਦ ਦਰਜ ਕੀਤੇ, ਪਰ ਹੁਣ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਤਰਤੀਬ ਹੈ, ਧੰਨ ਗੁਰੂ ਕਲਗੀਧਰ ਸੱਚੇ ਪਾਤਿਸ਼ਾਹ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਦੇ ਜੋ 15 ਰਾਗਾਂ ਵਿਚ ਬਚਨ ਆਉਂਦੇ ਹਨ ਤੇ ਜਿਸ ਰਾਗ ਵਿਚ ਉਹ ਸ਼ਬਦ ਆਏ, ਸਤਿਗੁਰ ਜੀ ਨੇ ਸ਼ਬਦ ਦਰਜ ਕਰ ਦਿੱਤੇ। ਇਹ ਤਰਤੀਬ ਹੈ। ਸ਼ਬਦਾਂ ਤੋਂ ਬਾਅਦ ਅਸਟਪਦੀਆਂ ਹਨ। ਅਸਟਪਦੀਆਂ ਤੋਂ ਬਾਅਦ ਆਪਾਂ ਛੰਤ ਪੜ੍ਹਦੇ ਹਾਂ। ਛੰਤਾਂ ਤੋਂ ਬਾਅਦ ਵਾਰ ਹੈ ਤੇ ਵਾਰਾਂ ਤੋਂ ਬਾਅਦ ਫਿਰ ਭਗਤਾਂ ਦੇ ਜਿਹੜੇ ਅਮੋਲਕ ਅੰਮ੍ਰਿਤ ਬਚਨ ਹਨ, ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਨੇ ਉਹਨਾਂ ਅਮੋਲਕ ਬਚਨਾਂ ਨੂੰ ਦਰਜ ਕੀਤਾ।

ਅੱਜ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਤੋਂ ਬਾਅਦ ਜਿਹੜਾ ਸੂਹੀ ਰਾਗ ਵਿਚ ਅੱਗੇ ਸ਼ਬਦ ਆਉਂਦਾ ਹੈ, ਉਹ ਸ਼ਬਦ ਧੰਨ ਗੁਰੂ ਰਾਮਦਾਸ ਸੱਚੇ ਪਾਤਿਸ਼ਾਹ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੋਇਆ ਹੈ। ਇਸ ਪਵਿੱਤਰ ਸ਼ਬਦ ਵਿਚ ਹਜ਼ੂਰ ਕ੍ਰਿਪਾਲੂ ਜੀ ਨੇ ਸਮਝਾਇਆ ਹੈ ਕਿ ਇਸ ਘਰ ਦੇ ਅੰਦਰ ਇਸਨੂੰ ਗਾਇਨ ਕਰਨਾ। ਫਿਰ ਹਜ਼ੂਰ ਨੇ ਸ਼ਬਦ ਪ੍ਰਾਰੰਭ ਕਰਨ ਤੋਂ ਪਹਿਲਾਂ ਮੰਗਲ ਰੱਖਿਆ ਹੈ। ਉਹ ਮੰਗਲ ਹੈ-

ੴ ਸਤਿਗੁਰ ਪ੍ਰਸਾਦਿ॥

ਉਹ ਪਾਰਬ੍ਰਹਮ ਪ੍ਰਮੇਸ਼ਰ ਅਦੁੱਤੀ ਇਕ ਹੈ। ਉਸ ਵਰਗਾ ਹੋਰ ਕੋਈ ਨਹੀਂ। ਬਾਣੀ ਦੀ ਪ੍ਰਾਰੰਭਤਾ ਹਜ਼ੂਰ ਜੀ ਇਕ ਤੋਂ ਕਰਦੇ ਹਨ। ਉਹ ਅਦੁੱਤੀ ਜਿਸ ਵਰਗਾ ਹੋਰ ਕੋਈ ਨਹੀਂ। ਉਸਦੀ ਪ੍ਰਾਪਤੀ ਦਾ ਸਾਧਨ ਸਿਰਫ਼ ਇਕੋ ਹੈ ਕਿ ਸਤਿਗੁਰ ਪ੍ਰਸਾਦਿ॥ ਸਤਿਗੁਰੂ ਕ੍ਰਿਪਾ ਕਰਨ, ਸਤਿਗੁਰੂ ਪ੍ਰਸਾਦਿ ਵਰਤਾਉਣ ਤੇ ਉਸ ਪਾਬ੍ਰਹਮ ਪ੍ਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ। ਧੰਨ ਗੁਰੂ ਰਾਮਦਾਸ ਜੀ ਇਸ ਪਾਵਨ ਪਵਿੱਤਰ ਸ਼ਬਦ ਨੂੰ ਪ੍ਰਾਰੰਭ ਕਰਦਿਆਂ ਬਖ਼ਸ਼ਿਸ਼ ਕਰਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਸ਼ਬਦ ਰਾਹੀਂ ਉਸ ਪਾਰਬ੍ਰਹਮ ਪ੍ਰਮੇਸ਼ਰ ਵਾਹਿਗੁਰੂ ਜੀ ਦੇ ਨਾਮ ਦਾ ਸਿਮਰਨ ਕੀਤਾ ਹੈ।

*ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੈ॥ ੧॥*

ਜਿਸਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਮਾਤਮਾ ਦਾ ਚਿੰਤਨ ਕੀਤਾ, ਉਸਦੇ ਮਨ ਦੀਆਂ ਸਾਰੀਆਂ ਇੱਛਾਵਾਂ ਵਾਹਿਗੁਰੂ ਜੀ ਨੇ ਪੂਰੀਆਂ ਕਰ ਦਿੱਤੀਆਂ। ਭਾਵੇਂ ਉਹ ਮਨ ਦੀ ਇੱਛਾ ਸੀ, ਭਾਵੇਂ ਉਹ ਤਨ ਦੀ ਇੱਛਾ ਸੀ। ਇਥੋਂ ਤੱਕ ਕਿ ਜਿਸਨੇ ਪ੍ਰਮਾਤਮਾ ਦੇ ਨਾਮ ਨੂੰ ਸਿਮਰਿਆ, ਗੁਰੂ ਦੇ ਨਾਮ ਨੇ ਮਨੁੱਖ ਦੇ ਜੰਮਾਂ ਦਾ ਭੈਅ ਵੀ ਸਦੀਵ ਕਾਲ ਲਈ ਖ਼ਤਮ ਕਰ ਦਿੱਤੀ।

ਇਥੋਂ ਆਪਾਂ ਵਿਚਾਰ ਦਾ ਵਿਸਥਾਰ ਕਰਨਾ ਹੈ। ਹਰ ਇਨਸਾਨ ਸੋਚਦਾ ਹੈ ਕਿ ਜੋ ਮੈਂ ਆਪਣੇ ਮਨ ਵਿਚ ਸੋਚ ਲਵਾਂ, ਮੇਰੀ ਇੱਛਾ ਪੂਰੀ ਹੋਵੇ, ਪਰ ਇਹ ਕਦੀ ਹੋਇਆ ਨਹੀਂ। ਇਨਸਾਨ ਆਪਣੇ ਮਨ ਵਿਚ ਕੁਝ ਹੋਰ ਸੋਚਦਾ ਹੈ ਤੇ ਪ੍ਰਮਾਤਮਾ ਕੁਝ ਹੋਰ ਖੇਡ ਵਰਤਾ ਦਿੰਦਾ ਹੈ। ਇਨਸਾਨ ਜੋ ਕੁਝ ਸੋਚਦਾ ਹੈ, ਇਹ ਜ਼ਰੂਰੀ ਨਹੀਂ ਕਿ ਇਸਦੀ ਹਰੇਕ ਇੱਛਾ ਪੂਰੀ ਹੋਵੇ। ਪੁਰਾਣੇ ਸਮੇਂ ਵਿਚ ਅਜਿਹੇ ਲੋਕ ਮਿਲਦੇ ਸਨ, ਅੱਜ ਵੀ ਮਿਲਦੇ ਹਨ ਕਿ ਆਪਣੇ ਤਨ ਦੀ ਸਾਧਨਾ ਲਈ ਕੋਈ ਨੰਗੇ ਪੈਰੀਂ ਤੀਰਥਾਂ ਦਾ ਰਟਨ ਕਰਦਾ ਜਾ ਰਿਹਾ ਹੈ। ਕੋਈ ਠੰਡੇ ਪਾਣੀ ਦੇ ਵਿਚ ਸਮਾਧੀ ਲਾ ਕੇ ਬੈਠਾ ਹੈ। ਕੋਈ ਬੱਲਦੇ ਹੋਏ ਅੰਗਾਰਿਆਂ ਨੂੰ ਆਪਣੇ ਚਾਰ-ਚੁਫੇਰੇ ਰੱਖ ਕੇ ਵਿਚਕਾਰ ਚੌਂਕੜਾ ਮਾਰ ਕੇ ਬੈਠਾ ਹੈ। ਕੋਈ ਰੁੱਖ 'ਤੇ ਪੁੱਠਾ ਲਟਕ ਗਿਆ। ਕੋਈ ਬੰਦਾ ਜੰਗਲ ਵਿਚ ਤੁਰਿਆ ਫਿਰਦਾ ਹੈ ਤੇ ਉਥੇ ਇਕ ਸਵਾਲ ਉੱਠਿਆ ਕਿ ਜਿੰਨਾ ਬੰਦਾ ਜ਼ਿਆਦਾ ਸਾਧਨਾ ਕਰੇਗਾ, ਉੱਨਾ ਉਸਨੂੰ ਫੱਲ ਵੀ ਵੱਧ ਮਿਲੇਗਾ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਇਕ ਕ੍ਰਿਪਾਲਤਾ ਕੀਤੀ ਹੈ। ਕਹਿੰਦੇ ਹਨ ਕਿ ਜਿੰਨਾ ਕੋਈ ਇਨਸਾਨ ਤਨ ਨੂੰ ਜ਼ਿਆਦਾ ਕਰਮ ਵਿਚ ਲਾਉਂਦਾ ਹੈ, ਉੱਨਾ ਵੱਧ ਉਸਨੂੰ ਫਲ ਮਿਲਦਾ ਹੈ। ਪਰ ਰੂਹਾਨੀਅਤ ਇਕ ਅਜਿਹੀ ਹੈ ਕਿ ਕਰਮ ਕਾਂਡਾਂ ਦੇ ਨਾਲੋਂ ਪ੍ਰਮਾਤਮਾ ਦੇ ਨਾਮ ਦਾ ਫਲ ਹਜ਼ਾਰ ਗੁਣਾਂ ਵੱਧ ਹੈ। ਉਹ ਕਿਵੇਂ? ਦੇਖੋ ਇਹ ਸਵਾਲ ਗੁਰਸਿੱਖਾਂ ਨੂੰ ਕੀਤਾ ਸੀ ਕਈ ਵਾਰੀ ਕਰਮ ਕਾਂਡੀਆਂ ਨੇ ਕਿ ਤੁਸੀਂ ਅੰਮ੍ਰਿਤ ਵੇਲੇ ਟਿੱਕ ਕੇ ਬਾਣੀ ਪੜ੍ਹਦੇ ਹੋ। ਤੁਸੀਂ ਟਿੱਕ ਕੇ ਸਿਮਰਨ ਕਰਦੇ ਹੋ। ਅਸੀਂ ਇੰਨੇ ਕਰਮ ਤਨ ਨੂੰ ਸਾਧਨ ਲਈ ਦਿਨ ਰਾਤ ਯਤਨ



ਕਰਦੇ ਹਾਂ, ਤੁਹਾਡੀ ਤਾਂ ਮੁਸ਼ੱਕਤ ਇੰਨੀ ਨਹੀਂ। ਤੁਹਾਡੀ ਮਿਹਨਤ ਥੋੜੀ ਹੈ, ਤੁਹਾਨੂੰ ਫਲ ਨਹੀਂ ਮਿਲੇਗਾ, ਕਿਉਂਕਿ ਫਲ ਉਸਨੂੰ ਜ਼ਿਆਦਾ ਮਿਲਦਾ ਹੈ ਜਿਹੜਾ ਮਿਹਨਤ ਵੀ ਜ਼ਿਆਦਾ ਕਰੇ। ਪਰ ਭਾਈ ਸਾਹਿਬ ਨੇ ਜਿਹੜੇ ਪ੍ਰਮਾਣ ਦਿੱਤੇ ਹਨ, ਬੜੇ ਢੁੱਕਵੇਂ ਹਨ।

ਭਾਈ ਸਾਹਿਬ ਭਾਈ ਮਨੀ ਸਿੰਘ ਨੇ ਸਿੱਖਾਂ ਦੀ ਭਗਤਮਾਲ ਵਿਚ ਬੜੀਆਂ ਸੋਹਣੀਆਂ ਉਦਾਹਰਨਾਂ ਦਿੱਤੀਆਂ ਹਨ। ਕਹਿੰਦੇ ਹਨ ਕਿ ਕੋਈ ਜ਼ਰੂਰੀ ਨਹੀਂ ਕਿ ਤਨ ਕਰਕੇ ਮੁਸ਼ੱਕਤ ਬਹੁਤ ਜ਼ਿਆਦਾ ਕਰੇ ਤੇ ਉਸਨੂੰ ਫਲ ਵੀ ਬਹੁਤ ਜ਼ਿਆਦਾ ਮਿਲੇ। ਕਈ ਵਾਰੀ ਕਈ ਇਨਸਾਨ ਤਨ ਕਰਕੇ ਘੱਟ ਮੁਸ਼ੱਕਤ ਕਰਦੇ ਹਨ, ਪਰ ਥੋੜੇ ਕੀਤੇ ਵਿਚ ਵੀ ਬਰਕਤ ਬਹੁਤ ਜ਼ਿਆਦਾ ਪੈ ਜਾਂਦੀ ਹੈ। ਦੇਖੋ ਜੰਗਲ ਵਿਚ ਪੁਰਾਤਨ ਸਮੇਂ ਲੋਕ ਲੱਕੜਾਂ ਕੱਟਣ ਜਾਂਦੇ ਸਨ। ਕਿੱਤਾ ਸੀ ਕਿ ਜੰਗਲ ਵਿਚ ਜਾਣਾ, ਲੱਕੜਾਂ ਕੱਟ ਕੇ ਲਿਆਉਣੀਆਂ ਤੇ ਉਹਨਾਂ ਲੱਕੜਾਂ ਨੂੰ ਸੁਕਾ ਕੇ ਬਾਜ਼ਾਰ ਦੇ ਅੰਦਰ ਵੇਚਣਾ। ਉਸ ਨਾਲ ਆਪਣੀ ਉਦਰ ਪੂਰਤੀ ਕਰਨੀ। ਇਕ ਲੱਕੜਾਂ ਕੱਟਣ ਵਾਲਾ ਸੂਰਜ ਨਿਕਲਣ ਤੋਂ ਲੈ ਕੇ ਸ਼ਾਮ ਤੱਕ ਜੰਗਲਾਂ ਵਿਚ ਲੱਕੜਾਂ ਕੱਟੀ ਜਾ ਰਿਹਾ ਹੈ। ਉਹਨਾਂ ਲੱਕੜਾਂ ਨੂੰ ਸੁਕਾਉਣ ਦਾ ਯਤਨ ਕਰਦਾ ਹੈ ਤੇ ਅੱਠ ਨੌਂ ਘੰਟੇ ਉਹ ਹੱਡ ਭੰਨਵੀਂ ਮਿਹਨਤ ਕਰਕੇ ਜਦੋਂ ਵਾਪਿਸ ਆਉਂਦਾ ਹੈ ਤੇ ਜਿੰਨੇ ਭਾਰ ਉਹ ਲੱਕੜਾਂ ਦੇ ਬੰਨ੍ਹ ਕੇ ਆਪਣੇ ਸਿਰ 'ਤੇ ਚੁੱਕ ਕੇ ਲਿਆਇਆ ਹੈ, ਯਾਦ ਰੱਖੋ, ਉਸਦੇ ਨਾਲ ਤੋਲ ਕੇ ਕਦੀ ਕਿਸੇ ਨੇ ਪੈਸੇ ਨਹੀਂ ਦਿੱਤੇ। ਮਿਹਨਤ ਉਸਦੀ ਬੜੀ ਹੈ। ਇੰਨੀ ਮਿਹਨਤ ਤੋਂ ਬਾਅਦ ਸ਼ਾਮ ਨੂੰ ਜਦੋਂ ਉਸਦੀ ਮਿਹਨਤ ਦਾ ਫਲ ਮਿਲਦਾ ਹੈ ਤਾਂ ਕੁਝ ਰੁਪਈਏ ਮਿਲਦੇ ਹਨ। ਉਹਨਾਂ ਨੂੰ ਲਪੇਟ ਕੇ ਜੇਬ ਵਿਚ ਪਾ ਲੈਂਦਾ ਹੈ। ਜਦੋਂ ਲੱਕੜਾਂ ਚੁੱਕ ਕੇ ਲਿਆਇਆ, ਉਦੋਂ ਸਾਰਿਆਂ ਨੂੰ ਪਤਾ ਲੱਗਾ ਕਿ ਇੰਨੀ ਮਿਹਨਤ ਹੈ, ਪਰ ਪਿਆਰਿਉ ! ਜਦੋਂ ਉਸਦਾ ਮੁੱਲ ਪਿਆ ਤੇ ਕਿਸੇ ਨੂੰ ਪਤਾ ਵੀ ਨਹੀਂ ਲੱਗਾ, ਦੋ ਚਾਰ ਰੁਪਏ ਆਪਣੀ ਜੇਬ ਵਿਚ ਲੁਕਾ ਕੇ ਚਲਾ ਗਿਆ। ਮਿਹਨਤ ਉਸਦੀ ਜ਼ਿਆਦਾ ਹੈ ਪਰ ਫਲ ਇੰਨਾ ਨਹੀਂ।

ਦੂਸਰੀ ਬੇਨਤੀ, ਜ਼ਿੰਮੀਂਦਾਰ ਛੇ ਮਹੀਨੇ ਆਪਣੇ ਖੇਤਾਂ ਵਿਚ ਖ਼ੂਨ ਪਸੀਨਾ ਇਕ ਕਰ ਦਿੰਦਾ ਹੈ। ਅੱਤ ਦੀ ਗਰਮੀ ਵਿਚ ਵੀ ਖੇਤਾਂ ਵਿਚ ਖਲੋਂਦਾ ਹੈ, ਅੱਤ ਦੀ ਸਰਦੀ ਵਿਚ ਵੀ ਠੰਢ ਨੂੰ ਬਰਦਾਸ਼ਤ ਕਰਕੇ ਫ਼ਸਲ ਪਾਲਦਾ ਹੈ ਪਰ ਛੇ ਮਹੀਨੇ ਬਾਅਦ ਚਾਹੇ ਗਰਮੀ ਹੋਵੇ ਚਾਹੇ ਸਰਦੀ ਹੋਵੇ, ਜਦੋਂ ਉਸਦੀ ਫ਼ਸਲ ਨਿਕਲਦੀ ਹੈ ਤਾਂ ਜ਼ਿੰਮੀਂਦਾਰ ਫ਼ਸਲ ਦੇ ਢੇਰ ਲੈ ਕੇ ਬਾਜ਼ਾਰ ਵਿਚ ਪਹੁੰਚਦਾ ਹੈ। ਛੇ ਮਹੀਨੇ ਦੀ ਮਿਹਨਤ ਤੇ ਕੁਇੰਟਲਾਂ ਦੇ ਹਿਸਾਬ ਨਾਲ ਉਸਨੇ ਅਨਾਜ ਨੂੰ ਮੰਡੀ ਵਿਚ ਪਹੁੰਚਾਇਆ ਪਰ ਆਪ ਜੀ ਬਾਹਰ ਜਾ ਕੇ ਦੇਖੋ, ਕਿਸੇ ਮੰਡੀ ਦੇ ਵਿਚ ਇਸ ਕਰਕੇ ਕੰਡੇ ਨਹੀਂ ਲਾਏ ਗਏ ਕਿ ਜਿੰਨੇ ਦਾਣੇ ਤੂੰ ਲੈ ਕੇ ਆਇਆ ਹੈਂ, ਇਸਦੇ ਬਰਾਬਰ ਤੋਲ ਕੇ ਤੈਨੂੰ ਪੈਸੇ ਦਿੱਤੇ ਜਾਣਗੇ। ਮਿਹਨਤ ਛੇ ਮਹੀਨੇ ਦੀ, ਅਨਾਜ ਕੁਇੰਟਲਾਂ ਦੇ ਹਿਸਾਬ ਨਾਲ, ਪਰ ਮਿਲਦੇ ਹਨ ਕੁਝ ਪੈਸੇ। ਇਕ ਪਾਸੇ ਢੇਰ ਅਨਾਜ ਦਾ ਪਿਆ ਰਹਿੰਦਾ ਹੈ ਤੇ ਜ਼ਿੰਮੀਂਦਾਰ ਨੂੰ ਜਿੰਨੇ ਕੁ ਪੈਸੇ ਮਿਲਦੇ ਹਨ, ਆਪਣੀ ਜੇਬ ਵਿਚ ਪਾ ਕੇ, ਕਿਸੇ ਗੱਡੀ 'ਤੇ ਗਿਆ ਹੋਇਆ ਬੰਦਾ ਜਦੋਂ ਵਾਪਿਸ ਆਉਂਦਾ ਹੈ ਤਾਂ ਖ਼ਾਲੀ ਆਉਂਦਾ ਹੈ। ਜਿੰਨਾ ਅਨਾਜ

ਲੈ ਕੇ ਗਿਆ ਉੱਨੇ ਉਹ ਗੱਡੇ ਭਰ ਕੇ ਪੈਸੇ ਨਹੀਂ ਲੈ ਕੇ ਆਉਂਦਾ।

ਬੇਨਤੀ ਸਿਰਫ਼ ਇਸ ਕਰਕੇ ਹੈ ਕਿ ਨਾਮ ਦੀ ਇੰਨੀ ਉਪਮਾ ਕਿਉਂ ਹੈ। ਸਿੱਖ ਨੂੰ ਇਹ ਨਹੀਂ ਕਿਹਾ ਗਿਆ ਕਿ ਤੂੰ ਅੱਗ ਦੇ ਵਿਚ ਧੂਣੀਆਂ ਤਪਾਈਂ, ਸਿੱਖ ਨੂੰ ਇਹ ਨਹੀਂ ਕਿਹਾ ਕਿ ਤੂੰ ਨੰਗੇ ਪੈਰੀਂ ਧਰਤੀ ਦਾ ਭਰਮਨ ਕਰੀਂ। ਸਿਰਫ਼ ਇਕੋ ਗੱਲ ਕਹੀ ਹੈ ਕਿ ਬੱਸ ਇਕੋ ਕੰਮ ਕਰ, ਤੇਰਾ ਧਰਮ ਇਹ ਹੈ ਕਿ

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

(ਅੰਗ ੨੬੬)

ਕੰਮ ਚੰਗੇ ਕਰੀਂ ਤੇ ਨਾਮ ਜੱਪੀਂ। ਤੀਜੀ ਉਦਾਹਰਨ ਮੈਂ ਅਰਜ਼ ਕਰਨ ਲੱਗਾ ਹਾਂ। ਜ਼ਿਮੀਂਦਾਰ ਤੋਂ ਅੱਗੇ ਮਿਹਨਤ ਕਰਨ ਵਾਲੇ, ਬਜ਼ਾਰ ਵਿਚ ਅਸੀਂ ਦੇਖਦੇ ਹਾਂ ਕਰਿਆਨੇ ਦੀ ਦੁਕਾਨ ਹੈ। ਉਸ ਅਸਥਾਨ ਦੇ ਮਾਲਕ ਨੇ ਖਾਣ ਪੀਣ ਵਾਲਾ ਸਮਾਨ ਰੱਖਿਆ ਹੈ। ਉਹ ਵੀ ਅੱਠ ਨੌਂ ਘੰਟੇ ਮਿਹਨਤ ਕਰਦਾ ਹੈ, ਪਰ ਜ਼ਿਮੀਂਦਾਰ ਨੂੰ ਛੇ ਮਹੀਨੇ ਬਾਅਦ ਪੈਸਾ ਮਿਲਦਾ ਹੈ। ਇਕ ਦੁਕਾਨਦਾਰ ਵੀ ਸਵੇਰੇ ਬੈਠਦਾ ਹੈ ਤੇ ਸ਼ਾਮ ਨੂੰ ਆਪਣੀ ਤਜੌਰੀ ਵਿਚੋਂ ਗਿਣ ਕੇ ਉੱਠਦਾ ਹੈ ਕਿ ਅੱਜ ਕਿੰਨਾ ਸਾਮਾਨ ਮੈਂ ਵੇਚਿਆ ਤੇ ਇਸਦਾ ਮੁਨਾਫ਼ਾ ਮੈਨੂੰ ਕਿੰਨਾ ਹੋਇਆ। ਉਹ ਧੁੱਪ ਵਿਚ ਨਹੀਂ ਖਲੋਤਾ, ਉਹ ਕਕਰ ਵਿਚ ਨਹੀਂ ਖਲੋਤਾ, ਆਪਣੀ ਦੁਕਾਨ ਵਿਚ ਬੈਠਾ ਆਪਣੀ ਕਮਾਈ ਨੂੰ ਰੋਜ਼ ਗਿਣੀ ਜਾ ਰਿਹਾ ਹੈ। ਇਸਦੀ ਮਿਹਨਤ ਜ਼ਿਮੀਂਦਾਰ ਤੋਂ ਘੱਟ ਹੈ। ਉਸ ਤੋਂ ਅੱਗੇ ਅਸੀਂ ਦੇਖੀਏ ਇਕ ਸੋਨੇ ਦਾ ਕਾਰੀਗਰ ਵੀ ਸੋਨੇ ਨੂੰ ਢਾਲਦਾ ਹੈ ਤੇ ਉਸ ਦੇ ਵਿਚੋਂ ਗਹਿਣੇ ਤਿਆਰ ਕਰਦਾ ਹੈ। ਮਿਹਨਤ ਉਸ ਦੀ ਬੜੀ ਬਰੀਕੀ ਦੀ ਹੈ। ਬਹੁਤ ਸੂਖਸ਼ਮਤਾਈ ਦਾ ਉਸਦਾ ਕੰਮ ਹੈ, ਪਰ ਜਦੋਂ ਉਹ ਸੋਨੇ ਦੇ ਗਹਿਣੇ ਘੜ ਲੈਂਦਾ ਹੈ ਤਾਂ ਉਹ ਦੁਕਾਨਦਾਰ ਨਾਲੋਂ ਬਿਹਤਰ ਰਹਿ ਜਾਂਦਾ ਹੈ। ਜਦੋਂ ਸੋਨੇ ਦੇ ਗਹਿਣੇ ਵਿੱਕਦੇ ਹਨ, ਹੋ ਸਕਦਾ ਹੈ ਇਕ ਦੁਕਾਨਦਾਰ ਨੂੰ ਉੱਨਾ ਮੁਨਾਫਾ ਦੱਸ ਦਿਨਾਂ ਵਿਚ ਨਾ ਹੋਵੇ, ਜਿਹੜਾ ਸੋਨੇ ਵੇਚਣ ਵਾਲੇ ਨੂੰ ਦਸਾਂ ਮਿੰਟਾਂ ਵਿਚ ਹੋ ਜਾਏ। ਸਿਰਫ਼ ਉਸਨੇ ਦਿਖਾਇਆ ਤੇ ਉਹ ਸੋਨੇ ਦਾ ਮੁਨਾਫ਼ਾ ਲੈ ਗਿਆ।

ਇਸ ਤੋਂ ਅੱਗੇ ਹਨ ਹੀਰੇ ਦੇ ਵਪਾਰੀ। ਹੀਰਿਆਂ ਦੇ ਵਪਾਰੀ ਸੋਨੇ ਘੜਨ ਦੀ ਤਰ੍ਹਾਂ ਸਾਰਾ ਦਿਨ ਫੂਕਾਂ ਨਹੀਂ ਮਾਰਦੇ। ਉਹ ਸਾਰਾ ਦਿਨ ਨਜ਼ਰ ਟਿਕਾ ਕੇ ਡਿਜ਼ਾਇਨ ਘੜਦੇ ਹਨ। ਹੀਰਿਆਂ ਦੇ ਵਪਾਰੀਆਂ ਨੇ ਤਰਾਸ਼ੇ ਹੋਏ ਚਮਕਦੇ ਹੀਰੇ ਖ਼ਰੀਦੇ ਹਨ, ਆਪਣੀ ਦੁਕਾਨ 'ਤੇ ਬੈਠੇ ਹਨ। ਗਾਹਕ ਆਏ ਹਨ, ਹੋ ਸਕਦਾ ਹੈ ਮਹੀਨੇ ਵਿਚ ਇਕ ਗਾਹਕ ਹੀ ਆਇਆ ਹੋਵੇ, ਉਸਨੇ ਆ ਕੇ ਹੀਰੇ ਦੀ ਮੰਗ ਕੀਤੀ ਤੇ ਵੇਚਣ ਵਾਲੇ ਨੇ ਆਪਣੇ ਕੀਮਤੀ ਹੀਰੇ ਗੁਟਕੇ ਵਿਚੋਂ ਕੱਢਕੇ ਉਸਦੇ ਸਾਹਮਣੇ ਰੱਖ ਦਿੱਤੇ। ਵਪਾਰੀ ਨੇ ਹੀਰਿਆਂ ਨੂੰ ਪਰਖਿਆ ਤੇ ਉਸਨੇ ਪਰਖਣ ਤੋਂ ਬਾਅਦ ਕਿਹਾ ਕਿ ਇੰਨੇ ਹੀਰੇ ਮੈਂ ਖ਼ਰੀਦ ਲੈਂਦਾ ਹਾਂ। ਪਿਆਰਿਉ ! ਜੇ ਕਿਤੇ ਇਕ ਕੀਮਤੀ



ਹੀਰਾ ਇਕ ਮਹੀਨੇ ਵਿਚ ਵੀ ਵਿੱਕ ਜਾਏ ਤੇ ਪਹਿਲੇ ਜਿੰਨੇ ਵੀ ਰੁਪਏ ਕਮਾਉਣ ਵਾਲੇ ਹਨ, ਸਾਰਿਆਂ ਨੂੰ ਹੀਰਿਆਂ ਦਾ ਵਪਾਰੀ ਮਾਤ ਕਰ ਜਾਏਗਾ, ਕਿਉਂਕਿ ਜਿਸਦੇ ਹੀਰੇ ਵਿੱਕ ਜਾਣ, ਉਸਦੇ ਘਰ ਵੀ ਰੁਪਈਆਂ ਨਾਲ ਭਰੇ ਜਾਂਦੇ ਹਨ।

ਨਾਮ ਕੀ ਹੈ? ਕਿਉਂ ਇੰਨਾ ਕਿਹਾ ਗਿਆ ਹੈ ਕਿ ਤੁਸੀਂ ਨਾਮ ਨਾਲ ਜੁੜੋ। ਇਸ ਧਰਤੀ 'ਤੇ ਲੋਕ ਮੁਸ਼ੱਕਤ ਕਰਦੇ ਚਲੇ ਗਏ ਪਰ ਫਲ ਉੱਨਾ ਨਾ ਮਿਲਿਆ ਜਿੰਨੀਆਂ ਮਿਹਨਤਾਂ ਕੀਤੀਆਂ। ਬਾਬੇ ਨਾਨਕ ਨੇ ਇਕ ਗੁਰਮੁਖ ਗਾਡੀ ਰਾਹ ਨਿਰਮਲ ਪੰਥ ਚਲਾਇਆ। ਕਹਿਣ ਲੱਗੇ ਕਿ ਨਾਮ ਜੱਪਣ ਲੱਗਿਆਂ ਤੂੰ ਰਸਨਾ ਨਾਲ ਜੱਪੀਂ, ਤੂੰ ਪੁਕਾਰੀਂ ਪਰ ਚੇਤੇ ਰੱਖੀਂ ਮੈਂ ਤੈਨੂੰ ਲੱਕੜਾਂ ਵੱਢਣ ਵਾਲਾ, ਖੇਤਾਂ ਵਿਚ ਸੱਪ ਦੀਆਂ ਸਿਰੀਆਂ ਮਿੱਧ ਕੇ ਅਨਾਜ ਪੈਦਾ ਕਰਕੇ ਫਲ ਲੈਣ ਵਾਲੇ ਦੀ ਤਰ੍ਹਾਂ ਨਹੀਂ, ਮੈਂ ਤੈਨੂੰ ਹੀਰਿਆਂ ਦਾ ਵਪਾਰੀ ਬਣਾ ਕੇ ਚਲਿਆ ਹਾਂ, ਤੇਰਾ ਥੋੜ੍ਹਾ ਜੱਪਿਆ ਹੋਇਆ ਵੀ ਤੇਰੇ ਅੰਦਰ ਨੂੰ ਭਰ ਜਾਏਗਾ। ਜੇ ਇਕ ਤਿੱਲ ਵੀ ਜੱਪੇਂਗਾ ਤਾਂ ਤੇਰਾ ਅੰਦਰ ਟਿਕੇਗਾ। ਆਪ ਜਪੁ ਜੀ ਸਾਹਿਬ ਪੜ੍ਹਦੇ ਹੋ। ਉਹਨਾਂ ਤੁੱਕਾਂ ਨੂੰ ਅਸੀਂ ਪੜ੍ਹੀਏ ਕਿ ਬਾਬਾ ਨਾਨਕ ਦੇ ਅਮੋਲਕ ਬਚਨ ਹਨ ਕਿ

*ਤੀਰਥੁ ਤਪੁ ਦਇਆ ਦਤੁ ਦਾਨੁ॥*

ਬੜੀ ਮਿਹਨਤ ਹੈ ਤੀਰਥਾਂ 'ਤੇ ਜਾਣਾ, ਤੱਪ ਕਰਨਾ, ਦਾਨ ਦੇਣਾ, ਕੋਈ ਛੋਟੀ ਜਿਹੀ ਗੱਲ ਨਹੀਂ। ਇਸਦਾ ਫਲ ਕੀ ਮਿਲੇਗਾ?

*ਤੀਰਥੁ ਤਪੁ ਦਇਆ ਦਤੁ ਦਾਨੁ॥*
*ਜੇ ਕੋ ਪਾਵੈ ਤਿਲ ਕਾ ਮਾਨੁ॥*

ਕਮਾਈ ਮਣਾਂਮੂੰਹੀ ਤੇ ਫਲ ਮਿਲਿਆ ਤਿੱਲ ਜਿੰਨਾ। ਪਰ ਸਤਿਗੁਰੂ ਬਾਣੀ ਵਿਚ ਪ੍ਰਮਾਣ ਦਿੰਦੇ ਹਨ ਕਿ ਜੇ ਤੂੰ ਨਾਮ ਨਾਲ ਜੁੜ ਜਾਏਂਗਾ ਤਾਂ

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨਾ ਆਇਓ॥*

ਇਹ ਤਿੱਲ ਜਿੰਨਾ ਫਲ ਨਹੀਂ।

*ਏਕ ਬਾਰ ਜਿਨ ਤੁਮੈ ਸੰਭਾਰਾ॥*
*ਕਾਲ ਫਾਸ ਤੇ ਤਾਹਿ ਉਬਾਰਾ॥*
*ਜਿਨ ਨਰ ਨਾਮ ਤਿਹਾਰੋ ਕਹਾ॥*
*ਦਾਰਿਦ ਦੁਸਟ ਦੋਖ ਤੇ ਰਹਾ॥*

(ਰਹਰਾਸਿ ਸਾਹਿਬ)

ਕਿਉਂਕਿ ਪ੍ਰਮਾਤਮਾ ! ਇਕ ਪਾਸੇ ਕਰਮ ਕਾਂਡੀ ਲੋਕ ਹਨ, ਉਹਨਾਂ ਦੀ ਸਾਲਾਂ ਦੀ

ਮਿਹਨਤ ਤਿੱਲ ਜਿੰਨੀ ਹੈ ਤੇ ਜੇ ਤੂੰ ਨਾਮ ਤਿੱਲ ਜਿੰਨਾ ਵੀ ਜੱਪੇਂਗਾ ਤਾਂ ਤੇਰਾ ਤਿੱਲ ਜਿੰਨਾ ਜੱਪਿਆ ਹੋਇਆ ਵੀ ਅਜਾਈਂ ਨਹੀਂ। ਪ੍ਰਮਾਤਮਾ ਕਿਸੇ ਦੀ ਕਮਾਈ ਨੂੰ ਅਜਾਈਂ ਨਹੀਂ ਜਾਣ ਦਿੰਦਾ। ਅੱਜ ਕਿਹਾ ਤੇਰੇ ਮਨ ਦੀਆਂ ਇੱਛਾਵਾਂ ਪੂਰੀਆਂ ਹੋਣਗੀਆਂ, ਜੇ ਨਾਮ ਨਾਲ ਜੁੜੇਂਗਾ। ਨਾਮ ਦਾ ਦਾਤਾ ਸਮਰੱਥ ਗੁਰੂ ਹੈ। ਕੋਈ ਬੰਦਗੀ ਕਰਨ ਵਾਲਾ ਨਾਮ ਜਪਾ ਸਕਦਾ ਹੈ। ਗੁਰਸਿੱਖ ਨਾਮ ਜਪਾ ਸਕਦਾ ਹੈ ਕਿ

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

(ਅੰਗ ੩੦੬)

ਪਰ ਦਾਤਾ ਕੌਣ ਹੈ? ਦਾਤਾ ਹੈ ਨਾਮ ਦਾ ਸਮਰੱਥ ਸਤਿਗੁਰੂ। ਸਤਿਗੁਰੂ ਨਾਮ ਦੀ ਦਾਤ ਦਿੰਦੇ ਹਨ। ਭਾਈ ਗੁਰਦਾਸ ਜੀ ਨੂੰ ਪੁੱਛਿਆ ਗਿਆ ਕਿ ਜਿਸ ਨਾਮ ਦੀ ਗੱਲ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ, ਆਰੰਭਤਾ ਦੀ ਅਰਦਾਸ ਵੀ ਇਹ ਤੇ ਅੰਤਲੀ ਅਰਦਾਸ ਵੀ ਇਹ ਨਾਮ ਦੀ ਮੰਗ ਤੇ ਸੱਚੀ ਮੁੱਚੀ ਸਿੱਖ ਦੀ ਪਹਿਲੀ ਮੰਜ਼ਿਲ ਵੀ ਨਾਮ ਹੈ। ਸਿੱਖ ਦੇ ਆਖ਼ਰੀ ਸ਼ਬਦ ਵੀ ਨਾਮ ਹਨ। ਪਹਿਲੀ ਅਰਦਾਸ ਵੀ ਜਦੋਂ ਅੰਦਰੋਂ ਚੱਲਣ ਲੱਗਦੀ ਹੈ ਤਾਂ ਇਹੀ ਮੰਗਦਾ ਹੈ-

*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥*

(ਜਪੁ ਜੀ ਸਾਹਿਬ)

ਮੈਨੂੰ ਭੁੱਲ ਨਾ ਜਾਈਂ। ਅੰਤ ਵਿਚ ਜਦੋਂ ਪਹੁੰਚਦਾ ਹੈ ਤਾਂ ਫਿਰ ਅਰਦਾਸ ਇਹੀ ਦੁਹਰਾਈ ਜਾਂਦੀ ਹੈ ਕਿ-

*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥*

(ਅੰਗ ੧੪੨੯)

ਸਾਡੀ ਸ਼ੁਰੂਆਤ ਵੀ ਨਾਮ ਹੈ ਤੇ ਗੁਰਮੁਖੋ ! ਸਾਡਾ ਅੰਤਲਾ ਸੰਸਾਰ ਤੋਂ ਪਿਆਨਾ ਵੀ ਨਾਮ ਹੈ। ਭਾਈ ਸਾਹਿਬ ਜੀ ਨੂੰ ਪੁੱਛਿਆ ਗਿਆ ਕਿ ਆਪ ਜੀ ਨੇ ਬਾਣੀ ਲਿਖੀ ਹੈ। ਸਾਨੂੰ ਦੱਸੋ ਨਾਮ ਦੀ ਗੱਲ ਇੰਨੀ ਕੀਤੀ ਗਈ, ਵਾਹਿਗੁਰੂ ਸ਼ਬਦ ਕਹਿੰਦੇ ਹਾਂ, ਪ੍ਰਮਾਤਮਾ ਦਾ ਨਾਮ ਲੈਂਦੇ ਹਾਂ, ਇਸਦਾ ਫਲ ਕੀ ਹੋਵੇਗਾ? ਭਾਈ ਸਾਹਿਬ ਸਿਆਣੇ ਵਿਦਵਾਨ ਸਨ ਤੇ ਉਹਨਾਂ ਸਬੰਧੀ ਪ੍ਰਿੰਸੀਪਲ ਸਤਬੀਰ ਸਿੰਘ ਨੇ ਇਕ ਗੱਲ ਕਹੀ ਸੀ ਆਪਣੇ ਵਖਿਆਨ ਦੇ ਦਰਮਿਆਨ। ਕਹਿੰਦੇ ਹਨ, ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿੱਤਰ ਸਰੂਪ ਦੀ ਸੇਵਾ ਕੀਤੀ। ਉਹ ਲਿਖਾਰੀ ਸਨ। ਇਕੱਲੇ ਲਿਖਾਰੀ ਨਹੀਂ,



ਜੋ ਕੁਝ ਉਹਨਾਂ ਲਿਖਿਆ ਉਹ ਕੁਝ ਉਹਨਾਂ ਨੇ ਕਮਾਇਆ ਸੀ। ਲਿਖਾਰੀ ਕਈ ਵਾਰੀ ਲਿਖ ਦਿੰਦਾ ਹੈ ਪਰ ਉਸ ਦਾ ਆਪਣਾ ਜੀਵਨ ਅਜਿਹਾ ਨਹੀਂ ਹੁੰਦਾ। ਕਿੰਨਾ-ਕੁ ਉੱਚਾ ਭਾਈ ਸਾਹਿਬ ਦਾ ਜੀਵਨ ਸ਼ਬਦ ਵਿਚ ਡੁੱਬਾ ਹੋਇਆ ਸੀ ਕਿ ਜਿਸ ਵੇਲੇ ਰਾਮਸਰ ਹਜ਼ੂਰ ਬਾਣੀ ਲਿਖਾ ਰਹੇ ਹਨ ਤਾਂ ਸਿੱਖ ਇਤਿਹਾਸ ਕਹਿੰਦਾ ਹੈ ਕਿ ਭਾਈ ਗੁਰਦਾਸ ਜੀ ਦੇ ਸਾਹਮਣੇ ਕਿਤੇ ਸ਼ਬਦਾਂ ਦੀ ਤਰਤੀਬ ਵਿਚ ਜਾਂ ਕਿਸੇ ਪੋਥੀ ਵਿਚੋਂ ਇਹ ਸ਼ਬਦ ਕਿਤੇ ਸਾਹਮਣੇ ਆ ਜਾਣਾ ਜਿਸ ਵਿਚੋਂ ਝਲਕ ਪੈਣੀ ਕਿ ਸ਼ਾਇਦ ਕਿਤੇ ਕਚਿਆਂ ਦਾ ਤਾਂ ਨਹੀਂ ਲਾ ਦਿੱਤਾ। ਕਿਉਂਕਿ ਬਾਬਾ ਮੇਹਰਵਾਨ ਆਪਣੇ ਆਪ ਨੂੰ ਮਹਲਾ ਛੇਵਾਂ ਲਿਖਦਾ ਹੈ ਤੇ ਉਸਦਾ ਪੁੱਤਰ ਹਰਜੀ ਆਪਣੇ ਆਪ ਨੂੰ ਮਹਲਾ ਸੱਤਵਾਂ ਲਿਖਦਾ ਹੈ। ਜਦੋਂ ਉਹਨਾਂ ਨੇ ਬਾਣੀ ਪੜ੍ਹਦਿਆਂ ਕਿਤੇ ਸ਼ਬਦ ਆ ਜਾਣਾ ਤੇ ਕਿਤੇ ਕੋਈ ਅੱਖਰ ਆ ਜਾਣਾ ਤੇ ਇਕੋ ਦੱਮ ਰੁੱਕ ਕੇ ਕਹਿਣ, ਸੱਚੇ ਪਾਤਿਸ਼ਾਹ ! ਇਹ ਸ਼ਬਦ ਜਿਹੜਾ ਮੈਂ ਪੜ੍ਹ ਰਿਹਾ ਹਾਂ, ਇਸਦੇ ਵਿਚ ਜਿਹੜੀਆਂ ਝਲਕਾਂ ਪੈ ਰਹੀਆਂ ਹਨ, ਇਹ ਅੱਖਰ ਇੰਝ ਪ੍ਰਤੀਤ ਹੁੰਦੇ ਹਨ ਜਿਵੇਂ ਕੱਚਿਆਂ ਨੇ ਗੁਰੂ ਦੀ ਰੀਤੇ ਕੱਚ-ਪਿੱਚ ਬੋਲ ਕੇ ਵਿਚ ਅੱਖਰ ਲਿਖ ਦਿੱਤੇ ਹਨ। ਹਜ਼ੂਰ ਨੇ ਇਕ ਦਿਨ ਪੁੱਛ ਲਿਆ ਕਿ ਭਾਈ ਸਾਹਿਬ ਜੀ ! ਤੁਸੀਂ ਜਦੋਂ ਬਾਣੀ ਪੜ੍ਹਦੇ ਹੋ ਤੇ ਤਰਤੀਬ ਦੇ ਰਹੇ ਹੁੰਦੇ ਹੋ ਤਾਂ, ਤੁਹਾਨੂੰ ਕਿਵੇਂ ਸਮਝ ਪਏਗੀ ਕਿ ਇਹ ਸ਼ਬਦ ਗੁਰੂ ਦੀ ਬਾਣੀ ਵਿਚੋਂ ਹੈ ? ਇਹ ਸ਼ਬਦ ਕੱਚਿਆਂ ਦੀ ਮਿਲਾਵਟ ਪ੍ਰਤੀਤ ਹੁੰਦਾ ਹੈ ? ਭਾਈ ਸਾਹਿਬ ਦਾ ਉੱਤਰ ਜਿਹੜਾ ਸੀ ਉਹ ਕੋਈ ਚੋਖੀ ਗੁੰਝਲਦਾਰ ਸ਼ਬਦਾਵਲੀ ਨਹੀਂ ਸੀ। ਸਿੱਧੀ ਜਿਹੀ ਗੱਲ ਕਹੀ। ਇਹੋ ਜਿਹਾ ਰਿਸ਼ਤਾ ਆਪਣੇ ਗੁਰੂ ਨਾਲ ਬਣਾਈਏ। ਕਹਿਣ ਲੱਗੇ ਸੱਚੇ ਪਾਤਿਸ਼ਾਹ ! ਇਕ ਔਰਤ ਆਪਣੇ ਪਤੀ ਦੇ ਘਰ ਨੂੰ ਛੱਡਕੇ ਪਤੀ ਦਾ ਪੱਲਾ ਫੜ ਕੇ ਸਹੁਰੇ ਆਉਂਦੀ ਹੈ। ਸਭ ਕੁਝ ਉਹ ਭੁੱਲ ਗਈ, ਪਤੀ ਦੇ ਘਰ ਨੂੰ ਬਹੁਤ ਵੱਡੀ ਉਸਨੇ ਥਾਂ ਦਿੱਤੀ। ਉਸ ਪਤੀ ਨੂੰ ਆਪਣੇ ਅੰਦਰੋਂ ਪਿਆਰ ਦਿੱਤਾ ਤੇ ਆਪਣੀਆਂ ਅੱਖਾਂ ਨਾਲ ਅਨੇਕਾਂ ਨੂੰ ਦੇਖਿਆ ਪਰ ਜਿਹੜੀ ਥਾਂ ਆਪਣੇ ਸਾਈਂ ਨੂੰ ਦਿੱਤੀ, ਆਪਣੇ ਸੀਨੇ ਤੇ ਆਪਣੀਆਂ ਅੱਖਾਂ ਵਿਚ ਕਿਸੇ ਹੋਰ ਨੂੰ ਨਹੀਂ। ਸਤਿਗੁਰੂ ! ਜਿਸ ਭਾਗਾਂ ਵਾਲੀ ਸੁਹਾਗਣ ਨੇ ਪਤੀ ਦਾ ਇਕ ਵਾਰੀ ਪੱਲਾ ਫੜ ਲਿਆ, ਉਸਦਾ ਪਤੀ ਹਜ਼ਾਰਾਂ ਆਦਮੀਆਂ ਵਿਚੋਂ ਬੋਲੇ, ਹਜ਼ਾਰਾਂ ਪਹਿਲਾਂ ਬੋਲਦੇ ਹੋਣ ਤੇ ਜਦੋਂ ਹਜ਼ਾਰਾਂ ਵਿਚੋਂ ਉਸ ਦਾ ਮਾਲਕ ਬੋਲੇਗਾ, ਉਹ ਸੁਹਾਗਣ ਭਾਗਾਂ ਵਾਲੀ ਇਕ ਖਿਨ ਵਿਚ ਪਹਿਚਾਣ ਲਵੇਗੀ ਕਿ ਇਹ ਮੇਰੇ ਪਤੀ ਦੀ ਅਵਾਜ਼ ਹੈ। ਜੇ ਸੁਹਾਗਣ ਪਤੀ ਦੀ ਅਵਾਜ਼ ਪਹਿਚਾਣ ਜਾਂਦੀ ਹੈ ਤਾਂ ਜਿਹੜਾ ਤੇਰੇ ਸ਼ਬਦ ਵਿਚ ਜੁੜ ਜਾਏਗਾ, ਉਹ ਗੁਰੂ ਨਾਨਕ ਦੀ ਬਾਣੀ ਨੂੰ ਪਹਿਚਾਣ ਜਾਏਗਾ ਕਿ ਇਹ ਮੇਰੇ ਖਸਮ ਦੀ ਬਾਣੀ ਹੈ।

ਸਤਿਗੁਰੂ ਨੇ ਫਿਰ ਇਕ ਬੜੀ ਸੋਹਣੀ ਗੱਲ ਕਹੀ ਭਾਈ ਸਾਹਿਬ ਜੀ ਨੂੰ। ਕਹਿਣ ਲੱਗੇ ਆ ਗੁਰਮੁੱਖਾ ! ਮੈਂ ਤੈਨੂੰ ਦੱਸਾਂ ਨਾਮ ਕਿੰਨਾ ਵੱਡਾ ਫਲ ਦਿੰਦਾ ਹੈ। ਕਿਤੇ ਪੰਜ ਸੱਤ ਮਿੰਟ ਜੁੜ ਕੇ ਦੇਖ ਮਨਾ ! ਇਥੇ ਤਾਂ ਭਲਿਓ,

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥*

(ਅੰਗ ੧੩੭੭)

ਥੋੜ੍ਹਾ ਸਮਾਂ ਕਿਤੇ ਜੁੜ। ਭਾਈ ਸਾਹਿਬ ਕਹਿੰਦੇ ਹਨ ਕਿ ਹੀਰੇ ਨੂੰ ਆਪਣੇ ਹੱਥ ਵਿਚ ਫੜੋ, ਜੋ ਅਸੀਂ ਪ੍ਰਮਾਣ ਲਿਆ ਹੈ। ਹੀਰੇ ਦਾ ਕੋਈ ਖ਼ਾਸ ਭਾਰ ਨਹੀਂ। ਪਰ ਜਦੋਂ ਹੀਰਾ ਜੌਹਰੀ ਦੀ ਨਜ਼ਰ ਵਿਚ ਚੜ੍ਹਦਾ ਹੈ ਤੇ ਜੌਹਰੀ ਉਸ ਤਰਾਸ਼ੇ ਹੋਏ ਹੀਰੇ ਨੂੰ ਦੇਖਦਾ ਹੈ। ਇਨਸਾਨ ਹੀਰਾ ਆਪਣੀ ਜੇਬ ਵਿਚ ਪਾ ਕੇ ਲੈ ਗਿਆ ਤੇ ਜਦੋਂ ਜੌਹਰੀ ਦੇ ਕੋਲ ਜਾ ਕੇ ਉਸਨੇ ਉਸਨੂੰ ਵੇਚਣਾ ਧਰਿਆ ਤੇ ਜੌਹਰੀ ਨੇ ਕਿਹਾ ਇਕੱਲਾ ਆਇਆ ਹੈਂ ਜਾਂ ਨਾਲ ਆਦਮੀ ਵੀ ਲੈ ਕੇ ਆਇਆ ਹੈਂ? ਹੀਰਾ ਵੇਚਣ ਵਾਲੇ ਨੇ ਕਿਹਾ ਕਿਉਂ? ਕਹਿੰਦਾ ਸ਼ਾਇਦ ਤੈਨੂੰ ਪਤਾ ਨਹੀਂ ਜਿਹੜਾ ਹੀਰਾ ਤੂੰ ਵੇਚਣ ਲਈ ਆਇਆ ਹੈਂ, ਇਸਦੀ ਕੀਮਤ ਲੱਖਾਂ ਰੁਪਏ ਹਨ। ਹੀਰਾ ਲੈ ਕੇ ਤੂੰ ਇਕੱਲਾ ਆਇਆ ਹੈਂ ਪਰ ਬਜ਼ਾਰ ਵਿਚ ਜਦੋਂ ਕੀਮਤ ਪੈਣੀ ਹੈ ਤਾਂ ਤੇਰੇ ਇਕੱਲੇ ਕੋਲੋਂ ਪੈਸੇ ਨਹੀਂ ਚੁੱਕੇ ਜਾਣੇ, ਆਪਣੇ ਨਾਲ ਕੁਝ ਬੰਦੇ ਲੈ ਕੇ ਆ ਜਿਹੜੇ ਇਸ ਹੀਰੇ ਦੀ ਕੀਮਤ ਦੇ ਰੁਪਏ ਚੁੱਕ ਦੇ ਲਿਜਾਣ।

ਪਿਆਰਿਉ! ਵਾਹਿਗੁਰੂ ਸ਼ਬਦ ਕਹਿਣ ਲਗਿਆਂ ਇਕ ਛਿਨ ਵਿਚ ਕਹਿ ਦੇਵਾਂਗੇ ਪਰ ਜਦੋਂ ਇਨਸਾਨ ਦੁਨੀਆਂ ਤੋਂ ਤੁਰਦਾ ਹੈ, ਵੈਸੇ ਦੁਨੀਆਂ ਵਿਚ ਰਹਿੰਦਿਆਂ ਵੀ ਜਦੋਂ ਪ੍ਰਮਾਤਮਾ ਦੇ ਘਰ ਨੂੰ ਚੱਲਦਾ ਹੈ, ਕਈ ਵਾਰੀ ਸੋਚਦੇ ਹਾਂ ਇਹ ਵਾਹਿਗੁਰੂ ਵਾਹਿਗੁਰੂ ਸ਼ਬਦ ਕਹਿੰਦਾ ਗਿਆ। ਹੀਰੇ ਜਾਂਦਿਆਂ ਛੋਟਿਆਂ ਪ੍ਰਤੀਤ ਹੁੰਦੇ ਹਨ, ਪਰ ਜਦੋਂ ਬਜ਼ਾਰ ਵਿਚ ਜਾ ਕੇ ਕੀਮਤ ਪੈਂਦੀ ਹੈ ਤਾਂ ਪਿਆਰਿਉ! ਲੋਕਾਂ ਦੇ ਘਰ ਭਰੇ ਜਾਂਦੇ ਹਨ। ਇਹ ਨਾਮ ਹੀਰਾ ਹੈ ਕਿ ਜਿਸਦੀ ਕੀਮਤ ਪਏਗੀ ਪ੍ਰਮਾਤਮਾ ਦੇ ਘਰ ਵਿਚ, ਤੇਰੇ ਲੋਕ ਪ੍ਰਲੋਕ ਸਵਰਨਗੇ। ਭਾਈ ਸਾਹਿਬ ਨੇ ਕਿਹਾ ਕਿ ਇਹ ਹੈ ਨਾਮ ਦਾ ਫਲ। ਪਿਆਰਿਉ! ਦੁਨੀਆਂ ਵਿਚ ਸਾਰੀਆਂ ਇੱਛਾਵਾਂ ਜੇ ਪੂਰੀਆਂ ਕਰ ਸਕਦਾ ਹੈ ਤਾਂ ਕੇਵਲ ਨਾਮ। ਸਤਿਗੁਰ ਰਹਿਮਤ ਕਰਨ। ਭੁੱਲਾਂ ਚੁੱਕਾਂ ਲਈ ਖਿਮਾ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆



# ਹਰਿ ਜਪੇ ਹਰਿ ਮੰਦਰੁ ਸਾਜਿਆ

ਸੂਹੀ ਮਹਲਾ ੫॥

*ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥*
*ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ॥*
*ਹਰਿ ਗੁਣ ਗਾਇ ਪਰਮਪਦੁ ਪਾਇਆ ਪ੍ਰਭ ਕੀ ਊਤਮ ਬਾਣੀ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ॥*
*ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ॥*
*ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ॥ ੧॥*
*ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ॥*
*ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ॥*
*ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ॥*
*ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ॥*
*ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ॥*
*ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ॥ ੨॥*
*ਛਾਇਆ ਪ੍ਰਭਿ ਛਤ੍ਰਪਤਿ ਕੀਨੀ ਸਗਲੀ ਤਪਤਿ ਬਿਨਾਸੀ ਰਾਮ॥*
*ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ॥*
*ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ॥*
*ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ॥*
*ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ॥*
*ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ॥ ੩॥*
*ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ॥*
*ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ॥*
*ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ॥*

*ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ॥*
*ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ॥*
*ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ॥੪॥੪॥੭॥*

(ਅੰਗ ੭੮੧)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨ ਯੋਗ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਇਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਇਹ ਅਮੋਲਕ ਅੰਮ੍ਰਿਤ ਬਚਨ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਜੀ ਦੀ ਮੁਬਾਰਕ ਰਸਨਾ ਤੋਂ ਉਚਾਰਨ ਕੀਤੇ ਹੋਏ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਹਰਿਮੰਦਰ ਸਾਹਿਬ ਸਾਜਿਆ ਗਿਆ ਹੈ। ਇਥੇ ਸਿਮਰਨ ਕਰਨ ਵਾਲਿਆਂ 'ਤੇ ਕੀ ਕੁਝ ਰਹਿਮਤ ਵਾਪਰਦੀ ਹੈ। ਇਸ ਪਾਵਨ ਪਵਿੱਤਰ ਦਰਬਾਰ ਦੇ ਅੰਦਰ ਪ੍ਰਮਾਤਮਾ ਦੀ ਕੀਰਤੀ ਕਰਨ ਵਾਲੇ ਉਹਨਾਂ ਨੂੰ ਆਤਮਕ ਜੀਵਨ ਦੀ ਖ਼ੁਸ਼ਹਾਲੀ ਕਿਵੇਂ ਮਿਲਦੀ ਹੈ, ਇਹ ਅਸੀਂ ਅੱਜ ਦੇ ਇਸ ਪਾਵਨ ਪਵਿੱਤਰ ਅੰਮ੍ਰਿਤ ਬਚਨ ਦੀ ਵਿਚਾਰ ਵਿਚੋਂ ਦੇਖਾਂਗੇ।

ਸੂਹੀ ਮਹਲਾ ੫॥

*ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥*

ਇਸ ਅੰਮ੍ਰਿਤ ਬਚਨ ਨੂੰ ਉਚਾਰਨ ਕਰਦਿਆਂ ਇਹ ਜੋ ਪਾਵਨ ਪਵਿੱਤਰ ਹੁਕਮ ਹੈ, ਇਸ ਵਿਚ ਧੰਨ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਹਰੀ ਨੂੰ ਜੱਪਣ ਪ੍ਰਮੇਸ਼ਰ ਦੇ ਪਿਆਰੇ ਜਿਹੜੇ ਸੰਤ ਹਨ, ਉਹ ਹਰਿਮੰਦਰ ਸਾਹਿਬ ਦੇ ਅੰਦਰ ਬੈਠ ਕੇ ਇਸਦੀ ਪ੍ਰਕਰਮਾ ਵਿਚ ਟਿੱਕ ਕੇ ਉਸ ਪ੍ਰਮਾਤਮਾ ਦੀ ਸਿਫ਼ਤ ਕਰਦੇ ਹਨ।

ਇਸ ਪਵਿੱਤਰ ਸ਼ਬਦ ਦੇ ਅਰਥ ਕਰਦਿਆਂ ਕਈ ਵਿਦਵਾਨ ਸੱਜਣਾਂ ਨੇ ਇਹ ਸ਼ਬਦ ਕਹਿਣ ਤੋਂ ਬਹੁਤ ਸੰਕੋਚ ਕੀਤਾ ਹੈ ਕਿ ਇਸ ਹਰਿਮੰਦਰ ਸਾਹਿਬ ਜੀ ਦਾ ਜੇਕਰ ਨਾਮ ਲਿਆ ਤਾਂ ਸ਼ਾਇਦ ਇਸ ਅਸਥਾਨ ਦੇ ਅਰਥ ਹੋਰ ਹੋ ਜਾਣਗੇ। ਉਹਨਾਂ ਨੇ ਫਿਰ ਅਰਥ ਕੀਤੇ ਸਰੀਰ ਰੂਪੀ ਹਰਿਮੰਦਰ। ਕਿਸੇ ਨੇ ਅਰਥ ਕੀਤੇ ਹਿਰਦਾ ਰੂਪੀ ਹਰਿਮੰਦਰ। ਕਿਉਂਕਿ ਇਹ ਸ਼ਬਦ ਹੈ ਇਸ ਧਰਤੀ ਲਈ। ਬਾਣੀ ਵਿਚ ਕਈ ਅਜਿਹੇ ਸ਼ਬਦ ਹਨ ਜਿਹੜੇ ਉਸ ਸਮੇਂ ਦੇ ਪ੍ਰਥਾਏ ਸ਼ਬਦ ਹਨ। ਇਤਿਹਾਸ ਨੂੰ ਵੀ ਉਹ ਸ਼ਬਦ ਬਿਆਨ ਕਰਦੇ ਹਨ ਤੇ ਅਧਿਆਤਮਕ ਜੀਵਨ ਨੂੰ ਵੀ ਉਹ ਸ਼ਬਦ ਬਿਆਨ ਕਰਦੇ ਹਨ। ਅਸੀਂ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਇਕ ਬਚਨ ਪੜ੍ਹਦੇ ਹਾਂ। ਉਹ ਇਕ ਖ਼ਾਸ ਘਟਨਾ ਨੂੰ ਮੁੱਖ ਰੱਖਕੇ ਉਚਾਰਨ ਕੀਤਾ ਹੈ। ਹਾਲੇ ਉਹ ਘਟਨਾ ਵਾਪਰੀ ਨਹੀਂ। ਉਸ ਘਟਨਾ ਦੇ ਵਾਪਰਨ ਤੋਂ ਪਹਿਲਾਂ ਉਹ ਸ਼ਬਦ ਉਚਾਰਿਆ ਤੇ



ਉਸ ਨੂੰ ਗੁਰੂ ਜੀ ਨੇ ਕਿਹਾ-

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥*

(ਅੰਗ ੭੨੨)

ਭਾਈ ਲਾਲੋ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਦਾ ਸਿੱਖ ਹੈ। ਭਾਵੇਂ ਇਹ ਸ਼ਬਦ ਉਸ ਸਮੇਂ ਇਤਿਹਾਸਕ ਘਟਨਾਵਾਂ ਉਘੇੜਦਾ ਹੈ, ਪਰ ਇਤਿਹਾਸਕ ਹੋਣ ਦੇ ਨਾਲ ਨਾਲ ਇਹ ਸ਼ਬਦ ਸਾਨੂੰ ਆਤਮਕ ਸੋਝੀ ਵੀ ਦੇਵੇਗਾ।

*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥*
*ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥*

ਅਖ਼ੀਰ ਵਿਚ ਹਜ਼ੂਰ ਨੇ ਉਸ ਸਮੇਂ ਦੇ ਸੰਮਤ ਨੂੰ ਮੁੱਖ ਰੱਖਕੇ ਇਹ ਬਚਨ ਕਹੇ। ਇਹ ਬਚਨ ਸਨ-

*ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥*
*ਆਵਨਿ ਅਠਤਰੈ ਜਾਨਿ ਸਤਾਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ॥*
*ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚੁ ਕੀ ਬੇਲਾ॥*

ਇਹ ਸ਼ਬਦ ਤਾਂ ਐਮਨਾਬਾਦ ਵਿਚ ਬਾਬਰ ਦੇ ਹਮਲੇ ਤੋਂ ਪਹਿਲਾਂ ਹਜ਼ੂਰ ਨੇ ਭਾਈ ਲਾਲੋ ਦੇ ਘਰ ਵਿਚ ਬੈਠਕੇ ਉਚਾਰਨ ਕੀਤਾ। ਇਸ ਸ਼ਬਦ ਵਿਚ ਸਾਨੂੰ ਇਤਿਹਾਸਕ ਤੱਤ ਮਿਲਦੇ ਹਨ, ਪਰ ਇਤਿਹਾਸਕ ਤੱਤ ਦੇ ਨਾਲ ਨਾਲ ਗੁਰੂ ਨਾਨਕ ਸਾਹਿਬ ਪ੍ਰਮਾਤਮਾ ਤੋਂ ਭੁੱਲੇ ਹੋਏ ਲੋਕਾਂ ਦੇ ਸਬੰਧੀ ਕਹਿ ਰਹੇ ਹਨ ਕਿ ਲਾਲੋ ! ਇਹਨਾਂ ਲੋਕਾਂ ਨੂੰ ਰੱਬ ਵੀ ਭੁੱਲ ਗਿਆ ਹੈ। ਮੌਤ ਵੀ ਭੁੱਲ ਗਈ ਹੈ, ਪਰ ਜੋ ਕੁਝ ਆਉਣ ਵਾਲੇ ਦਿਨਾਂ ਵਿਚ ਵਾਪਰਨਾ ਹੈ, ਇਹਨਾਂ ਲੋਕਾਂ ਦੇ ਹਾਲ ਕੀ ਹੋਣਗੇ। ਇਹ ਅਜੇ ਘਟਨਾ ਵਾਪਰਨੀ ਸੀ ਪਰ ਸ਼ਬਦ ਪਹਿਲਾਂ ਉਚਾਰਨ ਕਰ ਦਿੱਤਾ।

ਜਦੋਂ ਅਸੀਂ ਧੰਨ ਗੁਰੂ ਰਾਮਦਾਸ ਜੀ ਦੀ ਬਾਣੀ ਪੜ੍ਹਦੇ ਹਾਂ, ਤਾਂ ਉਹਨਾਂ ਦੀ ਬਾਣੀ ਵਿਚ ਵੀ ਇਸ ਪ੍ਰਥਾਏ ਸ਼ਬਦ ਮਿਲਦੇ ਹਨ। ਇਤਿਹਾਸ ਨੂੰ ਉਹ ਉਘੇੜਦੇ ਹਨ। ਜਦੋਂ ਗੁਰੂ ਰਾਮਦਾਸ ਜੀ ਦਾ ਇਹ ਸਲੋਕ ਪੜ੍ਹਦੇ ਹਾਂ ਕਿ-

*ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥*
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
*ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥*
*ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥*

*ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ*
*ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥*

(ਅੰਗ ੩੧੫)

ਕੌਣ ਸੀ ਤਪਾ? ਜਿਸਦੇ ਸਬੰਧ ਵਿਚ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਇਹ ਤਪਾ ਨਹੀਂ, ਇਹ ਅੰਦਰੋਂ ਲਾਲਚੀ ਹੈ। ਵੈਸੇ ਤਪੇ ਦਾ ਅੱਖਰੀ ਅਰਥ ਹੁੰਦਾ ਹੈ ਤੱਪ ਕਰਨਾ ਵਾਲਾ, ਬੰਦਗੀ ਕਰਨ ਵਾਲਾ। ਧੰਨ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਇਹ ਤਪਾ ਨਹੀਂ,. ਇਹ ਅੰਦਰੋਂ ਲਾਲਚੀ ਹੈ। ਜਦੋਂ ਸਤਿਕਾਰ ਨਾਲ ਸੱਦਾ ਭੇਜਿਆ, ਉਦੋਂ ਤਾਂ ਲੰਗਰ ਛੱਕਣ ਨਹੀਂ ਆਇਆ ਤੇ ਪਿਛੋਂ ਪਛਤਾ ਕੇ ਆਪਣੇ ਪੁੱਤਰ ਨੂੰ ਲੰਗਰ ਵਿਚ ਬਿਠਾ ਦਿੱਤਾ। ਇਸ ਦੇ ਬੱਚੇ ਨੂੰ ਦੇਖਕੇ ਪਿੰਡ ਦੇ ਲੋਕ ਹੱਸਣ ਲੱਗ ਪਏ। ਕਹਿਣ ਲੱਗੇ ਕਿ ਲੋਕੋ ! ਇਹ ਤਪਾ ਨਹੀਂ, ਇਹ ਲਾਲਚੀ ਹੈ। ਜਿਥੇ ਥੋੜਾ ਧਨ ਦੇਖਦਾ ਹੈ ਉਥੇ ਧਰਮ ਦੀ ਮਰਯਾਦਾ ਦੀ ਗੱਲ ਕਰਦਾ ਹੈ ਤੇ ਜਿਥੇ ਬਹੁਤਾ ਧਨ ਮਿਲੇ ਉਥੇ ਮਰਯਾਦਾ ਵੀ ਛੱਡ ਜਾਂਦਾ ਹੈ।

ਇਹ ਹੈ ਇਤਿਹਾਸ ਦਾ ਪੱਖ। ਸਾਨੂੰ ਲੱਭਣਾ ਪਏਗਾ ਕਿ ਉਹ ਤਪਾ ਕੌਣ ਹੈ? ਫਿਰ ਸਾਨੂੰ ਇਤਿਹਾਸ ਦੇ ਪੰਨੇ ਦੱਸਣਗੇ ਕਿ ਇਹ ਤਪਾ ਗੋਇੰਦਵਾਲ ਸਾਹਿਬ ਦੀ ਧਰਤੀ ਦਾ ਹੈ। ਗੁਰੂ ਅਮਰਦਾਸ ਜੀ ਦੇ ਲੰਗਰ ਦਾ ਵਿਰੋਧ ਕਰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਜਿਹੜਾ ਲੰਗਰ ਛਕੇਗਾ, ਉਸ ਨੂੰ ਸੋਨੇ ਦੀਆਂ ਮੋਹਰਾਂ ਮਿਲਣਗੀਆਂ ਤੇ ਜਦੋਂ ਸੋਨੇ ਦੀਆਂ ਮੋਹਰਾਂ ਮਿਲਣ ਲੱਗੀਆਂ, ਉਦੋਂ ਆਪਣੇ ਪੁੱਤਰ ਨੂੰ ਵੀ ਚੋਰੀ ਛਿਪੇ ਲੰਗਰ ਦੀ ਪੰਗਤ ਵਿਚ ਬਿਠਾ ਦਿੱਤਾ। ਇਹ ਹੈ ਸ਼ਬਦ ਇਤਿਹਾਸਕ ਪਰ ਅਗਵਾਈ ਕਰੇਗਾ ਸਾਡੀ ਕਿ ਧਰਮ ਦਾ ਬੁਰਕਾ ਪਾ ਕੇ ਮਰਯਾਦਾ ਦੀ ਗੱਲ ਕਰਨ ਵਾਲੇ, ਜਿਥੇ ਧਨ ਨਾ ਮਿਲੇ ਉਥੇ ਕਿਹਾ ਇਹ ਸਾਡੀ ਮਰਯਾਦਾ ਹੈ ਤੇ ਜਿਥੇ ਧਨ ਬਹੁਤਾ ਮਿਲ ਜਾਏ ਉਥੇ ਧਰਮ ਦਾ ਅਸੂਲ ਵੀ ਭੁੱਲ ਗਿਆ।

ਦੂਜਾ ਸ਼ਬਦ ਗੁਰੂ ਰਾਮਦਾਸ ਜੀ ਦਾ ਪੜ੍ਹੋ। ਆਪਣੇ ਪੁੱਤਰ ਦੇ ਪ੍ਰਥਾਏ ਹੈ-

*ਕਾਹੇ ਪੂਤ ਝਗਰਤ ਹਉ ਸੰਗਿ ਬਾਪ॥*
*ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥*

(ਅੰਗ ੧੨੦੦)

ਇਹ ਸ਼ਬਦ ਹੈ ਬਾਬੇ ਪ੍ਰਿਥੀਏ ਦੇ ਪ੍ਰਥਾਏ। ਕਹਿੰਦੇ ਹਨ ਪੁੱਤਰ ! ਜਿਸ ਮਾਪਿਆਂ ਨੇ ਜਨਮ ਦਿੱਤਾ, ਤੂੰ ਉਹਨਾਂ ਦੇ ਵਿਰੋਧ ਵਿਚ ਉਹਨਾਂ ਦੇ ਸਾਹਮਣੇ ਆ ਕੇ ਖਲੋਂਦਾ ਹੈਂ। ਇਸ ਤੋਂ ਵੱਡਾ ਕੋਈ ਪਾਪ ਨਹੀਂ ਕਿ ਆਪਣੇ ਮਾਪਿਆਂ ਦੇ ਸਾਹਮਣੇ ਖਲੋ ਕੇ ਬੋਲਣਾ 'ਤੇ ਜਿਸ ਰੁਪਈਏ ਦਾ ਤੂੰ ਮਾਣ ਕਰਕੇ ਬੋਲਦਾ ਹੈਂ, ਇਹ ਰੁਪਈਆ ਕਦੀ ਵੀ ਕਿਸੇ ਦਾ ਨਹੀਂ ਬਣਿਆ।

*ਜਿਸ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸੇ ਨਾ ਆਪ॥*



*ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ॥*

(ਅੰਗ ੧੨੦੦)

ਉਸ ਸਮੇਂ ਪ੍ਰਿਥੀਏ ਨੂੰ ਸਮਝਾਉਂਦੇ ਹਨ ਤੇ ਅੱਜ ਇਹ ਸ਼ਬਦ ਹਰ ਉਸ ਬੱਚੇ ਨੂੰ ਸਮਝਾ ਰਿਹਾ ਹੈ ਕਿ ਜਿਹੜਾ ਚਾਰ ਟਕੇ ਲੈ ਕੇ ਆਪਣੇ ਮਾਪਿਆਂ ਦੇ ਸਾਹਮਣੇ ਬੋਲਣ ਲੱਗ ਪਿਆ ਹੈ। ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ ਜੀ ਨੂੰ ਅਸੀਂ ਬਾਣੀ ਦੇ ਬੋਹਿਥ ਕਹਿੰਦੇ ਹਾਂ। ਉਹ ਬਚਨ ਕਰਦੇ ਹਨ ਕਿ

*ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥*
*ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥*
*ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥*
*ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥*

(ਅੰਗ ੩੭੧)

ਸੁਲਹੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਚੱਲ ਕੇ ਆ ਰਿਹਾ ਹੈ। ਕੋਈ ਕਹਿ ਰਿਹਾ ਹੈ, ਸੱਚੇ ਪਾਤਿਸ਼ਾਹ ! ਚਿੱਠੀ ਭੇਜ ਦਿਉ ਉਸਨੂੰ ਤੇ ਕਹਿ ਦਿਉ ਕਿ ਆਪਸੀ ਕੋਈ ਵਿਰੋਧ ਨਹੀਂ। ਕੋਈ ਕਹਿ ਰਿਹਾ ਹੈ ਕਿ ਦੋ ਆਦਮੀ ਭੇਜ ਦਿਉ, ਅਸੀਂ ਕਹੀਏ ਕਿ ਤੇਰੀ ਸਾਡੀ ਕੋਈ ਲੜਾਈ ਨਹੀਂ। ਜੇ ਨਹੀਂ ਤਾਂ ਕੁਝ ਨਾ ਕੁਝ ਉਪਾਅ ਕਰੋ ਤੇ ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਮੈਂ ਸਾਰੇ ਮਤੇ ਛੱਡਕੇ ਕੇਵਲ ਪ੍ਰਮਾਤਮਾ ਨੂੰ ਜੱਪਿਆ ਹੈ। ਸੁਲਹੀ ਦੀ ਮੌਤ ਹੋਈ ਪਰ ਇਥੇ ਇਹ ਨਹੀਂ ਗੁਰੂ ਜੀ ਨੇ ਕਿਹਾ ਕਿ ਸੁਲਹੀ ਭਸਮ ਹੋ ਜਾਏ। ਕੋਈ ਸਰਾਪ ਨਹੀਂ। ਸ਼ਬਦ ਸੀ-

*ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥*

(ਅੰਗ ੩੭੧)

ਸੁਲਹੀ ਦੀ ਮੌਤ ਹੋਈ ਤੇ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਿਆ-

*ਸੁਲਹੀ ਤੇ ਨਾਰਾਇਣ ਰਾਖੁ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥ ੧ ॥ ਰਹਾਉ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥*
*ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥ ੧ ॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਛੋਡਿ ਗਇਆ ਸਭ ਭਾਈ ਸਾਕੁ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ॥*

(ਅੰਗ ੮੨੫)

ਇਹ ਜਿਹੜਾ ਸ਼ਬਦ ਹੈ, ਹੈ ਸੁਲਹੀ ਦੀ ਮੌਤ ਤੋਂ ਬਾਅਦ ਅਕਾਲ ਪੁਰਖ ਵਾਹਿਗੁਰੂ ਲਈ ਕਿ ਪ੍ਰਮਾਤਮਾ ਤੇਰੀ ਆਪਣੀ ਖੇਡ ਹੈ। ਤੂੰ ਆਪਣੇ ਸੇਵਕ ਦੇ ਬਚਨ ਨੂੰ ਕਦੀ ਝੂਠਿਆਂ ਨਹੀਂ ਹੋਣ ਦਿੰਦਾ। ਹੁਣ ਇਸ ਸ਼ਬਦ ਵਿਚ ਇਤਿਹਾਸਕ ਤੱਤ ਹੈ। ਪਰ ਸਾਨੂੰ ਅਧਿਆਤਮਕ ਇਸ ਦੇ ਵਿਚੋਂ ਸੇਧ ਮਿਲੇਗੀ। ਕੋਈ ਹੰਕਾਰ ਦੀ ਬਿਰਤੀ ਲੈ ਕੇ ਕਮਾਈ ਵਾਲਾ ਸਤਿਪੁਰਸ਼ ਗੁਰੂ 'ਤੇ ਚੜ੍ਹ ਕੇ ਆਏ ਤੇ ਪ੍ਰਮਾਤਮਾ ਆਪਣੇ ਪਿਆਰਿਆਂ ਨੂੰ ਨਿੰਦਕਾਂ ਤੋਂ ਕਿਵੇਂ ਬਚਾ ਦਿੰਦਾ ਹੈ।

ਬਾਣੀ ਵਿਚ ਬੇਅੰਤ ਸ਼ਬਦ ਮਿਲਣਗੇ ਜਿਹੜੇ ਇਸ ਪ੍ਰਥਾਏ ਉਚਾਰਨ ਕੀਤੇ ਗਏ ਹਨ, ਜਿਨ੍ਹਾਂ ਸ਼ਬਦਾਂ ਵਿਚੋਂ ਇਤਿਹਾਸਕ ਝਲਕ ਮਿਲੇਗੀ ਪਰ ਇਤਿਹਾਸ ਦੇ ਨਾਲ ਨਾਲ ਉਹਨਾਂ ਸ਼ਬਦਾਂ ਵਿਚੋਂ ਸਾਨੂੰ ਅਧਿਆਤਮਕ ਜੀਵਨ ਵੀ ਮਿਲੇਗਾ। ਅੱਜ ਜੋ ਗੁਰੂ ਅਰਜਨ ਸਾਹਿਬ ਨੇ ਸ਼ਬਦ ਉਚਾਰਨ ਕੀਤਾ ਹੈ, ਇਹ ਕਿਸੇ ਹੋਰ ਥਾਂ ਲਈ ਨਹੀਂ, ਇਸੇ ਹਰਿਮੰਦਰ ਸਾਹਿਬ ਲਈ ਹੈ। ਇਹ ਹਰਿਮੰਦਰ ਹਰੀ ਨੇ ਆਪ ਸਾਜਿਆ ਤੇ ਇਹ ਇਸ ਕਰਕੇ ਬਣਾਇਆ ਹੈ ਕਿ ਇਸ ਵਿਚ ਪ੍ਰਮੇਸ਼ਰ ਦੇ ਸੰਤ ਬੈਠ ਕੇ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਦੇ ਗੀਤ ਗਾਉਣ।

ਪਹਿਲਾਂ ਇਹ ਅਸਥਾਨ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਇਕ ਨਿਰਮਲ ਜਲ ਦੀ ਢਾਬ ਸੀ। ਇਸਦੇ ਪਾਣੀ ਦੇ ਚੁਫੇਰੇ ਸੰਘਣੀਆਂ ਬੇਰੀਆਂ ਦੇ ਬ੍ਰਿਛ ਸਨ। ਇਹ ਨਿਰਮਲ ਨੀਰ ਬਾਰ੍ਹਾਂ ਮਹੀਨੇ ਇਸ ਅਸਥਾਨ 'ਤੇ ਰੁੱਕਿਆ ਰਹਿੰਦਾ ਸੀ। ਪ੍ਰਮਾਤਮਾ ਦੇ ਚਰਨਾਂ ਵਿਚ ਭਿੱਜੇ ਹੋਏ ਸੰਤ ਜਨ ਇਸ ਅਸਥਾਨ 'ਤੇ ਆਉਂਦੇ ਸਨ। ਇਕਾਂਤ ਰਮਣੀਕ ਤੇ ਨਿਰਮਲ ਨੀਰ ਨੂੰ ਦੇਖਕੇ ਇਸ ਢਾਬ ਦੇ ਕਿਨਾਰੇ ਕਿੰਨਾ ਕਿੰਨਾ ਸਮਾਂ ਬਤੀਤ ਕਰਕੇ ਜਾਂਦੇ ਸਨ। ਧੰਨ ਗੁਰੂ ਨਾਨਕ ਸਾਹਿਬ ਪਹਿਲੀ ਉਦਾਸੀ ਦੇ ਵੇਲੇ ਸੁਲਤਾਨਪੁਰ ਦੀ ਧਰਤੀ ਤੋਂ ਚੱਲੇ। ਹਜ਼ੂਰ ਨੇ ਫਤਿਆਬਾਦ ਰਾਤ ਬਤੀਤ ਕੀਤੀ ਤੇ ਇਸ ਪਾਵਨ ਪਵਿੱਤਰ ਅਸਥਾਨ 'ਤੇ ਇਸ ਪਾਣੀ ਦੀ ਢਾਬ ਦੇ ਕਿਨਾਰੇ ਆ ਕੇ ਟਿੱਕੇ। ਧੰਨ ਗੁਰੂ ਨਾਨਕ ਸਾਹਿਬ ਜੀ ਦੇ ਨਾਲ ਭਾਈ ਮਰਦਾਨਾ ਜੀ ਹਨ। ਨਜ਼ਦੀਕ ਪਿੰਡ ਦਾ ਜ਼ਿੰਮੀਂਦਾਰ ਸੁਲਤਾਨਵਿੰਡ ਦਾ ਆਇਆ। ਉਸਦਾ ਨਾਮ ਸੀ ਭਾਈ ਤਾਰਾ। ਉਸ ਦੇ ਘਰ ਪੁੱਤਰ ਦੀ ਦਾਤ ਪ੍ਰਮਾਤਮਾ ਨੇ ਦਿੱਤੀ। ਆਪਣੇ ਪੁੱਤਰ ਦਾ ਉਸ ਨੇ ਧਮਾਨ ਕੀਤਾ ਤੇ ਧੰਨ ਗੁਰੂ ਨਾਨਕ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਸੇਵਾ ਵਿਚ ਆਪਣੀ ਵੱਲੋਂ ਕੀਮਤੀ ਪਕਵਾਨ ਤਿਆਰ ਕਰਕੇ ਲਿਆਇਆ। ਹਜ਼ੂਰ ਜੀ ਨੂੰ ਪ੍ਰਸ਼ਾਦ ਛਕਾਇਆ। ਭਾਈ ਮਰਦਾਨੇ ਨੇ ਛੌਂਕਿਆ। ਰਬਾਬ ਨਾਲ ਇਥੇ ਬੈਠਕੇ ਪ੍ਰਮਾਤਮਾ ਦੀ ਕੀਰਤੀ ਦੇ ਸ਼ਬਦ ਗਾਇਨ ਕੀਤੇ ਤੇ ਜਦੋਂ ਸ਼ਬਦਾਂ ਦੀ ਸੰਪੂਰਨਤਾ ਹੋਈ ਤਾਂ ਭਾਈ ਮਰਦਾਨੇ ਨੇ ਕਿਹਾ ਕਿ ਸੱਚੇ ਪਾਤਿਸ਼ਾਹ ! ਬਹੁਤ ਰਮਣੀਕ ਥਾਂ ਹੈ। ਮਨ ਦਾ ਟਿਕਾਅ ਬੜਾ ਬਣਿਆ ਹੈ। ਇਸ ਅਸਥਾਨ 'ਤੇ ਕੁਝ ਸਮਾਂ ਰੁਕੀਏ। ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਕਿ ਇਥੇ ਸਦੀਵ ਕਾਲ ਲਈ ਸ਼ਬਦ ਦਾ ਵਾਸਾ ਹੋਵੇਗਾ। ਇਸ ਅਸਥਾਨ 'ਤੇ ਭੋਗ ਅਤੇ ਮੋਖ ਦਾ ਪ੍ਰਵਾਹ ਚੱਲੇਗਾ। ਭੋਗ ਤੇ ਮੋਖ ਦਾ ਭਾਵ ਸੀ ਕਿ ਕਿਸੇ ਦੇ ਤਨ ਨੂੰ ਭੁੱਖ ਲੱਗੀ ਹੋਵੇਗੀ ਤੇ ਉਦਰ ਭਰਨ ਲਈ ਉਹਨਾਂ



ਨੂੰ ਗੁਰੂ ਦਾ ਲੰਗਰ ਮਿਲੇਗਾ ਤੇ ਜੇ ਕੋਈ ਆਤਮਾ ਦੀ ਭੁੱਖ ਲਈ ਆਵੇਗਾ ਤਾਂ ਉਸਦੇ ਉਦਾਰ ਲਈ ਇਥੇ ਬਾਣੀ ਦਾ ਕੀਰਤਨ ਮਿਲੇਗਾ।

ਧੰਨ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ, ਜਿਸ ਵਿਚ ਆਪ ਇਸ਼ਨਾਨ ਕਰਦੇ ਹੋ, ਇਸ ਸਰੋਵਰ ਦੀ ਕਾਰ ਸੇਵਾ ਗੁਰੂ ਰਾਮਦਾਸ ਜੀ ਨੇ ਆਪਣੀ ਹਿਆਤੀ ਵਿਚ ਸ਼ੁਰੂ ਕਰਾਈ। ਧੰਨ ਗੁਰੂ ਅਰਜਨ ਸਾਹਿਬ ਦਾ ਸਮਾਂ ਆਇਆ ਤਾਂ ਧੰਨ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਆਪ ਦੱਸਕੇ ਗਏ ਹਨ ਕਿ ਇਸ ਢੰਗ ਨਾਲ ਹਰਿਮੰਦਰ ਦੀ ਉਸਾਰੀ ਹੋਵੇ। ਜਿਸ ਵੇਲੇ ਇਹ ਉਸਾਰੀ ਕੀਤੀ ਗਈ, ਉਸ ਵੇਲੇ ਇਸ ਦੇ ਪ੍ਰਥਾਏ ਸ਼ਬਦ ਵੀ ਉਚਾਰਨ ਕੀਤੇ ਗਏ। ਗੁਰੂ ਰਾਮਦਾਸ ਪਾਤਿਸ਼ਾਹ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਆਪ ਹਜ਼ੂਰ ਨੇ ਬਾਬਾ ਬੁੱਢਾ ਸਾਹਿਬ ਦੀ ਬੇਰ ਥੱਲੇ ਬੈਠਕੇ, ਇਸ ਦੀ ਸੇਵਾ ਸੰਭਾਲ ਕੀਤੀ। ਗੁਰੂ ਜੀ ਨੇ ਇਸ ਦਾ ਨਾਮ ਹਰਿਮੰਦਰ ਆਪ ਰੱਖਿਆ। ਗੁਰੂ ਅਰਜਨ ਸਾਹਿਬ ਨੇ ਰੂਹਾਨੀਅਤ ਦੀਆਂ ਤਰੰਗਾਂ ਨਾਲ ਇਹ ਸ਼ਬਦ ਕਹੇ ਸਨ ਕਿ

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*

(ਅੰਗ ੧੩੬੨)

ਸੱਚ ਮੁੱਚ ਇਸਦੇ ਵਰਗਾ ਕੋਈ ਅਸਥਾਨ ਨਹੀਂ। ਇਸ ਸਬੰਧੀ ਅਣਮੱਤੀ ਸੱਜਣਾਂ ਨੇ ਵੀ ਕੁਝ ਸ਼ਬਦ ਕਹੇ ਹਨ। ਰੂਹਾਨੀਅਤ ਦੀ ਜਿਹੜੀ ਤਰੰਗ ਹੈ, ਉਸਦਾ ਸਬੰਧ ਸਾਡੀ ਆਤਮਾ ਨਾਲ ਹੈ। ਇਥੇ ਭਾਵੇਂ ਕਿਸੇ ਗੋਰੇ ਨੂੰ, ਕਾਲੇ ਨੂੰ, ਦੂਜੇ ਮੁਲਕ ਤੋਂ ਆਏ ਹੋਏ ਨੂੰ ਕੀਰਤਨ ਦੇ ਸ਼ਬਦਾਂ ਦੀ ਸਮਝ ਨਾ ਵੀ ਪਵੇ, ਪਰ ਜਦੋਂ ਗੁਰੂ ਰਾਮਦਾਸ ਜੀ ਦੇ ਦਰ 'ਤੇ ਬੈਠ ਜਾਏਗਾ, ਯਕੀਨ ਕਰਿਉ, ਉਸਦੀ ਆਤਮਾ ਨੂੰ ਸ਼ਾਂਤੀ ਜ਼ਰੂਰ ਮਿਲੇਗੀ, ਕਿਉਂਕਿ ਸ਼ਬਦ ਦੀ ਤਾਸੀਰ ਅਜਿਹੀ ਹੈ ਕਿ ਉਸ ਨਾਲ ਅੰਦਰ ਠੰਢ ਪਏਗੀ। ਇਸ ਵਰਗਾ ਦਰਬਾਰ ਹੋਰ ਕੋਈ ਨਹੀਂ। ਗੁਰੂ ਰਾਮਦਾਸ ਜੀ ਨੇ ਇਹ ਪਾਵਨ ਪਵਿੱਤਰ ਦਾਤ ਦਿੱਤੀ ਤੇ ਗੁਰੂ ਅਰਜਨ ਸਾਹਿਬ ਨੇ ਕਿਹਾ-

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥*
*ਬਧੋਹੁ ਪੁਰਖਿ ਬਿਧਾਤੇ ਤਾਂ ਤੂ ਸੋਹਿਆ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥*
*ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥*

(ਅੰਗ ੧੩੬੨)

ਇਸ ਥਾਂ ਦੀ ਬੜੀ ਵੱਡੀ ਮਹਾਨਤਾ ਹੈ। ਕਿਉਂਕਿ ਇਸ ਤੋਂ ਬਿਨਾਂ ਕਿਤੇ ਸ਼ਾਂਤੀ ਨਹੀਂ ਮਿਲਣੀ। ਕੀ ਲੋੜ ਹੈ ਕਿਸੇ ਪਾਖੰਡੀ ਦੇ ਡੇਰੇ 'ਤੇ ਭਟਕਣ ਦੀ? ਪਿਆਰਿਉ ! ਜਦੋਂ ਸਵੇਰੇ ਹਰਿਮੰਦਰ ਸਾਹਿਬ ਵਿਚ ਹੁਕਮਨਾਮਾ ਲੈਂਦਿਆਂ ਸਾਰੀ ਸੰਗਤ ਜੁੜਕੇ ਪੜ੍ਹਦੀ ਹੈ ਕਿ-

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥*
*ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥*
*ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥*

(ਅੰਗ ੧੪੦੬)

ਤਾਂ ਵਾਹਿਗੁਰੂ ਉਸਦੇ ਅੰਦਰੋਂ ਪਾਪਾਂ ਦੀ ਮੈਲ ਨੂੰ ਸਾਫ਼ ਕਰ ਦਿੰਦੇ ਹਨ।

ਹਰਿਮੰਦਰ ਸਾਹਿਬ ਵਿਚ ਇਕ ਸਾਧੂ ਆਏ। ਉਹ ਰਾਸਲੀਲਾ ਪਾਉਂਦੇ ਸਨ। ਉਹਨਾਂ ਨੇ ਆ ਕੇ ਮੱਥਾ ਟੇਕਿਆ। ਕੀਰਤਨ ਹੋ ਰਿਹਾ ਸੀ ਤੇ ਕੀਰਤਨ ਸੁਣਨ ਲੱਗ ਪਏ। ਕੀਰਤਨ ਸੁਣਦਿਆਂ ਸੁਣਦਿਆਂ ਅੰਦਰ ਸੁਰਤ ਇੰਨੀ-ਕੁ ਟਿੱਕੀ ਕਿ ਦੁਪਹਿਰ ਦੇ ਬੈਠੇ ਰਾਤ ਪੈ ਗਈ। ਹਜ਼ੂਰ ਦੇ ਦਰਬਾਰ ਦੀ ਮਰਯਾਦਾ ਦੀ ਸੰਪੰਨਤਾ ਹੋਈ ਤੇ ਉਹ ਸਾਧੂ ਬਾਹਰ ਤੁਰ ਪਿਆ। ਉਹਨਾਂ ਨੇ ਧਿਆਨ ਟਿਕਾਅ ਕੇ ਹਰਿਮੰਦਰ ਸਾਹਿਬ ਨੂੰ ਦੇਖਿਆ। ਬਾਅਦ ਵਿਚ ਉਸਨੇ ਆਪਣੀ ਰਸਨਾ ਤੋਂ ਦੋ ਸਤਰਾਂ ਦਾ ਇਥੇ ਦੋਹਾ ਕਿਹਾ। ਕਹਿੰਦਾ ਮੈਂ ਦੇਖਦਾ ਹਾਂ ਹਰਿਮੰਦਰ ਸਾਹਿਬ ਧਰਤੀ ਤੋਂ ਥੱਲੇ ਵਾਲੇ ਪਾਸੇ ਕਿਉਂ ਹੈ? ਚਾਰ ਚੁਫੇਰੇ ਉੱਚੀ ਥਾਂ 'ਤੇ ਪੌੜੀਆਂ ਉਤਰ ਕੇ ਕਿਉਂ ਥੱਲੇ ਜਾਈਦਾ ਹੈ? ਉਸਨੇ ਇਕ ਗੱਲ ਕਹੀ ਕਿ ਅੱਜ ਤੱਕ ਜਿੰਨੀ ਵੀ ਮੈਂ ਸਾਧਨਾ ਕੀਤੀ, ਉਹ ਸਵਰਗ ਲਈ ਕੀਤੀ। ਕਹਿੰਦਾ ਅੱਜ ਮੈਂ ਦੇਖਿਆ ਕਿ ਇਕ ਪਾਸੇ ਹਰਿਮੰਦਰ ਹੈ ਤੇ ਦੂਜੇ ਪਾਸੇ ਬੈਕੁੰਠ ਹੈ। ਸਾਧਨਾ ਸਵਰਗ ਲਈ, ਬੈਕੁੰਠ ਲਈ ਕਈ ਸਾਲ ਕੀਤੀ ਪਰ ਅੱਜ ਤੱਕ ਬੈਕੁੰਠ ਦੇਖਿਆ ਨਹੀਂ। ਕਹਿਣ ਲੱਗੇ ਮੈਂ ਤੱਕੜੀ ਵਿਚ ਤੋਲਕੇ ਦੇਖਿਆ ਕਿ ਜਿਹੜਾ ਪਲੜਾ ਭਾਰਾ ਸੀ ਉਹ ਧਰਤੀ ਵੱਲ ਨੀਵਾਂ ਰਹਿ ਗਿਆ ਤੇ ਜਿਹੜਾ ਹੌਲਾ ਸੀ ਉਹ ਆਸਮਾਨ ਵੱਲ ਉੱਠ ਗਿਆ। ਕਹਿਣ ਲੱਗੇ ਇਹ ਇਸ ਕਰਕੇ ਨੀਵਾਂ ਹੈ ਕਿਉਂਕਿ ਰੂਹਾਨੀਅਤ ਦਾ ਭਾਰਾਪਣ ਹੈ। ਉਹ ਲਿਖਦਾ ਹੈ ਕਿ ਫਲ ਲੱਗੇ ਤਾਂ ਟਾਹਣੀਆਂ ਆਪ ਝੁੱਕਦੀਆਂ ਹਨ। ਮੁੱਕਦੀ ਗੱਲ ਕਿ ਮੇਰੇ ਲਈ ਬੈਕੁੰਠ, ਮੇਰੇ ਲਈ ਸੱਚਖੰਡਿ, ਮੇਰੇ ਲਈ ਪ੍ਰਮਾਤਮਾ ਦਾ ਘਰ ਇਸ ਤੋਂ ਅੱਗੇ ਹੋਰ ਕੋਈ ਨਹੀਂ।

*ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ॥*

ਆਪਣੇ ਸੁਆਮੀ ਵਾਹਿਗੁਰੂ ਜੀ ਨੂੰ ਸਿਮਰ ਸਿਮਰ ਕੇ ਜਿੰਨੇ ਵੀ ਕੀਤੇ ਹੋਏ ਪਾਪ ਹਨ, ਔਗੁਣ ਹਨ, ਗੁਨਾਹ ਹਨ ਜਿਹੜੇ ਇਸ ਅਸਥਾਨ 'ਤੇ ਬੈਠ ਕੇ ਪ੍ਰਮਾਤਮਾ ਦਾ ਸਿਮਰਨ ਕਰਦੇ ਹਨ, ਉਹ ਸੰਤ ਭਗਤ ਆਪਣੇ ਸਾਰੇ ਪਾਪ ਦੂਰ ਕਰਾ ਲੈਂਦੇ ਹਨ। ਕਿਉਂਕਿ ਸਿਮਰਨ ਇਕ ਅਜਿਹੀ ਦਾਤ ਹੈ ਜਿਹੜੀ ਕਰੋੜਾਂ ਜਨਮਾਂ ਦੇ ਪਾਪਾਂ ਨੂੰ ਦਗਦ ਕਰਦੀ ਹੈ।

*ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ॥*

ਜਿਹੜੀ ਪ੍ਰਮਾਤਮਾ ਦੀ ਸਭ ਤੋਂ ਉੱਚੀ ਬਾਣੀ ਹੈ, ਉਸ ਰਾਹੀਂ ਹਰੀ ਨੂੰ ਜਪਿਆ ਤੇ



ਪ੍ਰਮਾਤਮਾ ਨੂੰ ਜਪ ਕੇ ਸਭ ਤੋਂ ਉੱਚੀ ਪਰਮ ਅਵਸਥਾ ਪ੍ਰਾਪਤ ਕੀਤੀ ਹੈ।

*ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ॥*

ਉਹ ਅੰਦਰ ਦੀ ਸਹਿਜ ਅਵਸਥਾ ਜਿਸਦੇ ਵਿਚ ਕੌੜਾਪਣ ਨਹੀਂ, ਜਿਸਦੇ ਵਿਚ ਮਿਠਾਸ ਹੀ ਮਿਠਾਸ ਹੈ। ਕਹਿੰਦੇ ਹਨ ਉਸ ਅਵਸਥਾ ਨੂੰ ਇਸ ਅਸਥਾਨ 'ਤੇ ਬੈਠਕੇ ਪ੍ਰਮਾਤਮਾ ਨੂੰ ਯਾਦ ਕਰਕੇ ਉਸ ਅਕਥ ਪ੍ਰਮਾਤਮਾ ਦੀ ਕਹਾਣੀ ਨੂੰ, ਨਾ-ਕਥੀ ਜਾਣ ਵਾਲੀ ਕਹਾਣੀ ਨੂੰ ਬਿਆਨ ਕੀਤਾ ਹੈ।

*ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ॥*

ਉਹ ਸੰਜੋਗ ਭਲਾ ਸੀ, ਉਹ ਮਹੂਰਤ ਭਲਾ ਸੀ, ਉਹ ਪੱਲ ਭਲੇ ਸਨ ਜਦੋਂ ਉਸ ਅਕਾਲ ਪੁਰਖ ਨੇ ਉਹ ਨੀਂਹ ਰਖਾਈ ਜਿਹੜੀ ਕਦੇ ਚਲਾਇਮਾਨ ਨਹੀਂ।

*ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ॥ ੧॥*

ਧੰਨ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਉਹ ਪਰੀਪੂਰਨ ਪ੍ਰਮਾਤਮਾ ਆਪ ਦਇਆਲੂ ਹੋਏ ਅਤੇ ਸਾਰੀਆਂ ਕਲਾਵਾਂ, ਸਾਰੀ ਸ਼ਕਤੀ, ਸਾਰੀ ਸਤ੍ਹਾ ਮੇਰੇ ਪਾਰਬ੍ਰਹਮ ਪ੍ਰਮੇਸ਼ਰ ਨੇ ਆਪ ਬਣਾਈਆਂ ਹਨ।

*ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮ ਮਨਿ ਵੂਠਾ ਰਾਮ॥*

ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਇਥੇ ਰੋਜ਼ਾਨਾ ਆਨੰਦ ਦੇ ਵਾਜੇ ਵੱਜਦੇ ਹਨ। ਅੰਦਰ ਖ਼ੁਸ਼ੀ ਦੇ ਵਾਜੇ ਵੱਜਦੇ ਹਨ ਤੇ ਜਿਹੜੇ ਟਿੱਕ ਕੇ ਪ੍ਰਮਾਤਮਾ ਦੀ ਭਗਤੀ ਵਿਚ ਜੁੜਦੇ ਹਨ, ਪਾਰਬ੍ਰਹਮ ਪ੍ਰਮੇਸ਼ਰ ਉਹਨਾਂ ਦੇ ਅੰਦਰ ਵੱਸ ਜਾਂਦਾ ਹੈ।

*ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਭੂਠਾ ਰਾਮ॥*

ਸਾਰੀ ਦਾ ਅਰਥ ਹੈ ਸੰਭਾਲ ਕਰਨੀ। ਗੁਰੂ ਜੀ ਦੇ ਸਨਮੁਖ ਰਹਿਣ ਵਾਲੇ ਜਿਹੜੇ ਜਗਿਆਸੂ ਹਨ, ਇਥੇ ਆ ਕੇ ਆਪਣੇ ਜੀਵਨ ਦੀ ਸੰਭਾਲ ਕਰਦੇ ਹਨ। ਉਹ ਪਾਰਬ੍ਰਹਮ ਪ੍ਰਮੇਸ਼ਰ ਜੀ ਦੀ ਕ੍ਰਿਪਾ ਨਾਲ ਜਦੋਂ ਕਰਣੀ ਵਾਲਾ ਜੀਵਨ ਸੰਭਾਲਦੇ ਹਨ ਤਾਂ ਅੰਦਰ ਦੇ ਭਰਮ-ਭੈਅ ਨਾਸ਼ ਹੋ ਜਾਂਦੇ ਹਨ।

*ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਮਨੁ ਤਨੁ ਹਰਿਆ॥*

ਅਨਹਦ ਦਾ ਅਰਥ ਹੈ ਇਕ ਰੱਸ, ਨਿਰੰਤਰ ਚੱਲਣ ਵਾਲੀ ਬਾਣੀ। ਗੁਰੂ ਜੀ ਦੇ ਸਨਮੁਖ ਰਹਿਣ ਵਾਲੀਆਂ ਜਿਹੜੀਆਂ ਰੂਹਾਂ ਹਨ, ਉਹ ਨਿਰੰਤਰ ਇਕ ਰੱਸ ਪ੍ਰਮਾਤਮਾ ਦੀ ਬਾਣੀ ਨੂੰ ਵਖਾਣਦੇ ਹਨ। ਫਿਰ ਉਸ ਬਾਣੀ ਦੀ ਕ੍ਰਿਪਾਲਤਾ ਨਾਲ ਅੰਦਰ ਦੇ ਸਾਰੇ ਦੁੱਖ ਦੂਰ ਹੁੰਦੇ ਹਨ।

*ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ॥*

ਸਾਰੇ ਸੁੱਖ ਉਸਨੂੰ ਪ੍ਰਾਪਤ ਹੋ ਗਏ ਜਿਸਨੂੰ ਪ੍ਰਮਾਤਮਾ ਨੇ ਆਪਣਾ ਬਣਾ ਲਿਆ ਹੈ।

*ਘਰ ਮਹਿ ਨਵਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ॥*

ਜਿਨ੍ਹਾਂ ਦੇ ਅੰਦਰ ਪ੍ਰਮਾਤਮਾ ਦੇ ਨਾਮ ਦਾ ਪਿਆਰ ਬਣ ਗਿਆ, ਉਹਨਾਂ ਦੇ ਹਿਰਦੇ ਘਰ ਵਿਚ ਇਸ ਅਸਥਾਨ ਤੋਂ ਨਾਮ ਦੇ ਖ਼ਜ਼ਾਨੇ ਮਿਲ ਗਏ।

*ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ॥ ੨॥*

ਜਿਸਦੇ ਭਾਗ ਪੂਰਨ ਹਨ, ਜਿਸ ਉੱਪਰ ਵਾਹਿਗੁਰੂ ਦੀ ਨਦਰ ਹੈ, ਉਸਨੂੰ ਕਦੀ ਵੀ ਪ੍ਰਮਾਤਮਾ ਦੀ ਯਾਦ ਵਿਸਰਦੀ ਨਹੀਂ।

*ਛਾਇਆ ਪ੍ਰਭਿ ਛਤ੍ਰਪਤਿ ਕੀਨੀ ਸਗਲੀ ਤਪਤਿ ਬਿਨਾਸੀ ਰਾਮ॥*

ਉਸ ਛੱਤਰਪਤੀ ਪ੍ਰਮਾਤਮਾ ਨੇ ਸਾਰੇ ਸੰਸਾਰ ਵਿਚ ਆਪਣੀ ਰੂਹਾਨੀਅਤ ਦੀ ਛਾਂ ਕੀਤੀ ਹੈ ਤੇ ਜਿਥੇ ਛਾਂ ਆ ਜਾਏ, ਉਥੇ ਧੁੱਪ ਦਾ ਅਸਰ ਨਹੀਂ ਪੈਂਦਾ।

*ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ॥*

ਦੁੱਖ ਦਾ, ਪਾਪਾਂ ਦਾ ਜਿਹੜਾ ਡੇਰਾ ਸੀ ਉਹ ਢਹਿ ਗਿਆ।

*ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ॥*

ਉਸ ਹਰੀ ਪ੍ਰਮਾਤਮਾ ਨੇ ਜਦੋਂ ਫੁਰਮਾਇਆ ਤਾਂ ਸੁਣਨ ਵਾਲਿਆਂ 'ਤੇ ਰਹਿਮਤਾਂ ਕੀਤੀਆਂ। ਗੁਰੂ ਜੀ ਨੇ ਕਿਹਾ ਕਿ ਜਿਨ੍ਹਾਂ ਨੂੰ ਬਲਾਵਾਂ ਲੱਗੀਆਂ ਸਨ ਵਿਸ਼ੇ-ਵਾਸ਼ਨਾਵਾਂ ਦੀਆਂ, ਮੇਰੇ ਪਿਆਰੇ ਵਾਹਿਗੁਰੂ ਜੀ ਨੇ ਫੁਰਮਾਇਆ ਅਤੇ ਆਪਣੇ ਨਾਮ ਦੀ ਦਾਤ ਦਿੱਤੀ ਤੇ ਸਾਰੀਆਂ ਬਲਾਵਾਂ ਖਹਿੜਾ ਛੱਡ ਗਈਆਂ।

*ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ॥*

ਇਹ ਜਿਹੜੀ ਰੂਹਾਨੀਅਤ ਹੈ, ਜਿਸਨੂੰ ਜਿੰਨਾ ਜਪੋਗੇ ਹੋਰ ਚਾਅ ਪੈਦਾ ਹੋਵੇਗਾ। ਹਜ਼ੂਰ ਕਹਿਣ ਲੱਗੇ ਕਿ ਇਹੋ ਜਿਹੇ ਸੁਆਮੀ ਨੂੰ ਸੁੱਤਿਆਂ, ਉੱਠਦਿਆਂ, ਬੈਠਦਿਆਂ, ਖਲੋਂਦਿਆਂ ਯਾਦ ਕਰੀਂ।

*ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ॥*

ਗੁਣਾਂ ਦਾ ਖ਼ਜ਼ਾਨਾ, ਅੰਦਰ ਦਾ ਸੁੱਖ ਦੇਣ ਵਾਲਾ ਮੇਰਾ ਵਾਹਿਗੁਰੂ ਪਾਣੀ ਵਿਚ, ਧਰਤੀ ਵਿਚ, ਪਤਾਲ ਵਿਚ, ਹਰ ਥਾਂ ਆਪ ਰਮਿਆ ਹੋਇਆ ਹੈ।

*ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰ ਨ ਕੋਈ॥ ੩॥*

ਦਾਸ ਨਾਨਕ ਉਸ ਪ੍ਰਮਾਤਮਾ ਦੀ ਸ਼ਰਨ ਵਿਚ ਗਿਆ, ਜਿਸ ਵਰਗਾ ਹੋਰ ਸੰਸਾਰ 'ਤੇ ਕੋਈ ਨਹੀਂ।



*ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ॥*

ਸੋਹਣਾ ਮੇਰਾ ਘਰ ਬਣ ਗਿਆ, ਸੋਹਣਾ ਬਾਗ਼ ਬਣ ਗਿਆ ਜਦੋਂ ਪਿਆਰੇ ਪ੍ਰਭੂ ਜੀ ਦੇ ਅੰਦਰ ਸਪਰਸ਼ਤਾ ਹੋਈ, ਉਹਨਾਂ ਦੀ ਆਪਣੀ ਰਹਿਮਤ ਭਰੀ ਨਦਰ ਨਾਲ।

*ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ॥*

ਮਨ ਸੋਹਿਆ ਬਣ ਗਿਆ। ਜਿਹੜੇ ਮਿੱਤਰ ਸਨ, ਸਾਰੇ ਰੱਸ ਨਾਲ ਭਰ ਗਏ। ਕਿਉਂਕਿ ਉਹਨਾਂ ਨੇ ਪ੍ਰਮਾਤਮਾ ਦੇ ਮੰਗਲਮਈ ਗੁਣ ਤੇ ਉਸਦੀ ਸਿਫ਼ਤ ਸਾਲਾਹ ਦਾ ਕੀਰਤਨ ਕੀਤਾ।

*ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ॥*

ਉਸ ਪਰੀਪੂਰਨ ਪ੍ਰਮਾਤਮਾ ਦੇ ਗੁਣ ਗਾਏ ਜਿਹੜਾ ਸੁੱਖਾਂ ਦਾ ਦਾਤਾ ਹੈ। ਗੁਣ ਗਾ ਗਾ ਕੇ ਜਿੰਨੀਆਂ ਮਨ ਦੀਆਂ ਇੱਛਾਵਾਂ ਸਨ, ਸਾਰੀਆਂ ਪੂਰੀਆਂ ਹੋ ਗਈਆਂ।

*ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ॥*

ਹਜ਼ੂਰ ਕਹਿਣ ਲੱਗੇ ਕਿ ਵੱਡੇ ਭਾਗਾਂ ਵਾਲਿਆਂ ਨੇ ਉਸ ਪਰੀਪੂਰਨ ਪ੍ਰਮਾਤਮਾ ਦੀ ਸਿਫ਼ਤ ਸਾਲਾਹ ਕੀਤੀ ਤੇ ਉਹਨਾਂ ਦੇ ਅੰਦਰ ਨੂੰ ਸਕੂਨ ਮਿਲਿਆ।

*ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ॥*

ਉਸ ਸੁੱਖਾਂ ਦੇ ਦਾਤੇ ਨੇ ਆਪਣੀ ਨਦਰ ਕੀਤੀ। ਲੋਕ ਵੀ ਸਵਾਰ ਦਿੱਤਾ ਤੇ ਪ੍ਰਲੋਕ ਵੀ ਸਵਾਰ ਦਿੱਤਾ।

*ਬਿਨਵੰਤਿ ਨਾਨਕ ਨਿਤ ਨਾਮੁ ਜਪੀਐ*
*ਜੀਉ ਪਿੰਡੁ ਜਿਨਿ ਧਾਰਿਆ॥ ੪॥ ੪॥ ੧॥*

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਗੁਰੂ ਅਰਜਨ ਸਾਹਿਬ ਕਹਿ ਰਹੇ ਹਨ ਕਿ ਰੋਜ਼ ਸਿਮਰਨ ਕਰ। ਜਿਸ ਪ੍ਰਮਾਤਮਾ ਨੇ ਤੈਨੂੰ ਜਿੰਦ ਦਿੱਤੀ, ਤੇਰੇ ਪਿੰਡ ਨੂੰ ਟਿਕਾਇਆ, ਤੇਰੇ ਸੁਆਸਾਂ ਨੂੰ ਟਿਕਾਇਆ, ਉਸਨੂੰ ਜੱਪ। ਸਤਿਗੁਰ ਰਹਿਮਤ ਕਰਨ। ਭੁੱਲਾਂ ਚੁੱਕਾਂ ਦੀ ਖਿਮਾ!

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

# ਗੁਰਮੁਖਿ ਬ੍ਰਹਮ ਬੀਚਾਰੁ

ਸਲੋਕੁ ਮ : ੩ ॥

*ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥*
*ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥*
*ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥*
*ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥*
*ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥*
*ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥*
*ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥ ੧ ॥*
*ਮ: ੧ ॥ ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥*
*ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥*
*ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥ ੨ ॥*
*ਪਉੜੀ ॥ ਇਹ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥*
*ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥*
*ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥*
*ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥*
*ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥ ੪ ॥*

(ਅੰਗ ੭੮੬) Vol-5

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਪਰਮ ਸਨਮਾਨ ਯੋਗ ਸ਼ਬਦ ਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਅੰਦਰ ਸੁਭਾਏਮਾਨ ਗੁਰੂ ਸਵਾਰੇ ਸਤਿਸੰਗੀ ਜਨੋਂ ! ਅੱਜ ਅੰਮ੍ਰਿਤ ਵੇਲੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੇ ਪ੍ਰਕਾਸ਼ਮਾਨ ਹੋ ਕੇ ਜੋ ਹੁਕਮ ਸਾਨੂੰ ਬਖ਼ਸ਼ਿਸ਼ ਕੀਤਾ ਹੈ,



ਇਸ ਰਾਗ ਸੂਹੀ ਦੇ ਅੰਦਰ ਤੀਜੇ ਗੁਰਦੇਵ ਧੰਨ ਗੁਰੂ ਅਮਰਦਾਸ ਜੀ ਦੇ ਪਾਵਨ ਪਵਿੱਤਰ ਮੁਖਾਰਬਿੰਦ ਤੋਂ ਉਚਾਰਨ ਕੀਤੇ ਹੋਈ ਵਾਰ ਦੀ ਚੌਥੀ ਪਉੜੀ ਅੱਜ ਹੁਕਮ ਵਜੋਂ ਗੁਰੂ ਜੀ ਨੇ ਸਾਨੂੰ ਬਖ਼ਸ਼ਿਸ਼ ਕੀਤੀ ਹੈ। ਇਸ ਪਉੜੀ ਦੇ ਨਾਲ ਦੋ ਸਲੋਕ ਹਨ। ਪਹਿਲਾ ਸਲੋਕ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ। ਦੂਜਾ ਸਲੋਕ ਧੰਨ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ ਅਤੇ ਪਉੜੀ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਵਾਰ ਦੀਆਂ ਕੁੱਲ 20 ਪਉੜੀਆਂ ਹਨ ਅਤੇ ਹਰ ਇਕ ਪਉੜੀ ਦੇ ਵਿਚ 5-5 ਤੁੱਕਾਂ ਹਨ। ਆਉ ਇਸ ਪਾਵਨ ਪਵਿੱਤਰ ਹੁਕਮਨਾਮੇ ਦੀ ਵਿਚਾਰ ਆਰੰਭ ਕਰੀਏ।

ਸਲੋਕੁ ਮ: ੩ ॥

*ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥*

ਇਸ ਪਾਵਨ ਪਵਿੱਤਰ ਹੁਕਮ ਦੀ ਪ੍ਰਾਰੰਭਤਾ ਤੀਸਰੇ ਗੁਰਦੇਵ ਜੀ ਦੇ ਉਚਾਰਨ ਕੀਤੇ ਹੋਏ ਸਲੋਕ ਤੋਂ ਹੁੰਦੀ ਹੈ। ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਇਸ ਸਲੋਕ ਦੀ ਪ੍ਰਾਰੰਭਤਾ ਵਿਚ ਇਹ ਕ੍ਰਿਪਾ ਕਰਕੇ ਸਾਨੂੰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਇਕ ਉਹ ਜੀਵ-ਇਸਤਰੀ ਹੈ, ਜਿਸਨੇ ਆਪਣੇ ਪਤੀ ਪ੍ਰਮਾਤਮਾ ਵਾਹਿਗੁਰੂ ਨੂੰ ਛੱਡ ਦਿੱਤਾ ਹੈ ਅਤੇ ਉਸਦੇ ਪਿਆਰ ਨੂੰ ਤਿਆਗ ਕੇ ਪਰ-ਪੁਰਖ ਦੇ ਦੂਜੇ ਭਾਵ ਵਿਚ ਉਹ ਖਚਤ ਹੋ ਗਈ ਤੇ ਜਿਸਨੇ ਆਪਣੇ ਪਰੀਪੂਰਨ ਪ੍ਰਮਾਤਮਾ ਦੇ ਪਿਆਰ ਨੂੰ ਤਿਆਗ ਕੇ ਦੂਜੇ ਭਾਵ ਦੇ ਵਿਚ ਆਪਣੇ ਆਪ ਨੂੰ ਗਲਤਾਨ ਕਰ ਲਿਆ। ਉਹ ਜਿੰਨੇ ਮਰਜ਼ੀ ਚਮਕ ਦਮਕ ਵਾਲੇ ਬਸਤਰ ਪਾਵੇ, ਉਸਦਾ ਰੰਗ ਸੂਹਾ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਇਹ ਮਨਮੁਖ ਬਿਰਤੀ ਵਾਲਾ ਇਨਸਾਨ ਪ੍ਰਮਾਤਮਾ ਨੂੰ ਛੱਡਕੇ ਦੁਨੀਆਂ ਦੇ ਚਮਕ ਦਮਕ ਵਿਚ ਖਚਤ ਹੋ ਗਿਆ ਤੇ ਆਪਣੇ ਅੰਦਰ ਨੂੰ ਦੂਜੇ ਭਾਵ ਵਿਚ ਖਚਤ ਕਰ ਲਿਆ। ਉਸਦਾ ਲਿਬਾਸ ਮੈਲਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਗੁਰਬਾਣੀ ਦੇ ਅੰਦਰ ਸਤਿਗੁਰੂ ਜੀ ਨੇ ਕਿਤੇ ਤਾਂ ਪ੍ਰਮਾਤਮਾ ਦੀ ਬੰਦਗੀ ਕਰਨ ਵਾਲੀ, ਭਿੱਜੀ ਹੋਈ ਆਤਮਾ ਲਈ ਸ਼ਬਦ ਵਰਤੇ ਹਨ ਸੰਤ ਤੇ ਜਿਹੜੇ ਪ੍ਰਮਾਤਮਾ ਦੇ ਦਰ 'ਤੇ ਡਿੱਗੇ ਹਨ, ਉਹਨਾਂ ਲਈ ਸ਼ਬਦ ਵਰਤੇ ਹਨ ਸਾਕਤ। ਜੋ ਗੁਰੂ ਦੇ ਸਨਮੁਖ ਆਪਣੀ ਜ਼ਿੰਦਗੀ ਬਤੀਤ ਕਰਦੇ ਹਨ, ਉਹਨਾਂ ਲਈ ਸਤਿਗੁਰੂ ਨੇ ਸ਼ਬਦ ਵਰਤੇ ਹਨ ਸਨਮੁਖ ਤੇ ਜਿਹੜੇ ਗੁਰੂ ਵੱਲ ਪਿੱਠ ਦੇ ਕੇ ਆਪ-ਹੁਦਰਾਪਣ ਕਰਦੇ ਹਨ ਉਹਨਾਂ ਲਈ ਗੁਰੂ ਜੀ ਨੇ ਸ਼ਬਦ ਵਰਤੇ ਹਨ ਬੇਮੁਖ। ਜਿਨ੍ਹਾਂ ਦੇ ਮੁਖ ਵਿਚ ਗੁਰੂ ਹੈ ਤੇ ਜਿਹੜੇ ਗੁਰੂ ਨੂੰ ਮੁੱਖ ਰੱਖਕੇ ਤੁਰਦੇ ਹਨ, ਉਹਨਾਂ ਲਈ ਗੁਰੂ ਜੀ ਨੇ ਸ਼ਬਦ ਵਰਤੇ ਹਨ ਗੁਰਮੁਖ। ਜਿਹੜੇ ਸਾਰੀ ਜ਼ਿੰਦਗੀ ਗੁਰੂ ਨੂੰ ਆਪਣੇ ਮੁਖ ਵਿਚ ਰੱਖਣ ਦੀ ਥਾਂ ਆਪਣੇ ਮਨ ਦੀਆਂ ਭੈੜੀਆਂ ਬਿਰਤੀਆਂ ਨੂੰ ਮੁੱਖ ਰੱਖਕੇ ਤੁਰਦੇ ਹਨ, ਉਹਨਾਂ ਲਈ ਗੁਰੂ ਜੀ ਨੇ ਸ਼ਬਦ ਵਰਤੇ ਹਨ ਮਨਮੁਖ। ਜਿੱਥੇ ਸੰਤ ਹੈ ਉਥੇ ਨਾਲ ਸ਼ਬਦ ਸਾਕਤ ਹੈ। ਜਿੱਥੇ ਸਨਮੁਖ ਹੈ ਉਥੇ ਸ਼ਬਦ

ਬੇਮੁਖ ਹੈ। ਜਿੱਥੇ ਗੁਰਮੁਖ ਹੈ ਉਸਦੇ ਬਿਪਰੀਤ ਮਨਮੁਖ ਹੈ। ਇਸੇ ਤਰ੍ਹਾਂ ਜਿੱਥੇ ਗੁਰੂ ਜੀ ਨੇ ਸੁਹਾਗਣ ਦੀ ਗੱਲ ਕੀਤੀ ਹੈ, ਉਥੇ ਨਾਲ ਦੁਹਾਗਣ ਦੀ ਗੱਲ ਵੀ ਕੀਤੀ ਹੈ, ਕਿਉਂਕਿ ਅੱਜ ਦੇ ਸ਼ਬਦ ਦੇ ਦੋ ਸਲੋਕ ਜਿਹੜੇ ਹਨ, ਉਹ ਸੁਹਾਗਣ ਤੇ ਦੁਹਾਗਣ ਦੇ ਜੀਵਨ ਨੂੰ ਨਰੂਪਣ ਕਰਦੇ ਹਨ। ਬਾਣੀ ਵਿਚ ਹਜ਼ੂਰ ਨੇ ਉਦਾਹਰਨਾਂ ਉਹ ਲਈਆਂ ਹਨ ਜਿਹੜੀਆਂ ਅਸੀਂ ਆਪਣੇ ਘਰਾਂ ਵਿਚ ਜਾਂ ਰੋਜ਼ ਆਪਣੀ ਜ਼ਿੰਦਗੀ ਵਿਚ ਦੇਖਦੇ ਹਾਂ।

ਸੁਹਾਗਣ ਤੇ ਦੁਹਾਗਣ ਸਾਡੇ ਸਮਾਜ ਨਾਲ ਜੁੜੇ ਹੋਏ ਦੋ ਸ਼ਬਦ ਹਨ ਤੇ ਇਹ ਦੋ ਇਸਤਰੀਆਂ ਦੇ ਵੱਖ-ਵੱਖ ਜੀਵਨ ਦੀ ਵਿਆਖਿਆ ਕਰਦੇ ਹਨ। ਸੁਹਾਗਣ ਸ਼ਬਦ ਦਾ ਅੱਖਰੀ ਅਰਥ ਹੈ ਸੋਹਣੇ ਭਾਗਾਂ ਵਾਲੀ। ਜੇ ਹੋਰ ਇਸ ਦਾ ਅਰਥ ਭਾਵ-ਪੂਰਕ ਕਰਨਾ ਹੋਵੇ ਤਾਂ ਸੁਹਾਗਣ ਦਾ ਅਰਥ ਹੈ ਕਿ ਜਿਸਦਾ ਪਤੀ ਜ਼ਿੰਦਾ ਹੈ। ਦੁਹਾਗਣ ਦਾ ਅਰਥ ਹੈ ਮੰਦੇ ਭਾਗਾਂ ਵਾਲੀ। ਦੁਹਾਗਣ ਦਾ ਅਰਥ ਅਸੀਂ ਇਹ ਵੀ ਕਰਾਂਗੇ। ਬਾਣੀ ਵਿਚ ਰੰਗ ਸ਼ਬਦ ਆਇਆ ਹੈ, ਵਿਧਵਾ ਸ਼ਬਦ ਵੀ ਆਇਆ ਹੈ। ਦੁਹਾਗਣ ਤੇ ਵਿਧਵਾ ਵਿਚ ਥੋੜਾ ਜਿਹਾ ਅੰਤਰ ਹੈ। ਵਿਧਵਾ ਦਾ ਅਰਥ ਹੈ ਜਿਸਦਾ ਪਤੀ ਸੰਸਾਰ ਤੋਂ ਕੂਚ ਕਰ ਚੁੱਕਾ ਹੈ। ਦੁਹਾਗਣ ਦਾ ਅਰਥ ਹੈ ਜਿਸਦਾ ਪਤੀ ਤਾਂ ਜੀਊਂਦਾ ਹੈ ਪਰ ਆਪਣੇ ਪਤੀ ਨੂੰ ਛੱਡਕੇ ਦੂਜੇ ਪੁਰਖ ਨਾਲ ਅੰਦਰ ਦਾ ਨੇਹ ਪਾ ਲਿਆ ਹੈ।

ਧੰਨ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਨੇ ਇਸਦੀ ਵਿਆਖਿਆ ਮਨੁੱਖ ਦੇ ਆਤਮਕ ਜੀਵਨ ਨੂੰ ਸਾਹਮਣੇ ਰੱਖਕੇ ਕੀਤੀ ਹੈ। ਸੁਹਾਗਣ ਜੋ ਸਾਈਂ 'ਤੇ ਭਰੋਸਾ ਕਰਕੇ ਜੀਊਂਦੀ ਹੈ ਤੇ ਜੋ ਕੁਝ ਉਸਦੇ ਮਾਲਕ ਨੇ ਉਸਨੂੰ ਕਹਿ ਦਿੱਤਾ, ਆਪਣੀ ਜ਼ਿੰਦਗੀ ਵਿਚ ਉਸੇ ਲਿਬਾਸ ਨੂੰ, ਉਸੇ ਹੁਕਮ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਕੇ ਤੁਰ ਪਈ। ਦੁਹਾਗਣ, ਜਿਸਨੇ ਆਪਣੀ ਮਰਜ਼ੀ ਦੇ ਤਨ 'ਤੇ ਕੱਪੜੇ ਪਾਏ, ਜਿਸਨੇ ਪਤੀ ਦੇ ਬਚਨਾਂ ਦੀ ਪ੍ਰਵਾਹ ਨਾ ਕੀਤੀ, ਜਿਸਨੇ ਆਪਣੇ ਮਾਲਕ ਦੇ ਹੁੰਦਿਆਂ ਆਪਣਾ ਅੰਦਰ ਕਿਸੇ ਹੋਰ ਨੂੰ ਦੇ ਦਿੱਤਾ, ਉਸਨੂੰ ਕਿਹਾ ਗਿਆ ਹੈ ਦੁਹਾਗਣ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਆਤਮਕ ਪੱਧਰ 'ਤੇ ਸੁਹਾਗਣ ਉਸਨੂੰ ਮੰਨਿਆ ਹੈ ਜਿਸਨੇ ਆਪਣਾ ਲਿਬਾਸ, ਆਪਣੇ ਕਰਮ ਆਪਣੇ ਸਤਿਗੁਰ ਦੇ ਦਿੱਤੇ ਹੋਏ ਹੁਕਮ ਅਨੁਸਾਰ ਬਣਾ ਲਏ ਹਨ। ਸੁਹਾਗਣ ਉਹ ਹੈ ਜਿਸਦੇ ਸਿਰ ਉੱਪਰ ਪਾਰਬ੍ਰਹਮ ਵਾਹਿਗੁਰੂ ਜੀ ਕਾਇਮ ਹਨ ਤੇ ਜਿਸਨੇ ਆਪਣੀ ਸਾਰੀ ਜ਼ਿੰਦਗੀ ਉਸ ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਆਪਣੇ ਅੰਦਰ ਥਾਂ ਨਹੀਂ ਦਿੱਤੀ। ਦੁਹਾਗਣ ਕਿ ਜਿਹੜਾ ਪ੍ਰਮਾਤਮਾ ਦੀ ਗੱਲ ਕਰੇ ਕਿ ਮੈਂ ਰੱਬ ਨੂੰ ਮੰਨਦਾ ਹਾਂ ਤੇ ਦੂਜੇ ਪਾਸੇ ਵਾਹਿਗੁਰੂ 'ਤੇ ਯਕੀਨ ਨਾ ਬਣਾ ਕੇ ਕਿਸੇ ਦੂਜੇ ਭਾਵ ਵਿਚ ਮਾਇਆ ਵਿਚ ਖਚਤ ਹੋ ਜਾਏ, ਇਕ ਪਾਰਬ੍ਰਹਮ ਪ੍ਰਮੇਸ਼ਰ ਨੂੰ ਤਿਆਗ ਕੇ ਜਿਹੜਾ ਸੰਸਾਰ ਦੇ ਪਾਖੰਡੀਆਂ ਪਿੱਛੇ ਤੁਰ ਪਏ, ਸਤਿਗੁਰੂ ਕਹਿੰਦੇ ਹਨ ਕਿ ਉਹ ਦੁਹਾਗਣ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪਹਿਲਾ ਪੱਖ ਅਸੀਂ ਲੈਣਾ ਹੈ ਸੁਹਾਗਣ ਦਾ। ਗੁਰੂ



ਗ੍ਰੰਥ ਸਾਹਿਬ ਦੀ ਬਾਣੀ ਮੁਤਾਬਿਕ ਸੁਹਾਗਣ ਕੌਣ ਹੈ? ਹਜ਼ੂਰ ਨੇ ਦੋ ਤੁੱਕਾਂ ਵਿਚ ਸੁਹਾਗਣ ਦੇ ਜੀਵਨ ਦੀ ਵਿਆਖਿਆ ਕੀਤੀ ਹੈ-

*ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ*

ਚਿਹਨੁ ਦਾ ਅਰਥ ਹੈ ਲੱਛਣ ਕਿ ਸੁਹਾਗਣ ਦੇ ਲੱਛਣ ਕੀ ਹਨ? ਗੁਰੂ ਜੀ ਨੇ ਫ਼ੁਰਮਾਇਆ ਅੰਦਰ ਸਚ। ਸੁਹਾਗਣ ਉਹ ਹੈ ਜਿਸਦੇ ਅੰਦਰ ਸੱਚੇ ਪ੍ਰਮਾਤਮਾ ਦਾ ਨਾਮ ਟਿੱਕ ਗਿਆ। ਜਿਸਦੇ ਅੰਦਰ ਝੂਠ ਨਹੀਂ, ਪਾਖੰਡ ਨਹੀਂ।

*ਅੰਦਰਿ ਸਚੁ ਮੁਖੁ ਉਜਲਾ*

ਜਿਸਦੇ ਅੰਦਰ ਪ੍ਰਮਾਤਮਾ ਦਾ ਨਾਮ ਤੇ ਉਸਦੇ ਮੁਖ ਉੱਪਰ ਉਜਲਾਪਣ ਹੈ, ਉਸਦੇ ਮੁਖ 'ਤੇ ਮੈਲਾਪਣ ਨਹੀਂ।

*ਖਸਮੈ ਮਾਹਿ ਸਮਾਇ॥*

(ਅੰਗ ੭੮੫)

ਸੁਹਾਗਣ ਉਹ ਹੈ ਜਿਹੜੀ ਆਪਣੇ ਜੀਉਂਦੇ ਜੀਅ ਖਸਮ ਵਿਚ ਸਮਾ ਗਈ। ਹਜ਼ੂਰ ਨੇ ਸੁਹਾਗਣ ਦੀ ਗੱਲ ਕਰਦਿਆਂ, ਕੰਤ ਤੇ ਕਾਮਣਿ ਦੀ ਗੱਲ ਕਰਦਿਆਂ, ਪਤੀ ਤੇ ਪਤਨੀ ਦੀ ਗੱਲ ਕਰਦਿਆਂ ਕਿਹਾ ਕਿ ਕੰਤ ਤੇ ਸੁਹਾਗਣ ਉਹ ਨਹੀਂ ਜਿਹੜੇ ਇਕ ਘਰ ਦੇ ਵਿਚ ਰਹਿੰਦੇ ਹਨ। ਪਤੀ ਤੇ ਪਤਨੀ ਉਹ ਨਹੀਂ ਕੇਵਲ ਜਿਹੜੇ ਇਕ ਚੌਂਕੇ ਵਿਚ ਬੈਠਕੇ ਭੋਜਨ ਛੱਕਦੇ ਹਨ। ਕੰਤ ਤੇ ਕਾਮਣ ਕੇਵਲ ਉਹ ਨਹੀਂ ਜਿਹੜੇ ਇਕ ਮਕਾਨ ਦੀ ਛੱਤ ਥੱਲੇ ਰਹਿੰਦੇ ਹਨ, ਅਸਲ ਵਿਚ ਪਤੀ ਤੇ ਪਤਨੀ, ਕੰਤ ਤੇ ਕਾਮਣ ਦੀ ਪਰਿਭਾਸ਼ਾ ਇਹ ਹੈ ਕਿ ਜਿਹੜੇ ਦੇਖਣ ਨੂੰ ਸਰੀਰਕ ਤੋਰ 'ਤੇ ਦੋ ਲੱਗਣ ਪਰ ਆਤਮਕ ਪੱਧਰ 'ਤੇ ਦੋਨਾਂ ਦੀ ਜੋਤ ਇਕ ਹੋਵੇ। ਸਰੀਰ ਦੋ ਹੋਣ ਪਰ ਅੰਦਰ ਦੀਆਂ ਵਿਚਾਰਧਰਾਵਾਂ ਦੋ ਨਾ ਹੋਣ। ਸਿੱਖ ਤੇ ਗੁਰੂ ਕੇਵਲ ਇਹ ਨਹੀਂ ਕਿ ਜਿਹੜੇ ਇਕੱਠੇ ਬੈਠ ਗਏ, ਪ੍ਰਮਾਤਮਾ ਤੇ ਪ੍ਰਮਾਤਮਾ ਦਾ ਚੇਲਾ ਇਹ ਨਹੀਂ ਕਿ ਜਿਹੜੇ ਇਕੱਠੇ ਬੈਠ ਗਏ, ਪਤੀ ਤੇ ਪਤਨੀ ਸਰੀਰਕ ਤੌਰ 'ਤੇ ਦੋ ਹਨ ਪਰ ਆਤਮਕ ਤੋਰ 'ਤੇ ਇਕ ਹਨ, ਇਸੇ ਤਰ੍ਹਾਂ ਗੁਰੂ ਦਾ ਸਿੱਖ ਤੇ ਗੁਰੂ ਦੇਖਣ ਨੂੰ ਕਈ ਵਾਰੀ ਦੋ ਪ੍ਰਤੀਤ ਹੁੰਦੇ ਹਨ ਪਰ ਆਤਮਕ ਜੋਤ ਦੇ ਪੱਧਰ 'ਤੇ ਦੋਨੋਂ ਇਕ ਹਨ।

ਹਜ਼ੂਰ ਬਾਣੀ ਵਿਚ ਸੁਹਾਗਣ ਦੇ ਚਿੰਨ੍ਹ ਦੱਸਦੇ ਹਨ ਕਿ ਉਸਨੇ ਆਪਣਾ ਆਪਾ ਕਿਵੇਂ ਮਾਲਕ ਨੂੰ ਸਮਰਪਿਤ ਕਰ ਦਿੱਤਾ। ਸੁਹਾਗਣ ਆਪਾ ਕਦੀ ਵੀ ਲੁਕਾ ਕੇ ਨਹੀਂ ਰੱਖਦੀ। ਜਿਹੜਾ ਪ੍ਰਮਾਤਮਾ ਦੇ ਚਰਨਾਂ ਵਿਚ ਜੁੜਿਆ ਹੋਇਆ ਮੁਰੀਦ ਹੈ, ਉਹ ਕਦੀ ਆਪਣੇ ਅੰਦਰ ਦਾ ਭੇਦ ਆਪਣੇ ਪ੍ਰਮਾਤਮਾ ਕੋਲੋਂ ਲੁਕਾ ਕੇ ਨਹੀਂ ਰੱਖਦਾ। ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਹੈ-

*ਮੈ ਕਾਮਣਿ ਮੇਰਾ ਕੰਤੁ ਕਰਤਾਰ॥*

ਕਹਿੰਦੇ ਮੈਂ ਆਪਣੇ ਵਾਹਿਗੁਰੂ ਜੀ ਦੀ ਕਾਮਣੀ ਹਾਂ ਤੇ ਉਸਦੀ ਸੁਹਾਗਣ ਹਾਂ। ਮੇਰਾ ਕੰਤ ਕਰਤਾਰ ਵਾਹਿਗੁਰੂ ਹੈ।

*ਜੇਹਾ ਕਰਾਏ ਤੇਹਾ ਕਰੀ ਸੀਗਾਰੁ॥ ੧॥*

ਜਿਹੋ ਜਿਹਾ ਮੇਰੇ ਕੰਤ ਨੂੰ ਸ਼ਿੰਗਾਰ ਚੰਗਾ ਲੱਗਦਾ ਹੈ, ਮੈਂ ਉਸੇ ਸ਼ਿੰਗਾਰ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਹੈ।

*ਜਾਂ ਤਿਸੁ ਭਾਵੈ ਤਾਂ ਕਰੇ ਭੋਗੁ॥*
*ਤਨੁ ਮਨੁ ਸਾਚੇ ਸਾਹਿਬ ਜੋਗੁ॥*

(ਅੰਗ ੧੧੨੮)

ਮੇਰਾ ਸਰੀਰ, ਮੇਰਾ ਅੰਦਰ ਮੇਰੇ ਪਿਆਰੇ ਵਾਹਿਗੁਰੂ ਜੀ ਦਾ ਹੈ ਤੇ ਜਿਹੋ ਜਿਹਾ ਮੇਰਾ ਸ਼ਿੰਗਾਰ ਕਰਦਾ ਹੈ, ਮੈਂ ਉਹੋ ਜਿਹੇ ਸ਼ਿੰਗਾਰ ਨੂੰ ਪ੍ਰਵਾਨ ਕੀਤਾ ਹੈ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਬਾਬਾ ਨਾਮਦੇਵ ਜੀ ਦਾ ਸ਼ਬਦ ਹੈ। ਕਹਿੰਦੇ ਹਨ ਕਿ ਜਦੋਂ ਪਤੀ ਨੂੰ ਜਿਹੜਾ ਬਸਤਰ ਚੰਗਾ ਲੱਗੇ ਤੇ ਪਤਨੀ ਦਾ ਫ਼ਰਜ਼ ਬਣਦਾ ਹੈ ਉਸੇ ਬਸਤਰ ਨੂੰ ਪਹਿਨੇ। ਜਿਹੜਾ ਸ਼ਿੰਗਾਰ ਉਸਦੇ ਸੁਆਮੀ ਨੂੰ ਚੰਗਾ ਲੱਗੇ, ਉਸੇ ਸ਼ਿੰਗਾਰ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਏ। ਦੇਖ ਭੈਣੇ ! ਜੇ ਪ੍ਰਮਾਤਮਾ ਪਤੀ ਨੂੰ ਤੇਰਾ ਸ਼ਿੰਗਾਰ ਚੰਗਾ ਲੱਗਦਾ ਹੈ ਨਾਮ ਦਾ, ਸਿਮਰਨ ਦਾ, ਸੇਵਾ ਦਾ, ਫਿਰ ਦੁਨੀਆਂ ਦੇ ਲੋਕਾਂ ਦੀ ਪ੍ਰਵਾਹ ਨਾ ਕਰੀਂ। ਪ੍ਰਮਾਤਮਾ ਪਤੀ ਨੂੰ ਰੀਝਾਉਣ ਲਈ ਸ਼ਿੰਗਾਰ ਕਰੀਂ, ਸੰਸਾਰ ਨੂੰ ਰੀਝਾਉਣ ਲਈ ਨਹੀਂ। ਕਈ ਵਾਰ ਹੁੰਦਾ ਹੈ ਕਿ ਆਪਣੇ ਪ੍ਰਮਾਤਮਾ ਨੂੰ ਰੀਝਾਉਣ ਲਈ ਜੀਵ-ਇਸਤਰੀ ਆਪਣੇ ਤਨ 'ਤੇ ਬੰਦਗੀ ਦਾ, ਨਾਮ ਦਾ ਸ਼ਿੰਗਾਰ ਕਰਦੀ ਹੈ ਤਾਂ ਦੁਨੀਆਂਦਾਰ ਲੋਕ ਉਸਦੇ ਅੰਦਰ ਨੂੰ ਸਮਝਦੇ ਨਹੀਂ। ਉਸਦੀ ਨਿੰਦਿਆ ਕਰਨਗੇ, ਉਸਦੀ ਥਾਂ-ਥਾਂ 'ਤੇ ਬਦਨਾਮੀ ਕਰਨਗੇ। ਪਰ ਜਿਸ ਨੇ ਪਿਆਰੇ ਪਤੀ ਨੂੰ ਰੀਝਾਉਣਾ ਹੈ, ਉਹ ਪਤੀ ਨੂੰ ਸਨਮੁੱਖ ਰੱਖਕੇ ਤੁਰਦੀ ਹੈ, ਸੰਸਾਰ ਦੀਆਂ ਗੱਲਾਂ ਦੀ ਕਦੀ ਪ੍ਰਵਾਹ ਨਹੀਂ ਕਰਦੀ। ਭਗਤ ਨਾਮਦੇਵ ਜੀ ਦਾ ਸ਼ਬਦ ਹੈ-

*ਮੈ ਬਉਰੀ ਮੇਰਾ ਨਾਮੁ ਭਤਾਰੁ॥*

ਇਹ ਸੁਹਾਗਣ ਦੇ ਚਿੰਨ੍ਹ ਹਨ। ਕਹਿੰਦੇ ਹਨ ਕਿ ਮੈਨੂੰ ਲੋਕ ਕਮਲੀ ਕਹਿ ਲੈਣ ਪਰ ਮੇਰਾ ਕੰਤ ਵਾਹਿਗੁਰੂ ਹੈ।

*ਰਚਿ ਰਚਿ ਤਾ ਕਉ ਕਰਉ ਸਿੰਗਾਰੁ॥ ੧॥*

ਮੈਂ ਆਪਣੇ ਤਨ 'ਤੇ ਸ਼ਿੰਗਾਰ ਦੁਨੀਆਂ ਨੂੰ ਦਿਖਾਉਣ ਲਈ ਨਹੀਂ, ਮੈਂ ਆਪਣੇ ਤਨ 'ਤੇ ਸ਼ਿੰਗਾਰ ਕਰਦੀ ਹਾਂ ਆਪਣੇ ਪ੍ਰਮਾਤਮਾ ਵਾਹਿਗੁਰੂ ਨੂੰ ਖ਼ੁਸ਼ ਕਰਨ ਲਈ।



*ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ॥*

(ਅੰਗ ੧੧੬੪)

ਲੋਕੋ, ਤੁਸੀਂ ਮੇਰੇ ਸ਼ਿੰਗਾਰ ਨੂੰ ਦੇਖਕੇ ਨਿੰਦਾ ਕਰਦੇ ਹੋ, ਤੁਸੀਂ ਮੇਰੇ ਤਨ ਨੂੰ ਦੇਖਕੇ ਮੇਰੀ ਬਦਨਾਮੀ ਕਰਦੇ ਹੋ, ਜੀ ਸਦਕੇ ਪਰ ਮੈਂ ਆਪਣਾ ਤਨ ਤੇ ਮਨ ਵਾਹਿਗੁਰੂ ਨੂੰ ਦੇ ਚੁੱਕੀ ਹਾਂ ਤੇ ਇਸ ਤਨ ਤੇ ਮਨ 'ਤੇ ਸ਼ਿੰਗਾਰ ਕੇਵਲ ਜੋ ਵਾਹਿਗੁਰੂ ਨੂੰ ਭਾਉਂਦਾ ਹੈ, ਉਹੀ ਕੀਤਾ ਜਾਏਗਾ, ਜੋ ਸੰਸਾਰ ਨੂੰ ਭਾਉਂਦਾ ਹੈ, ਉਹ ਨਹੀਂ।

*ਤਨੁ ਮਨੁ ਰਾਮ ਪਿਆਰੇ ਜੋਗੁ॥ ੧॥ ਰਹਾਉ॥*
*ਬਾਦੁ ਬਿਬਾਦੁ ਕਹੂ ਸਿਉ ਨ ਕੀਜੈ॥*

ਜੇ ਆਪਣੇ ਸਾਈਂ ਨੂੰ ਖ਼ੁਸ਼ ਕਰਨਾ ਹੈ ਤਾਂ ਕੀ ਲੋੜ ਹੈ ਦੁਨੀਆਂ ਦੇ ਝਗੜੇ ਵਿਚ ਪੈਣ ਦੀ। ਜੇ ਤੇਰੇ ਤਨ ਦੇ ਸ਼ਿੰਗਾਰ ਨੂੰ ਦੇਖਕੇ ਦੁਨੀਆਂ ਖ਼ੁਸ਼ ਨਹੀਂ ਹੁੰਦੀ ਤਾਂ ਕੀ ਲੋੜ ਹੈ ਇਹਨਾਂ ਲੋਕਾਂ ਨੂੰ ਖ਼ੁਸ਼ ਕਰਨ ਦੀ। ਆਪਣੇ ਵਾਹਿਗੁਰੂ ਜੀ ਦੇ ਨਾਮ ਰੱਸ ਦੇ ਪਿਆਲੇ ਨੂੰ ਚੁੱਪ ਕਰਕੇ ਪੀ ਲੈ।

*ਰਸਨਾ ਰਾਮ ਰਸਾਇਨੁ ਪੀਜੈ॥*

(ਅੰਗ ੧੧੬੪)

ਤੀਸਰੀ ਬੇਨਤੀ, ਧੰਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁਤਾਬਿਕ ਜਿਵੇਂ ਸੰਸਾਰੀ ਤੌਰ 'ਤੇ ਜਿਹੜੀ ਸੁਹਾਗਣ ਪਤੀਵਰਤਾ ਇਸਤਰੀ ਹੈ, ਉਹ ਕਦੀ ਆਪਣੇ ਸੁਆਮੀ ਨੂੰ ਕੋਈ ਉਲਾਹਮਾ ਨਹੀਂ ਦਿੰਦੀ। ਜਿਹੜੀ ਪਤੀ ਨੂੰ ਅੰਦਰੋਂ ਪਿਆਰ ਨਹੀਂ ਕਰਦੀ, ਕਈ ਵਾਰੀ ਉਹ ਪਤੀ ਦੀ ਕੀਤੀ ਹੋਈ 'ਤੇ ਉਲਾਹਮਾ ਦੇਣ ਲੱਗ ਪਏਗੀ। ਇਥੇ ਮੈਂ ਉਦਾਹਰਨ ਦੇਣੀ ਚਾਹੁੰਦਾ ਹਾਂ। ਇਹ ਗੁਰੂ ਇਤਿਹਾਸ ਨਾਲ ਸਬੰਧਿਤ ਹੈ।

ਜਿਸ ਪਾਵਨ ਪਵਿੱਤਰ ਨਗਰੀ ਦੇ ਆਪ ਵਸਨੀਕ ਹੋ। ਧੰਨ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਜੀ ਨੇ ਇਥੇ ਆਪਣੀ ਬੱਚੀ ਬੀਬੀ ਵੀਰੋ ਦਾ ਵਿਆਹ ਵਾਲਾ ਦਿਨ ਮੁੱਕਰਰ ਕੀਤਾ। ਉੱਧਰ ਅੰਮ੍ਰਿਤਸਰ ਦੀ ਧਰਤੀ 'ਤੇ ਜੋ ਪਹਿਲੀ ਜੰਗ ਹੋਈ, ਉਸਦੇ ਬੱਦਲ ਅਕਾਸ਼ ਵਿਚ ਮੰਡਰਾਉਣ ਲੱਗੇ। ਹਜ਼ੂਰ ਨੇ ਇਸ ਪਾਵਨ ਪਵਿੱਤਰ ਨਗਰੀ ਤੋਂ ਬਾਹਰ ਜਾ ਕੇ ਜੰਗ ਲੜਿਆ ਪਰ ਆਪਣੇ ਪਰਿਵਾਰ ਨੂੰ ਤੇ ਆਪਣੀ ਬੱਚੀ ਵੀਰੋ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਤੋਂ ਹਜ਼ੂਰ ਨੇ ਬਾਹਰ ਭੇਜ ਦਿੱਤਾ। ਇਥੇ ਵਿਆਹ ਹੋਇਆ ਹੈ। ਸੱਚੇ ਪਾਤਿਸ਼ਾਹ ਜੀ ਨੇ ਇਸ ਜੰਗ ਨੂੰ ਜਿੱਤਣ ਤੋਂ ਬਾਅਦ ਜਦੋਂ ਆਪਣੀ ਬੱਚੀ ਵੀਰੋ ਦੇ ਫੇਰੇ ਕੀਤੇ ਹਨ ਤੇ ਡੋਲੀ ਤੁਰਨ ਵੇਲੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਨੇ ਤੇ ਸਤਿਕਾਰ ਯੋਗ ਬੀਬੀ ਦਮੋਦਰੀ ਜੀ ਨੇ ਆਪਣੀ ਧੀ ਨੂੰ ਜੋ ਉਪਦੇਸ਼ ਦਿੱਤਾ, ਉਸਨੂੰ ਇਤਿਹਾਸ ਵਿਚ ਗੁਰੂ ਬਿਲਾਸ ਪਾਤਿਸ਼ਾਹੀ ਛੇਵੀਂ ਵਿਚ ਦਰਜ ਕੀਤਾ ਗਿਆ ਹੈ। ਗੁਰੂ ਜੀ ਨੇ ਬੀਬੀ ਵੀਰੋ ਦੇ ਸਿਰ 'ਤੇ ਹੱਥ ਰੱਖ ਕੇ ਪਿਆਰ

ਕੀਤਾ ਤੇ ਨਾਲ ਸ਼ਬਦ ਬੜੇ ਸੋਹਣੇ ਕਹੇ - ਵੇਖ ਮੇਰੀ ਬੇਟੀ ! ਤੂੰ ਮੇਰੇ ਅੰਦਰ ਦਾ ਟੁੱਕੜਾ ਹੈਂ। ਮੈਂ ਤੈਨੂੰ ਆਪਣੇ ਹੱਥੀਂ ਡੋਲੀ ਵਿਚ ਬਿਠਾਇਆ ਹੈ, ਪਰ ਕੁਝ ਗੱਲਾਂ ਆਪਣੇ ਕੁਲ ਦੀਆਂ ਚੇਤੇ ਰੱਖੀਂ। ਪਹਿਲੀ ਗੱਲ ਇਹ ਕਿ ਤੂੰ ਗੁਰੂ ਅਰਜਨ ਦੇਵ ਜੀ ਦੀ ਪੋਤੀ ਹੈਂ, ਗੁਰੂ ਰਾਮਦਾਸ ਜੀ ਦੀ ਪੜਪੋਤੀ ਹੈਂ। ਮੀਰੀ ਪੀਰੀ ਦੇ ਦਾਤੇ ਨੇ ਕਿਹਾ ਤੂੰ ਮੇਰੀ ਧੀ ਹੈਂ। ਤੇਰੇ ਪਿਤਾ ਦੇ ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ। ਇਸ ਘਰ ਵਿਚ ਧਨ ਪਦਾਰਥ, ਪ੍ਰਮਾਰਥ ਦੀ ਕੋਈ ਕਮੀ ਨਹੀਂ, ਪਰ ਜਿਸਦਾ ਲੜ ਮੈਂ ਤੈਨੂੰ ਫੜਾਇਆ ਹੈ, ਉਸ ਘਰ ਦੀ ਰੁੱਖੀ ਰੋਟੀ ਵੀ ਮਿਲੇ ਪਰ ਇਸ ਘਰ ਦੀ ਰੋਟੀ ਚੇਤੇ ਕਰਕੇ ਪਤੀ ਦੇ ਘਰ ਦੀ ਰੋਟੀ ਨੂੰ ਨਿੰਦੀਂ ਨਾ! ਇਸ ਰੋਟੀ ਨੂੰ ਖਾਂਦਿਆਂ ਕਦੀ ਪਤੀ ਨੂੰ ਇਹ ਨਾ ਕਹੀਂ ਕਿ ਤੇਰੇ ਘਰ ਵਿਚ ਕੀ ਖਾਣ ਨੂੰ ਮਿਲਿਆ। ਬਾਪ ਦੇ ਘਰ ਵਿਚ ਬਹੁਤ ਕੁਝ ਸੀ। ਅੱਜ ਤੈਨੂੰ ਕੀਮਤੀ ਪੁਸ਼ਾਕ ਦਿੱਤੀ ਹੈ, ਤੈਨੂੰ ਕੀਮਤੀ ਗਹਿਣੇ ਪਹਿਨਾਏ ਹਨ, ਪਰ ਧੀਏ ! ਜੇ ਪਤੀ ਦੇ ਘਰ ਵਿਚ ਕੱਤੇ ਹੋਏ ਸੂਤ ਦੇ ਕੱਪੜੇ ਮਿਲਣ ਤਾਂ, ਉਹਨਾਂ ਬਸਤਰਾਂ ਨੂੰ ਤਨ 'ਤੇ ਪਾਉਣ ਲੱਗਿਆਂ ਕਦੀ ਪਿਤਾ ਦੇ ਘਰ ਦੇ ਬਸਤਰ ਚੇਤੇ ਕਰਕੇ ਪਤੀ ਨੂੰ ਉਲਾਹਮੇ ਨਾ ਦੇਈਂ। ਅੱਜ ਪਿਤਾ ਦੇ ਘਰ ਵਿਚ ਮਖ਼ਮਲੀ ਸੇਜਾਂ ਹਨ, ਪਲੰਘ ਹਨ ਪਰ ਜਦੋਂ ਪਤੀ ਦੇ ਘਰ ਵਿਚ ਜਾਏਂ, ਹੋ ਸਕਦਾ ਹੈ ਪਤੀ ਦੇ ਘਰ ਵਿਚ ਤੈਨੂੰ ਇਕ ਮੰਜੀ ਵਾਣ ਨਾਲ ਉਣੀ ਹੋਈ ਮਿਲੇ, ਪਰ ਆਪਣੇ ਪਿਤਾ ਦੇ ਪਲੰਘਾਂ ਨੂੰ ਚੇਤੇ ਕਰਕੇ ਪਤੀ ਦੇ ਘਰ ਦੀ ਮੰਜੀ ਨੂੰ ਕਦੀ ਨਿੰਦੀਂ ਨਾ। ਜੇ ਪਤੀ ਆਪ ਜ਼ਮੀਨ 'ਤੇ ਪੈਂਦਾ ਹੈ ਤਾਂ ਤੂੰ ਵੀ ਜ਼ਮੀਨ 'ਤੇ ਪਈਂ, ਪਰ ਮੈਨੂੰ ਇਹ ਨਾ ਉਲਾਹਮਾ ਮਿਲੇ ਕਿ ਤੂੰ ਪਤੀ ਦੇ ਘਰ ਦੀਆਂ ਚੀਜ਼ਾਂ ਨੂੰ ਨਿੰਦਣ ਲੱਗ ਪਵੇਂ।

ਮੈਂ ਕਹਿੰਦਾ ਹਾਂ, ਹਰਿਗੋਬਿੰਦ ਸੱਚੇ ਪਾਤਿਸ਼ਾਹ ! ਅੱਜ ਹਰ ਸਿੱਖ ਇਸ ਗੱਲ ਨੂੰ ਆਪਣੀ ਬੱਚੀ ਤੱਕ ਪਹੁੰਚਾ ਸਕੇ, ਜੇ ਤੂੰ ਕ੍ਰਿਪਾ ਕਰਕੇ ਭਾਗ ਚੰਗੇ ਲਿਖੇਂ। ਗੁਰਮਤਿ ਨੇ ਦੋਨੋਂ ਪੱਖ ਰੱਖੇ ਹਨ। ਧੀ ਨੂੰ ਸਮਝਾਇਆ ਜਾਏ ਕਿ ਤੂੰ ਪਤੀ 'ਤੇ ਭਰੋਸਾ ਕਰੀਂ। ਤੂੰ ਕੰਤ ਤੋਂ ਬਿਨਾਂ ਕਿਸੇ ਵੱਲ ਦੇਖੀਂ ਨਾ ਤੇ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ ਕਿ ਜਿਹੜਾ ਕੰਤ ਬਣਿਆ ਹੈ ਉਸਨੂੰ ਵੀ ਇਕ ਗੱਲ ਸਮਝਾ ਦੇਈਂ ਕਿ ਭਲਿਆ ! ਜਿਸ ਬੀਬੀ ਨੇ ਅੱਜ ਤੇਰਾ ਪੱਲਾ ਫੜਿਆ ਹੈ, ਪ੍ਰਮਾਤਮਾ ਨੇ ਇਹ ਸੰਸਾਰ ਖਿੜਿਆ ਹੋਇਆ ਇਕ ਬਗ਼ੀਚਾ ਬਣਾਇਆ ਹੈ। ਇਕ ਫੁੱਲ ਅੱਜ ਤੇਰੇ ਪੱਲੇ ਨਾਲ ਬੰਨ੍ਹ ਦਿੱਤਾ ਹੈ। ਇਸ ਫੁੱਲ ਤੋਂ ਬਿਨਾਂ ਕਿਸੇ ਦੂਜੀ ਟਾਹਣੀ ਨੂੰ ਮੈਲੀ ਨਜ਼ਰ ਨਾਲ ਦੇਖਕੇ ਤੋੜਨ ਦਾ ਯਤਨ ਨਾ ਕਰੀਂ। ਇੰਨੀ ਦੇਰ ਨੂੰ ਬੀਬੀ ਵੀਰੋ ਦੇ ਸਤਿਕਾਰ ਯੋਗ ਮਾਤਾ ਦਮੋਦਰੀ ਜੀ ਆਏ। ਉਹਨਾਂ ਨੇ ਆਪਣੀ ਬੱਚੀ ਨੂੰ ਸੀਨੇ ਨਾਲ ਲਾਇਆ ਤੇ ਇਹ ਭਾਵ-ਪੂਰਕ ਬਚਨ ਕਹੇ- ਸੁਣ ਪੁੱਤਰੀ ! ਪ੍ਰਾਣਾਂ ਤੋਂ ਪਿਆਰੀਏ ਧੀਏ ! ਜਿਹੜੀ ਮੈਂ ਤੈਨੂੰ ਸਿੱਖਿਆ ਦੇਣ ਲੱਗੀ ਹਾਂ, ਇਸ ਨਾਲ ਤੇਰੀ ਉੱਮਰ ਬੜੀ ਸੌਖੀ ਬੀਤੇਗੀ।

*ਸੁਣ ਪੁੱਤਰੀ ਪ੍ਰਾਨਨ ਤੋਂ ਪਿਆਰੀ।*
*ਜਿਸ ਤੇ ਬੈਠ ਦਿਸੇ ਸੋ ਕਾਰੀ।*



*ਪ੍ਰਭਾਤ ਉਠ ਕਰ ਮੰਜਨ ਕਰੀਉ।*
*ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰੀਉ।*
*ਗੁਰਬਾਣੀ ਤੇ ਮੁਖ ਤੇ ਜਰੀਉ।*

ਅੰਮ੍ਰਿਤ ਵੇਲੇ ਉੱਠਕੇ ਗੁਰੂ ਦੀ ਬਾਣੀ ਨੂੰ ਆਪਣੀ ਰਸਨਾ ਤੋਂ ਉੱਚੀ ਉੱਚੀ ਬੋਲ ਕੇ ਪੜ੍ਹੀਂ।

*ਕੁਲ ਕੀ ਬਾਤ ਚਿਤ ਮੇਂ ਧਰਨੀ।*
*ਖੋਟੀ ਸੰਗਤ ਕਬਹੂ ਨਾ ਕਰਨੀ।*

ਆਪਣੇ ਕੁਲ ਦੀ ਗੱਲ ਚੇਤੇ ਰੱਖੀਂ, ਖੋਟੀ ਸੰਗਤ ਨੂੰ ਆਪਣੇ ਕਦੀ ਨੇੜੇ ਨਾ ਹੋਣ ਦੇਈਂ।

ਧੰਨ ਗੁਰੂ ਅਰਜਨ ਸਾਹਿਬ ਜੀ ਨੇ ਪ੍ਰਮਾਤਮਾ ਪਤੀ ਦੀ ਸੁਹਾਗਣ ਦੀ ਪਰਿਭਾਸ਼ਾ ਦਿੰਦਿਆਂ ਆਪਣੇ ਜੀਵਨ 'ਤੇ ਢੁਕਾ ਕੇ ਸ਼ਬਦ ਕਹੇ-

*ਰੂਖੋ ਭੋਜਨੁ ਭੂਮਿ ਸੈਨ॥*

ਰੁੱਖਾ ਭੋਜਨ ਮਿਲ ਜਾਏ।

*ਸਖੀ ਪ੍ਰਿਅ ਸੰਗਿ ਸੂਖ ਬਿਹਾਤ॥*

(ਅੰਗ ੧੩੦੬)

ਭੈਣੇ, ਤਾਂ ਵੀ ਮੇਰੇ ਘਰ ਵਿਚ ਸੁੱਖ ਹੈ। ਰੋਟੀ ਦੇ ਨਾਲ ਮੇਰਾ ਪ੍ਰਮਾਤਮਾ ਪਤੀ ਤਾਂ ਮੇਰੇ ਘਰ ਵਿਚ ਹੈ। ਪ੍ਰਮਾਤਮਾ ਵਾਹਿਗੁਰੂ ਜੀ ਦੀ ਦਿੱਤੀ ਹੋਈ ਦਾਤ ਖਿੜੇ ਮੱਥੇ ਸਵੀਕਾਰ ਕਰਨਾ ਇਹ ਇਕ ਸੁਹਾਗਣ ਦਾ ਚਿੰਨ੍ਹ ਹੈ। ਇਕ ਸੁਹਾਗਣ ਸ਼ਿੰਗਾਰ ਕਰਦੀ ਹੈ ਤੇ ਇਕ ਦੁਹਾਗਣ ਵੀ ਸ਼ਿੰਗਾਰ ਕਰਦੀ ਹੈ। ਦੋਨਾਂ ਦੇ ਸ਼ਿੰਗਾਰ ਵਿਚ ਅੰਤਰ ਹੈ। ਤੁਸੀਂ ਕਹੋਗੇ ਕਿਵੇਂ? ਕੱਪੜੇ ਇਕ ਦੁਕਾਨ ਤੋਂ ਖ਼ਰੀਦੇ। ਹਾਰ-ਸ਼ਿੰਗਾਰ ਦਾ ਸਾਮਾਨ ਇਕ ਦੁਕਾਨ ਤੋਂ ਖ਼ਰੀਦਿਆ। ਸਰੀਰ ਉਹਨਾਂ ਦੇ ਪੰਜਾਂ ਤੱਤਾਂ ਦੇ ਬਣੇ ਹਨ, ਫਿਰ ਦੋਨਾਂ ਵਿਚ ਅੰਤਰ ਕਿਉਂ? ਕੱਪੜੇ ਇਕ ਦੁਕਾਨ ਤੋਂ ਹੋ ਸਕਦੇ ਹਨ, ਤਨ ਨੂੰ ਸ਼ਿੰਗਾਰਨ ਦੀਆਂ ਵਸਤੂਆਂ ਇਕ ਦੁਕਾਨ ਤੋਂ ਹੋ ਸਕਦੀਆਂ ਹਨ, ਪਰ ਜ਼ਮੀਨ ਆਸਮਾਨ ਦਾ ਅੰਤਰ ਇਸ ਕਰਕੇ ਹੈ ਕਿ ਇਕ ਤਨ 'ਤੇ ਪਾਏ ਹੋਏ ਬਸਤਰ ਨਾਲ ਹਰ ਦੂਜੇ ਦਿਨ ਕਿਸੇ ਪਰਾਏ ਮਰਦ ਨੂੰ ਪ੍ਰਸੰਨ ਕਰਨ ਤੁਰਦੀ ਹੈ ਤੇ ਇਕ ਉਹ ਹੈ ਜਿਸਨੇ ਆਪਣੇ ਪਤੀ ਨੂੰ ਰੀਝਾਉਣਾ ਹੈ।

*ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥*

ਸੱਚੇ ਪਾਤਿਸ਼ਾਹ ! ਇਹੋ ਜਿਹੀ ਬਿਰਤੀ ਤੋਂ ਬਚਾਈਂ। ਸੀਲੁ ਦਾ ਅਰਥ ਕਰਾਂਗੇ ਉਹ ਧਰਮ ਜਿਹੜੀ ਇਕ ਸੁਹਾਗਣ ਆਪਣੇ ਪਤੀ ਲਈ ਨਿਭਾਉਂਦੀ ਹੈ। ਕਹਿੰਦੇ ਹਨ, ਉਸਦੇ

ਕੋਲ ਪਤੀ-ਵਰਤਾ ਧਰਮ ਨਹੀਂ, ਉਸਦਾ ਆਪਣੀਆਂ ਇੰਦਰੀਆਂ ਉੱਤੇ ਵੀ ਕਾਬੂ ਨਹੀਂ। ਉਹ ਝੂਠ ਬੋਲਦੀ ਹੈ ਤੇ ਮਨਮੁਖ ਬਿਰਤੀ ਉਸਨੇ ਆਪਣੇ ਅੰਦਰ ਅਖ਼ਤਿਆਰ ਕੀਤੀ ਹੈ।

*ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥*

ਪਰ ਜਿਸਦੇ ਮਸਤਕ ਦੇ ਭਾਗ ਵਾਹਿਗੁਰੂ ਜੀ ਨੇ ਪੂਰਬਿ ਲਿਖ ਦਿੱਤੇ, ਉਸਨੂੰ ਕੌਣ ਮਿਲਿਆ, ਉਹ ਮਨਮੁਖ ਨਹੀਂ, ਉਸਨੂੰ ਸਤਿਗੁਰੂ ਭਤਾਰ ਮਿਲ ਗਿਆ। ਪੂਰਬਲੇ ਲਿਖੇ ਤੋਂ ਬਿਨਾਂ ਸਤਿਗੁਰੂ ਮਿਲਦਾ ਵੀ ਨਹੀਂ।

*ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥*

ਜਿਨ੍ਹਾਂ ਨੂੰ ਪੂਰਬਲੇ ਲਿਖੇ ਕਰਕੇ ਸਤਿਗੁਰੂ ਮਿਲ ਗਿਆ, ਉਹਨਾਂ ਨੇ ਸੂਹਾ ਵੇਸ ਲਾਹ ਦਿੱਤਾ। ਜਿਹੜੀ ਚਮਕ ਦਮਕ ਸੀ, ਪਾਖੰਡ ਸੀ, ਉਹਨਾਂ ਨੇ ਉਸ ਸਾਰੇ ਲਿਬਾਸ ਨੂੰ ਲਾਹ ਦਿੱਤਾ ਤੇ ਕਿਹੜਾ ਲਿਬਾਸ ਪਾ ਲਿਆ, ਆਪਣੇ ਅੰਤਰ ਆਤਮੇ ਖਿਮਾ ਦਾ ਲਿਬਾਸ ਪਾ ਲਿਆ। ਇੱਥੇ ਖਿਮਾ ਦਾ ਅਰਥ ਹੈ ਕਿ ਕਿਸੇ ਕੋਲ ਸ਼ਕਤੀ ਹੋਵੇ ਤਾਂ ਉਸਨੂੰ ਬਖ਼ਸ਼ ਦੇਣਾ।

*ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥*

ਜਿਸ ਗੁਰਮੁਖ ਨੇ ਖਿਮਾ ਦਾ ਸ਼ਿੰਗਾਰ ਪਾ ਲਿਆ, ਨਾਮ ਵਿਚ ਜੁੜ ਗਿਆ ਤਾਂ ਪੇਕੇ ਤੇ ਸਹੁਰੇ ਘਰ ਸ਼ੋਭਾ ਹੁੰਦੀ ਹੈ। ਪੇਕੇ ਦਾ ਅਰਥ ਕਰਾਂਗੇ ਇਹ ਲੋਕ ਤੇ ਸਹੁਰੇ ਘਰ ਦਾ ਅਰਥ ਕਰਾਂਗੇ ਪਰਲੋਕ। ਕਹਿੰਦੇ ਹਨ, ਇਕ ਉਸਨੂੰ ਪੇਕੇ ਤੇ ਸਹੁਰੇ ਘਰ ਵਿਚ ਆਦਰ ਮਿਲਦਾ ਹੈ, ਦੂਜਾ ਉਸਨੂੰ ਸਾਰਾ ਸੰਸਾਰ ਪੂਜਦਾ ਹੈ।

*ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥*

ਜਿਸਨੂੰ ਪਰੀਪੂਰਨ ਪ੍ਰਮਾਤਮਾ ਨੇ ਮਾਣ ਲਿਆ, ਇਸਦਾ ਮਤਲਬ ਜਿਸ ਹਿਰਦੇ ਦੀ ਸੇਜ 'ਤੇ ਵਾਹਿਗੁਰੂ ਜੀ ਬੈਠ ਗਏ, ਉਹ ਕਿਸੇ ਦੀ ਰਲਾਈ ਰਲਦੀ ਨਹੀਂ। ਇਸ ਦਾ ਮਤਲਬ ਕਿ ਉਸ ਦੇ ਸਾਹਮਣੇ ਹਜ਼ਾਰਾਂ ਦੁਨਿਆਵੀ ਗੱਲਾਂ ਆਉਣ, ਹਜ਼ਾਰਾਂ ਵਾਸ਼ਨਾਵਾਂ ਦੀਆਂ ਭਰੀਆਂ ਗੱਲਾਂ ਆਉਣ, ਉਸਦਾ ਜੀਵਨ ਸਭ ਤੋਂ ਵੱਖਰਾ ਹੈ। ਉਹ ਕਿਸੇ ਨਾਲ ਰਲਦੇ ਨਹੀਂ।

*ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥ ੧ ॥*

ਧੰਨ ਗੁਰੂ ਅਮਰਦਾਸ ਜੀ ਮੇਹਰ ਕਰਦੇ ਹਨ ਕਿ ਜਿਸਦਾ ਪਤੀ ਅਵਿਨਾਸੀ ਵਾਹਿਗੁਰੂ ਹੈ, ਉਹ ਸਦਾ ਹੀ ਸੁਹਾਗਣ ਹੈ।

*ਮ: ੧ ॥ ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥*

ਅੱਗੇ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਸਲੋਕ ਆ ਗਿਆ। ਕਹਿਣ ਲੱਗੇ ਕਿ ਦੇਖ ਬੀਬਾ, ਜਿਹੜਾ ਤੂੰ ਸੋਹਣਾ ਰੰਗ ਪਾ ਕੇ ਤੁਰੀ ਹੈਂ, ਰਾਤ ਨੂੰ ਸੁਪਨਾ ਕਦੀ ਦੇਖਿਆ ਹੈ? ਹਾਂ ਸੱਚੇ ਪਾਤਿਸ਼ਾਹ ! ਦੇਖਿਆ ਹੈ। ਕਹਿਣ ਲੱਗੇ ਜਿਹੜੇ ਰਾਤ ਸੁਪਨੇ ਆਉਂਦੇ ਹਨ, ਦਿਨੇ ਸੱਚੇ



ਨਹੀਂ ਹੁੰਦੇ। ਦੇਖ ਭੈਣੇ, ਜਿਸ ਤਨ ਉੱਤੇ ਤੂੰ ਵਾਸ਼ਨਾਵਾਂ ਦਾ ਸ਼ਿੰਗਾਰ ਕਰੀ ਬੈਠੀ ਹੈਂ, ਚੇਤੇ ਰੱਖੀਂ, ਇਹ ਰਾਤ ਦਾ ਸੁਪਨਾ ਹੈ, ਇਸ ਤੋਂ ਵੱਧ ਕੁਝ ਨਹੀਂ। ਭੈਣੇਂ ! ਜਿਵੇਂ ਧਾਗੇ ਤੋਂ ਬਿਨਾਂ ਹਾਰ ਨਹੀਂ ਟਿੱਕਦੇ, ਚੇਤੇ ਰੱਖੀਂ ਇਹ ਦੁਨੀਆਂ ਦੀਆਂ ਵਾਸ਼ਨਾਵਾਂ ਦੇ ਸ਼ਿੰਗਾਰ ਵੀ ਕਦੀ ਨਹੀਂ ਟਿੱਕਦੇ।

*ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥*

ਜਿਹੜਾ ਗੁਰੂ ਜੀ ਦੇ ਸਨਮੁਖ ਹੋ ਕੇ ਬ੍ਰਹਮ ਦੀ ਵੀਚਾਰ ਕਰਦਾ ਹੈ, ਜਿਹੜਾ ਅੰਤਰ ਆਤਮੇ ਪ੍ਰਮਾਤਮਾ ਦੇ ਨਾਮ ਦੇ ਚਿੰਤਨ ਦੀ ਵਿਚਾਰ ਕਰਦਾ ਹੈ, ਉਸ ਨੂੰ ਮਜੀਠ ਦਾ ਪੱਕਾ ਰੰਗ ਪ੍ਰਾਪਤ ਹੁੰਦਾ ਹੈ।

*ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥ ੨ ॥*

ਜਿਹੜੇ ਨਾਮ ਵਿਚ ਭਿੱਜ ਗਏ, ਮਹਾ ਰਸੀ, ਮਹਾਂ ਰੱਸ ਉਸਦੇ ਅੰਤਰ ਆਤਮੇ ਵਿਚ ਆਇਆ। ਜਿੱਥੇ ਨਾਮ ਦਾ ਰੱਸ ਆ ਗਿਆ, ਪ੍ਰਮਾਤਮਾ ਨੇ ਸਾਰੀਆਂ ਬੁਰਿਆਈਆਂ ਸਾੜ ਕੇ ਰਾਖ ਕਰ ਦਿੱਤੀਆਂ।

*ਪਉੜੀ ॥ ਇਹ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਣੁ ॥*

ਪਉੜੀ ਹੈ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਜੀ ਦੀ। ਇਹ ਜਗਤ ਪ੍ਰਮਾਤਮਾ ਨੇ ਆਪ ਪੈਦਾ ਕੀਤਾ ਹੈ। ਜਿਹੜੇ ਉਸਦੇ ਕੌਤਕ ਹਨ, ਉਸਨੇ ਆਪਣੇ ਕੌਤਕਾਂ ਨਾਲ ਹੀ ਬਣਾ ਦਿੱਤਾ।

*ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥*

ਪ੍ਰਮਾਤਮਾ ਨੇ ਕਿਹੋ ਜਿਹੀ ਅਸਚਰਜ ਖੇਡ ਰਚੀ ਹੈ। ਸਰੀਰ ਪੰਜ ਤੱਤਾਂ ਨਾਲ ਬਣਾ ਦਿੱਤਾ ਅਤੇ ਇਸਦੇ ਵਿਚ ਆਪ ਵੀ ਬੈਠ ਗਏ ਤੇ ਦੂਜੇ ਪਾਸੇ ਸਭ ਕੁਝ ਕੂੜਿਆਰ ਇਕੱਠੇ ਕੀਤੇ। ਤੇਰੀ ਇਹ ਅਸਚਰਜ ਖੇਡ ਹੈ।

*ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥*

ਅਗਿਆਨੀ ਮਨਮੁਖ ਬੰਦੇ ਆਉਂਦੇ ਹਨ, ਜਾਂਦੇ ਹਨ, ਜੰਮਦੇ ਹਨ, ਮਰਦੇ ਹਨ।

*ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥*

ਇਕਨਾ ਦਾ ਅਰਥ ਕਰਾਂਗੇ ਕਈ। ਕਈ ਅਜਿਹੇ ਹਨ ਜਿਨ੍ਹਾਂ ਨੂੰ ਗੁਰੂ ਜੀ ਸਨਮੁਖ ਰੱਖਕੇ ਭਜਨ ਬੰਦਗੀ ਦੀ ਦਾਤ ਦੇ ਕੇ ਆਪਣਾ ਆਪ ਸਮਝਾ ਦਿੰਦੇ ਹਨ। ਦਾਤਾ ! ਜਿਨ੍ਹਾਂ 'ਤੇ ਤੂੰ ਮੇਹਰ ਕਰੇਂ, ਉਹਨਾਂ ਨੂੰ ਅੰਦਰ ਦੀ ਸੋਝੀ ਬਖ਼ਸ਼ਦਾ ਹੈਂ। ਅਖ਼ੀਰ 'ਤੇ ਧੰਨ ਗੁਰੂ ਅਮਰਦਾਸ ਪਾਤਿਸ਼ਾਹ ਨੇ ਜਿਨ੍ਹਾਂ 'ਤੇ ਮੇਹਰ ਕੀਤੀ, ਉਹਨਾਂ ਨੂੰ ਦਾਤ ਕੀ ਬਖ਼ਸ਼ੀ?

*ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥ ੪ ॥*

ਵਾਹਿਗੁਰੂ ਜੀ ਨੇ ਤਰੁੱਠ ਕੇ ਉਹਨਾਂ ਨੂੰ ਭਗਤੀ ਦਾ ਖ਼ਜ਼ਾਨਾ ਬਖ਼ਸ਼ ਦਿੱਤਾ, ਸਿਮਰਨ ਦੇ ਖ਼ਜ਼ਾਨੇ ਬਖ਼ਸ਼ ਦਿੱਤੇ। ਇਹ ਖ਼ਜ਼ਾਨਾ ਅਜਿਹਾ ਹੈ, ਜਿਸ ਵਿਚ ਘਾਟਾ ਨਹੀਂ। ਸਤਿਗੁਰੂ ਕ੍ਰਿਪਾ ਕਰਨ, ਅਸੀਂ ਬਾਣੀ ਨਾਲ ਜੁੜੀਏ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★